Space for Advertisement

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 35
December 6, 2023

Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਨੂੰ ਉਹਨਾਂ ਦੇ 67ਵੇਂ ਪ੍ਰੀਨਿਰਵਾਣ ਦਿਵਸ 'ਤੇ ਨਿਮਰਤਾ ਸਹਿਤ ਸ਼ਰਧਾਂਜਲੀ ਭੇਟ ਕਰਦਾ ਹੈ।

## ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੋਨੀਆ ਗਾਂਧੀ ਨੇ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ







**ਨਵੀਂ ਦਿੱਲੀ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਉਹ ਨਾ ਸਿਰਫ ਸੰਵਿਧਾਨ ਦੇ ਨਿਰਮਾਤਾ ਸਨ, ਸਗੋਂ ਉਨ੍ਹਾਂ ਲੋਕ ਭਲਾਈ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਸੀ। ਇਸ ਦੌਰਾਨ ਸੰਸਦ ਭਵਨ ਅਹਾਤੇ 'ਚ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਸ੍ਰੀ ਮੋਦੀ ਤੋਂ ਇਲਾਵਾ ਕਾਂਗਰਸ ਨੇਤਾ ਸੋਨੀਆ ਗਾਂਧੀ ਤੇ ਹੋਰ ਕਈ ਨੇਤਾਵਾਂ ਨੇ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਡਾ. ਅੰਬੇਡਕਰ ਨੂੰ ਉਨ੍ਹਾਂ ਦੇ 67ਵੇਂ 'ਪਰਿਨਿਰਵਾਣ ਦਿਵਸ' 'ਤੇ ਸ਼ਰਧਾਂਜਲੀ ਭੇਂਟ ਕਰਦਿਆਂ ਮਾਇਆਵਤੀ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਦੇਸ਼ ਦੇ ਮਾਨਵਤਾਵਾਦੀ ਅਤੇ ਸਮਾਨਤਾਵਾਦੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਅੱਜ ਉਨ੍ਹਾਂ ਦੇ 'ਪਰਿਨਿਰਵਾਨ ਦਿਵਸ' 'ਤੇ ਸ਼ਰਧਾਂਜਲੀ ਭੇਂਟ ਕਰਦੀ ਹਾਂ। ਬਸਪਾ ਪ੍ਰਧਾਨ ਮਾਇਆਵਤੀ ਨੇ ਕੇਂਦਰ ਸਰਕਾਰ ਦੀ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' 'ਤੇ ਵਿਅੰਗ ਕਰਦਿਆਂ ਕਿਹਾ ਕਿ ਦੇਸ਼ ਦੇ 81 ਕਰੋੜ ਤੋਂ ਵੱਧ ਲੋਕਾਂ ਨੂੰ ਸਰਕਾਰੀ ਅਨਾਜ 'ਤੇ 'ਨਿਰਭਰ' ਬਣਾਉਣਾ ਨਾ ਤਾਂ ਆਜ਼ਾਦੀ ਤੋਂ ਬਾਅਦ ਦਾ ਸੁਫ਼ਨਾ ਸੀ ਅਤੇ ਨਾ ਹੀ ਸੰਵਿਧਾਨ ਬਣਾਉਂਦੇ ਸਮੇਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਸੋਚਿਆ ਸੀ।

## ਐਮ. ਪੀ. ਤੋਂ ਵਿਧਾਇਕ ਬਣ ਭਾਜਪਾ ਦੇ 10 ਸੰਸਦ ਮੈਂਬਰਾਂ ਨੇ ਅਸਤੀਫ਼ੇ ਦਿੱਤੇ

**ਨਵੀਂ ਦਿੱਲੀ (ਬਿਊਰੋ)–** ਹਾਲ ਦੀਆਂ ਚੋਣਾਂ ਵਿੱਚ ਵਿਧਾਨ ਸਭਾਵਾਂ ਲਈ ਚੁਣੇ ਗਏ ਭਾਜਪਾ ਦੇ 12 ਸੰਸਦ ਮੈਂਬਰਾਂ ਵਿੱਚੋਂ 10 ਨੇ ਅੱਜ ਸੰਸਦ ਤੋਂ ਅਸਤੀਫਾ ਦੇ ਦਿੱਤਾ ਅਤੇ ਦੋ ਹੋਰ ਸੰਸਦ ਮੈਂਬਰਾਂ ਵੀ ਅਸਤੀਫਾ ਦੇਣਗੇ। ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ 10 ਸੰਸਦ ਮੈਂਬਰਾਂ ਨੇ ਅਸਤੀਫ਼ੇ ਦਿੱਤੇ ਹਨ, ਉਨ੍ਹਾਂ ਵਿੱਚ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਪ੍ਰਹਿਲਾਦ ਪਟੇਲ ਸਮੇਤ ਨੌਂ ਲੋਕ ਸਭਾ ਮੈਂਬਰ ਅਤੇ ਇੱਕ ਰਾਜ ਸਭਾ ਮੈਂਬਰ ਸ਼ਾਮਲ ਹਨ। ਸੂਤਰਾਂ ਨੇ ਦੱਸਿਆ ਕਿ ਦੋ ਹੋਰ ਸੰਸਦ ਮੈਂਬਰ ਕੇਂਦਰੀ ਮੰਤਰੀ ਰੇਣੂਕਾ ਸਿੰਘ ਅਤੇ ਮਹੰਤ ਬਾਲਕਨਾਥ ਵੀ ਲੋਕ ਸਭਾ ਤੋਂ ਅਸਤੀਫਾ ਦੇਣਗੇ। ਇਹ ਕਦਮ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਨਵੇਂ ਮੁੱਖ ਮੰਤਰੀਆਂ ਦੀ ਚੋਣ ਲਈ ਪਾਰਟੀ ਲੀਡਰਸ਼ਿਪ ਦੀ ਪ੍ਰਕਿਰਿਆ ਦਾ ਹਿੱਸਾ ਹੈ। ਅਸਤੀਫਾ ਦੇਣ ਵਾਲੇ ਹੋਰ ਸੰਸਦ ਮੈਂਬਰਾਂ ਵਿੱਚ ਦੀਆ ਕੁਮਾਰੀ, ਰਾਜਵਰਧਨ ਸਿੰਘ ਰਾਠੌਰ ਅਤੇ ਰਾਕੇਸ਼ ਸਿੰਘ ਸ਼ਾਮਲ ਹਨ।



## ਟਰੰਪ ਮੈਦਾਨ 'ਚ ਹੋਣ ਕਾਰਨ ਮੈਂ ਵੀ ਮੁੜ ਚੋਣ ਲੜ ਰਿਹਾਂ ਹਾਂ- ਬਾਇਡਨ



**ਬੋਸਟਨ (ਅਮਰੀਕਾ)–** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਅੱਜ ਚੋਣ ਮੁਹਿੰਮ ਦੇ ਦਾਨੀਆਂ ਨੂੰ ਕਿਹਾ ਕਿ ਜੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਨਾ ਹੁੰਦੇ ਤਾਂ ਸ਼ਾਇਦ ਉਹ ਦੁਬਾਰਾ ਇਸ ਅਹੁਦੇ ਲਈ ਚੋਣ ਨਾ ਲੜਦੇ। ਯਕੀਨੀ ਤੌਰ 'ਤੇ ਅਸੀਂ ਉਸ ਨੂੰ ਜਿੱਤਣ ਨਹੀਂ ਦੇ ਸਕਦੇ। ਉਨ੍ਹਾਂ ਚਿਤਾਵਨੀ ਦਿੱਤੀ ਕਿ '2024 ਵਿੱਚ ਲੋਕਤੰਤਰ ਵਧੇਰੇ ਖ਼ਤਰੇ ਵਿੱਚ ਹੈ' ਅਤੇ ਟਰੰਪ ਅਤੇ ਉਸ ਦੇ ਸਹਿਯੋਗੀ ਲੋਕਤੰਤਰੀ ਸੰਸਥਾਵਾਂ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ। ਰਾਸ਼ਟਰਪਤੀ ਨੇ ਫੰਡ ਇਕੱਠਾ ਕਰਨ ਵਾਲੇ ਸਮਾਗਮ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਸਾਬਕਾ ਰਾਸ਼ਟਰਪਤੀ ਨੇ ਮੁੜ ਵ੍ਹਾਈਟ ਹਾਊਸ 'ਤੇ ਕੰਟਰੋਲ ਦਾ ਦਾਅਵਾ ਕੀਤਾ ਤਾਂ ਕੀ ਹੋ ਸਕਦਾ ਹੈ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਦਸੰਬਰ ਮਹੀਨੇ ਦੇ ਪ੍ਰੋਗਰਾਮ

**December 31, 2023**

**Akhand Path Sewa by Bains Family**

Bains family will host Akhand path and Langar Sewa. Akhand Path will start on Friday, December 29, 2023 at 10:00 AM and will conclude with Bhog ceremony on Sunday morning December, 31, 2023. May Guru Sahib keep Bains family in Chardikala.

**December 31, 2023**

**Rain Sabai New Year's Celebration**

We will be celebrating New Year's Eve at Gurughar in welcoming the New Year 2024. Let us start the New Year with a prayer for love, happiness and prosperity of our Sangat.

**For STALLS or any SEWA, please contact :**
**President Vinod Kumar at (408) 718-2506 or Chairman Ramesh Suman at (925) 366-3618**

## Sangat Sewadars

www.sriguru："ravidasstemple.com

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita K Singh |
| (925) 366 3618 | (408) 718-2506 | (415) 424 9860 | (415) 233-3319 |




# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702


20% OFF LABOUR on your next qualifying service


Car Care You Can Trust

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਪਿਟਸਬਰਗ (ਸੈਕਰਾਮੈਂਟੋ)-** ਸ੍ਰੀ ਗੁਰੂ ਰਵਿਦਾਸ ਸਭਾ ਟੈਂਪਲ (ਪਿਟਸ-ਬਰਗ) ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਸ੍ਰੀ ਵਰਿੰਦਰ ਕੁਮਾਰ ਜੀ ਸੁਧੀਰ ਪਰਿਵਾਰ ਵੱਲੋਂ ਅਤੇ ਪਿਟਸਬਰਗ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਮਿਤੀ 1 ਦਸੰਬਰ, ਦਿਨ ਸ਼ੁੱਕਰਵਾਰ ਨੂੰ 10.30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਅਤੇ ਦੂਸਰੇ ਦਿਨ 2 ਦਸੰਬਰ ਦਿਨ ਸ਼ਨੀਵਾਰ ਨੂੰ 11.30 ਵਜੇ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਗਈ। 3 ਦਸੰਬਰ ਦਿਨ ਐਤਵਾਰ 10.30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਜਥੇ ਭਾਈ ਬਲਵਿੰਦਰ ਸਿੰਘ ਜੀ ਨੇ ਸ਼ਬਦ ਗਾਇਨ/ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਭਾਈ ਸੁਬੇਗ ਸਿੰਘ ਜੀ ਨੇ ਗੁਰ ਇਤਿਹਾਸ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਤਿੰਨੇ ਦਿਨ ਸ੍ਰੀ ਸੁਧੀਰ ਕੁਮਾਰ ਪਰਿਵਾਰ ਵੱਲੋਂ ਲੰਗਰ ਅਤੁੱਟ ਵਰਤਾਇਆ ਗਿਆ। ਦੀਵਾਨ ਦੀ ਸਮਾਪਤੀ ਤੋਂ ਉਪਰੰਤ ਦੂਰੋਂ-ਨੇੜਿਉਂ ਆਈਆਂ ਸੰਗਤਾਂ ਦਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਜੀ ਨੇ ਧੰਨਵਾਦ ਕੀਤਾ।















# ਪੀਸੀਏ ਦੇ ਉੱਦਮ ਸਦਕਾ ਸਹਾਇਤਾ ਲਈ ਹੋਏ ਫੰਡ ਰੇਜ ਨੂੰ ਫਰਿਜਨੋ ਵਿਖੇ ਵੱਡਾ ਹੁੰਗਾਰਾ





**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ "ਸਹਾਇਤਾ" ਸੰਸਥਾ ਵੱਲੋਂ ਦੀਨ ਦੁਖੀਆਂ ਦੀ ਮੱਦਦ ਲਈ ਪੰਜਾਬ ਭਰ ਵਿੱਚ ਉਪਰਾਲੇ ਵਿੱਢੇ ਗਏ ਹਨ। ਆਪਣੇਂ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀਂ ਸੱਜਣਾ ਤੱਕ ਪਹੁੰਚ ਬਣਾਉਣ ਲਈ ਪੂਰੇ ਕੈਲੇਫੋਰਨੀਆਂ ਵਿੱਚ ਫੰਡ ਰੇਜ ਕਰ ਰਹੇ ਹਨ। ਇਸੇ ਕੜੀ ਤਹਿਤ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਉੱਦਮ ਸਦਕਾ ਸੈਂਟਰਲਵੈਲੀ ਦੇ ਸੋਹਣੇ ਸ਼ਹਿਰ ਫਰਿਜ਼ਨੋ ਦੇ ਇੰਡੀਆ ਕਬਾਬ ਪੈਲਿਸ ਰੈਸਟੋਰਿੰਟ ਵਿੱਚ 'ਸਹਾਇਤਾ ਨਾਈਟ' ਪ੍ਰੋਗ੍ਰਾਮ ਹੋਇਆ, ਜਿੱਥੇ ਵੱਡੀ ਗਿਣਤੀ ਵਿੱਚ ਦਾਂਨੀ ਸੱਜਣਾਂ ਨੇ ਪਹੁੰਚਕੇ ਦਸਵੰਧ ਕੱਢਿਆ। ਮਨੁੱਖਤਾ ਦੀ ਸੇਵਾ ਨੂੰ ਸਮਰਪਿਤ "ਸਹਾਇਤਾ" ਸੰਸਥਾ 2005 ਤੋਂ ਦੀਨ ਦੁਖੀਆਂ ਦੀ ਮੱਦਦ ਲਈ ਹਰ ਟਾਈਮ ਹਾਜਿਰ ਰਹਿੰਦੀ ਹੈ। ਆਪਣੇਂ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀਂ ਸੱਜਣਾ ਤੇ ਨਿਰਭਰ ਕਰਦੇ ਹਨ।ਪਿਛਲੇ 6 ਸਾਲ ਤੋ ਲਗਤਾਰ ਪੰਜਾਬੀ ਕਲਚਰਲ ਐਸੋਸੀਏਸ਼ਨ (ਫਛਓ) ਫਰਿਜ਼ਨੋ ਏਰੀਏ ਵਿੱਚ ਸਹਾਇਤਾ



ਸੰਸਥਾ ਲਈ ਸਲਾਨਾਂ ਫੰਡ ਰੇਜ਼ ਕਰਦੀ ਆ ਰਹੀ ਹੈ। ਇਥੇ ਇਹ ਵੀ ਜਿਕਰਯੋਗ ਹੈ ਕਿ ਸਹਾਇਤਾ ਪੰਜਾਬ ਦੇ ਨਾਲ ਨਾਲ ਰਾਜਸਥਾਨ ਅਲਵਰ ਦੇ ਸ਼ਿਗਲੀਗਰ ਪਰਿਵਾਰਾ ਲਈ ਵੀ ਮੱਦਦ ਕਰ ਰਹੀ ਹੈ। ਹਿਮਾਚਲ ਪ੍ਰੇਦਸ ਤੋ ਲੈਕੇ ਦਿੱਲੀ ਦੇ ਸਲੱਮ ਸਕੂਲਾਂ ਵੱਲ ਵੀ ਧਿਆਨ ਦੇ ਰਹੀ ਹੈ। ਅਮਰੀਕਾ ਕਨੇਡਾ ਵਿੱਚ ਓਵਰਡੋਜ਼ ਨਾਲ ਹੁੰਦੀਆਂ ਮੌਤਾਂ ਅਤੇ ਮੈਂਟਲ ਹਿਲਥ ਆਦਿ ਪ੍ਰਾਬਲਮਾਂ ਸਬੰਧੀ ਲੋਕਾਂ ਨੂੰ ਜਾਗੁਰਕ ਕਰਨ ਲਈ ਵੀ ਕੈਂਪ ਲਾਉਂਦੀ ਆ ਰਹੀ ਹੈ। ਫਰਿਜਨੋ ਵਾਲੇ ਪ੍ਰੋਗ੍ਰਾਮ ਵਿੱਚ ਪੀਸੀਏ ਮੈਂਬਰ ਮਿੱਕੀ ਸਰਾਂ ਨੇ ਵੀ ਉਚੇਚੇ ਤੌਰ ਤੇ ਬੇ-ਏਰੀਏ ਤੋ ਚੱਲਕੇ ਹਾਜ਼ਰੀ ਭਰੀ। ਪੀਸੀਏ ਮੈਂਬਰਾਂ ਨੇ ਰੰਗਾ ਰੰਗ ਪ੍ਰੋਗ੍ਰਾਮ ਵੀ ਪੇਸ਼ ਕੀਤਾ। ਅੰਮ੍ਰਿਤ ਧਾਲੀਵਾਲ ਨੇ ਸਹਾਇਤਾ ਵੱਲੋ ਚਲਾਏ ਜਾ ਰਹੇ ਲੋਕਲ ਕੰਮਾਂ ਕਾਰਾਂ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ ਗਿਆ। ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ ਤੇ ਇੱਕ ਕਵਿੱਤਾ ਨਾਲ ਹਾਜ਼ਰੀ ਲਵਾਈ। ਡਾਕਟਰ ਹਰਕੇਸ਼ ਸੰਧੂ ਦੀ ਜੁਬਾਨੀ ਸਹਾਇਤਾ ਵੱਲੋ ਕੀਤੇ ਜਾ ਰਹੇ ਕਾਰਜਾਂ ਦੀ ਦਾਸਤਾਨ ਸੁਣਕੇ ਹਰ ਅੱਖ ਨੰਮ ਹੋ ਗਈ। ਗਾਇਕ ਪੱਪੀ ਭਦੌੜ ਅਤੇ ਗੋਗੀ ਸੰਧੂ ਨੇ ਆਪਣੀ ਮਿਆਰੀ ਗਾਇਕੀ ਰਾਹੀ ਚੰਗਾ ਸਮਾਂ ਬੰਨਿਆ।

ਛੋਟੀਆਂ ਬੱਚੀਆਂ ਸਿਮਰਨ ਤੇ ਅੰਮ੍ਰਿਤ ਦੇ ਭੰਗੜੇ ਨੇ ਪੂਰੇ ਪੰਡਾਲ ਨੂੰ ਤਾੜੀਆਂ ਨਾਲ ਗੂੰਜਣ ਲਾ ਦਿੱਤਾ। ਇਸ ਮੌਕੇ ਪੀਸੀਏ ਵੱਲੋਂ ਸਿਮਰਨ, ਅੰਮ੍ਰਿਤ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਸਨਮਾਨਿਤ ਕੀਤਾ ਗਿਆ। ਪੀਸੀਏ ਵੱਲੋਂ ਪੱਤਰਕਾਰ ਨੀਟਾ ਮਾਛੀਕੇ, ਗਾਇਕ ਪੱਪੀ ਭਦੌੜ ਅਤੇ ਗਾਇਕ ਗੋਗੀ ਸੰਧੂ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨ ਚਿੰਨ ਦੇਕੇ ਨਿਵਾਜਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਦਾਨੀ ਸੱਜਣਾਂ ਦਾ ਪੀਸੀਏ ਵੱਲੋ ਧੰਨਵਾਦ ਕੀਤਾ ਗਿਆ। ਅੰਤ ਇੰਡੀਆ ਕਬਾਬ ਦੇ ਸੁਆਦਿਸ਼ਟ ਖਾਣ ਨਾਲ ਇਹ ਪ੍ਰੋਗ੍ਰਾਮ ਅਮਿੱਟ ਪੈੜ੍ਹਾ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਬੇਕਰਸਫੀਲਡ ਵਿੱਚ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦਾ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ

**ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

2 ਦਸੰਬਰ ਨੂੰ ਬੇਕਰਸਫੀਲਡ ਨਿਊ ਤਾਜ਼ ਪੈਲਿਸ ਵਿੱਚ ਪ੍ਰਸਿੱਧ ਰਇਐਲਟਰ ਜਤਿੰਦਰ ਸਿੰਘ ਤੂਰ, ਗੋਪੀ ਤੂਰ, ਗੁਰਤੇਜ ਖੋਸਾ, ਗੁਰਮੀਤ ਤੂਰ, ਜਰਨੈਲ ਸਿੰਘ ਬਰਾੜ ਅਤੇ ਉਹਨਾਂ ਦੇ ਸੱਜਣਾਂ ਮਿੱਤਰਾਂ ਵੱਲੋਂ ਪ੍ਰਸਿੱਧ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦਾ ਪ੍ਰੋਗਰਾਮ ਰੱਖਿਆ ਗਿਆ ਜੋ ਯਾਦਗਾਰੀ ਹੋ ਨਿੱਬੜਿਆ। ਮਹਿਫ਼ਲ ਦੀ ਸ਼ੁਰੂਆਤ ਆਪਣੇ ਵਿਚਾਰਾਂ ਨਾਲ ਜਤਿੰਦਰ ਸਿੰਘ ਤੂਰ ਵੱਲੋਂ ਕੀਤੀ ਗਈ ਉਹਨਾਂ ਨੇ ਆਏ ਹੋਏ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।ਰਾਤ ਦੇਰ ਤੱਕ ਚੱਲੀ ਸ਼ਇਰੋ ਸ਼ਾਇਰੀ ਦੀ ਮਹਿਫ਼ਲ ਵਿੱਚ ਪੱਪੀ ਭਦੌੜ, ਗੋਗੀ ਸੰਧੂ, ਜਰਨੈਲ ਘੋਲੀਆ, ਸੰਨੀ ਬੱਬਰ,ਅਤੇ ਹੋਰ ਗਾਇਕਾਂ ਅਤੇ



ਲੇਖਕਾਂ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ। ਮਹਿਫ਼ਲ ਤੋਂ ਬਾਅਦ "ਪਿੰਡ ਦਾ ਗੇੜਾ" ਕਿਤਾਬ ਵੀ ਰੂਬਰੂ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਬੇਕਰਸ ਫੀਲਡ ਦੀਆਂ ਉੱਘੀਆਂ ਹਸਤੀਆਂ ਨੇ ਹਿੱਸਾ ਲਿਆ। ਜਿਹਨਾਂ ਵਿੱਚ ਜਤਿੰਦਰ ਸਿੰਘ ਤੂਰ, ਗੋਪੀ ਤੂਰ, ਗੁਰਮੀਤ ਸਿੰਘ ਤੂਰ, ਗੁਰਤੇਜ ਸਿੰਘ ਖੋਸਾ, ਜਰਨੈਲ ਸਿੰਘ ਬਰਾੜ, ਜਰਨੈਲ ਸਿੰਘ ਘੋਲੀਆ, ਕਰਨਲ ਨਵਤੇਜ ਸਿੰਘ ਨਿੱਝਰ, ਇੰਦਰਜੀਤ ਸਿੰਘ ਨਾਗਰਾ, ਰਾਜ ਧਾਲੀਵਾਲ, ਗੁਰਪ੍ਰੀਤ ਸਿੰਘ ਤੂਰ, ਸੋਨੀ ਬੁੱਟਰ, ਜਗਮੀਤ ਬਰਾੜ, ਕੁਲਵੰਤ ਸੁੰਨੜ, ਸਨੀ ਬੱਬਰ, ਜਗਤਾਰ ਸਿੰਘ ਨੰਬਰਦਾਰ, ਪੱਪੀ ਭਦੌੜ, ਗੋਗੀ ਸੰਧੂ ਅਤੇ ਬੇਕਰਸਫੀਲਡ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376





ਸਿੱਖ ਵਿਦਵਾਨ ਭਾਈ ਅਮਰਜੀਤ ਸਿੰਘ ਨੂੰ ਅੱਜ ਦੀ ਹਫਤਾਵਾਰੀ ਮੀਟਿੰਗ ਵਿੱਚ ਹਰਜੀਤ ਸਿੰਘ ਔਜਲਾ, ਮੀਤ ਪ੍ਰਧਾਨ ਅਤੇ ਸੁਖਚੈਨ ਸਿੰਘ ਚੇਅਰਮੈਨ ਸਮੇਤ ਰੇਸ਼ਮ ਸਿੰਘ ਸਾਡੇ ਮੈਂਬਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਪ੍ਰਵਚਨ ਕਰਨ ਉਪਰੰਤ ਸਨਮਾਨਿਤ ਕੀਤਾ ਗਿਆ। **ਸਰੋਤ: ਸੁਖਚੈਨ ਸਿੰਘ**




"ਅਸੀਂ ਹੁਣੇ ਹੀ ਨਸ਼ੇ ਦੀ ਲਤ ਲਈ ਓਟਾਵਾ ਵਿੱਚ ਨੌਜਵਾਨ ਮੁੜ ਵਸੇਬਾ ਕੇਂਦਰ ਦਾ ਸਮਰਥਨ ਕੀਤਾ ਹੈ।" ਓਟਵਾ ਕੈਨੇਡਾ ਵਿੱਚ ਸੁਖਚੈਨ ਸਿੰਘ ਪੁੱਤਰ ਗੋਲਡੀ ਸਿੰਘ ਨੇ ਇਸ ਮੁੜ ਵਸੇਬਾ ਕੇਂਦਰ ਨੂੰ ਸਾਂਝਾ ਕੀਤਾ। ਉਹ ਕੇਂਦਰ ਦੀ ਆਰਥਿਕ ਮਦਦ ਕਰੇਗਾ। **ਸਰੋਤ: ਸੁਖਚੈਨ ਸਿੰਘ**

# ਜੀ. ਐਚ. ਜੀ. ਅਕੈਡਮੀ ਦੀ ਭੰਗੜਾ ਟੀਮ ਨੇ ਬ੍ਰੂਸਟਨ ਭੰਗੜਾ ਮੁਕਾਬਲੇ ਵਿੱਚ ਪ੍ਰਾਪਤ ਕੀਤਾ ਪਹਿਲਾ ਸਥਾਨ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਜਿੱਥੇ ਪਿੱਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੀ. ਐਚ. ਜੀ. ਅਕੈਡਮੀ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਸਲਾਘਾਯੋਗ ਉਪਰਾਲੇ ਕਰ ਰਹੀ ਹੈ। ਇੰਨ੍ਹਾਂ ਦੀ ਸਮੁੱਚੀ ਟੀਮ ਦੇ ਯਤਨਾਂ ਸਦਕਾ ਬੱਚਿਆਂ ਲਈ ਸਲਾਨਾ ਸਿਖਲਾਈ ਕੈਂਪ ਅਤੇ ਅੰਤਰ-ਰਾਸ਼ਟਰੀ ਭੰਗੜਾ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਜਿੱਥੇ ਹਜ਼ਾਰਾਂ ਬੱਚੇ ਵਿਦੇਸ਼ਾਂ ਵਿੱਚ ਰਹਿੰਦਿਆਂ ਵੀ ਆਪਣੇ ਮਾਣ-ਮੱਤੇ ਸੱਭਿਆਚਾਰ ਨਾਲ ਜੁੜਦੇ ਹਨ। ਇਸੇ ਲੜੀ ਤਹਿਤ ਅਮਰੀਕਾ ਦੇ ਸ਼ਹਿਰ ਬ੍ਰੂਸਟਨ ਵਿਖੇ ਉੱਥੋਂ ਦੇ ਸਥਾਨਿਕ ਪ੍ਰਬੰਧਕਾਂ ਵੱਲੋਂ ਕਰਵਾਏ ਗਏ "ਬ੍ਰੂਸਟਨ ਭੰਗੜਾ ਮੁਕਾਬਲੇ" ਵਿੱਚ ਹਿੱਸਾ ਲੈਣ ਪਹੁੰਚੀ ਜੀ. ਐਚ. ਜੀ. ਅਕੈਡਮੀ ਫਰਿਜ਼ਨੋ, ਕੈਲੇਫੋਰਨੀਆਂ ਦੀ ਟੀਮ "ਚੜਦੀ ਜਵਾਨੀ" ਨੇ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਇਸ ਮੁਕਾਬਲੇ ਸੰਬੰਧੀ ਲਿਖਤੀ ਰੂਪ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਫਰਿਜ਼ਨੋ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੇਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਅੰਤਰ-ਰਾਸ਼ਟਰੀ ਪੱਧਰ 'ਤੇ ਕਨੇਡਾ ਅਤੇ ਅਮਰੀਕਾ ਵਿੱਚੋਂ 200 ਤੋਂ ਵੱਧ ਵਿਦਿਆਰਥੀ ਸਾਮਲ ਸਨ। ਜਿੰਨ੍ਹਾਂ ਨੇ ਬਹੁਤ ਜੋਸ਼ ਅਤੇ ਖੂਬਸੂਰਤੀ ਨਾਲ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਰ ਟੀਮ ਦੀ ਪੇਸ਼ਕਾਰੀ ਬਾ-ਕਮਾਲ ਅਤੇ ਦੇਖਣਯੋਗ ਸੀ। ਇਉਂ ਲੱਗ ਰਿਹਾ ਸੀ ਜਿਵੇਂ ਕਿ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿੱਚ ਯੂਥ ਫਿਸ਼ਟੀਵਲ ਚੱਲ ਰਿਹਾ ਹੋਵੇ। ਦਰਸ਼ਕਾਂ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਸਾਰੀਆਂ ਟੀਮਾਂ ਥੋੜੇ-ਥੋੜੇ ਫ਼ਰਕ ਨਾਲ ਅੱਗੇ-ਪਿੱਛੇ ਰਹੀਆਂ। ਜਦ ਵਧੀਆਂ ਪੇਸ਼ਕਾਰੀ ਕਰਕੇ ਇਸ ਮੁਕਾਬਲੇ ਦੀ ਜਿੱਤ ਵਿੱਚ ਪਹਿਲੇ ਸਥਾਨ ਦੀ ਟਰਾਫੀ ਜੀ। ਐਚ। ਜੀ। ਅਕੈਡਮੀ ਫਰਿਜ਼ਨੋ ਦੇ ਗੱਭਰੂਆਂ ਨੂੰ ਪ੍ਰਾਪਤ ਹੋਈ।



ਇੰਨ੍ਹਾਂ ਭੰਗੜਾ ਮੁਕਾਬਲਿਆਂ ਨੂੰ ਕਰਵਾਉਣ ਵਿੱਚ ਜਿੱਥੇ ਬ੍ਰੂਸਟਨ ਦੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ, ਉੱਥੇ ਫਰਿਜ਼ਨੋ ਦੀ ਟੀਮ ਦੀ ਸਲਾਘਾਯੋਗ ਪੇਸ਼ਕਾਰੀ ਅਤੇ ਪਹਿਲੇ ਸਥਾਨ ਦੀ ਪੇਸ਼ਕਾਰੀ ਨੇ ਜੀ. ਐਚ. ਜੀ. ਅਕੈਡਮੀਂ ਦਾ ਬਹੁਤ ਮਾਣ ਵਧਾਇਆ। ਯਾਦ ਰਹੇ ਕਿ ਇਹ ਜੀਐਚਜੀ ਅਕੈਡਮੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਹੋਰ ਜਾਣਕਾਰੀ ਵਧਾਉਣ ਲਈ ਵੀ ਸੈਮੀਨਾਰ ਕਰਵਾਉਂਦੀ ਰਹਿੰਦੀ ਹੈ। ਇਹ ਸਾਰੇ ਕਾਰਜ਼ ਮੁਫਤ ਵਿੱਚ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ। ਬ੍ਰੂਸਟਨ ਭੰਗੜਾ ਮੁਕਾਬਲੇ ਦੇ ਪਹਿਲੇ ਸਥਾਨ ਦੀ ਜਿੱਤ ਲਈ ਜੀ।ਐਚ।ਜੀ। ਅਕੈਡਮੀਂ ਦੇ ਸਾਰੇ ਬੱਚੇ, ਪ੍ਰਬੰਧਕ ਅਤੇ ਮਾਪੇ ਵੀ ਵਧਾਈ ਦੇ ਪਾਤਰ ਹਨ। ਜੋ ਸਾਰਾ ਸਾਰਾ ਸਾਲ ਆਪਣੇ ਸੱਭਿਆਚਾਰ ਨੂੰ ਵਿਦੇਸ਼ਾ ਵਿੱਚ ਪ੍ਰਫੁੱਲਤ ਕਰਨ ਵਿੱਚ ਉਪਰਾਲੇ ਕਰਦੇ ਰਹਿੰਦੇ ਹਨ।






ਸਰਕਾਰੀ ਕੰਨਿਆ ਹਾਈ ਸਕੂਲ ਲੋਹੀਆ ਖ਼ਾਸ (ਜਲੰਧਰ) ਵਿਖੇ ਮਾਸਟਰ ਸੰਤੋਖ ਸਿੰਘ ਗਿੱਲ ਤੇ ਪਰਿਵਾਰ (ਯੂ ਐਸ ਏ) ਵੱਲੋਂ 40 ਬੱਚਿਆਂ ਨੂੰ ਵਰਦੀਆਂ ਤੇ ਜਰਸੀਆਂ ਵੰਡੀਆਂ ਗਈਆਂ। ਵੰਡਣ ਦੀ ਜ਼ੁੰਮੇਵਾਰੀ ਜਸਵੀਰ ਸਿੰਘ ਜਲਾਲਪੁਰੀ ਤੇ ਮਨਜੀਤ ਸਿੰਘ ਐਮ ਸੀ ਲੋਹੀਆ ਵੱਲੋਂ ਨਿਭਾਈ ਗਈ। **ਸਰੋਤ: ਸੰਤੋਖ ਗਿੱਲ**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਹਾਲੀਆ ਚੋਣਾਂ ਦੇ ਸਬਕ

ਭਾਰਤ ਦੇ 5 ਸੂਬਿਆਂ, ਰਾਜਸਥਾਨ, ਮੱਧ ਪ੍ਰਦੇਸ਼, ਛੱਤੀਗੜ੍ਹ, ਤੇਲੰਗਾਨਾ ਅਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ ਹੋਈਆਂ ਹਨ, ਜਿਹਨਾਂ ਵਿਚੋਂ ਤਿੰਨ ਵੱਡੇ ਸੂਬਿਆਂ ਵਿਚ ਭਾਜਪਾ ਅਤੇ ਨਵੇਂ ਬਣੇ ਸੂਬੇ ਤੇਲੰਗਾਨਾ ਵਿਚ ਕਾਂਗਰਸ ਅਤੇ ਮਿਜ਼ੋਰਮ ਵਿਚ ਖੇਤਰੀ ਪਾਰਟੀਆਂ ਨੂੰ ਬਹੁਮਤ ਮਿਲਿਆ ਹੈ। ਹਾਲਾਂਕਿ ਭਾਰਤ ਵਰਗੇ ਮੁਲਕ ਵਿਚ ਵਿਧਾਨ ਸਭਾ ਚੋਣਾਂ ਕੌਮੀ ਰਾਜਨੀਤੀ ਲਈ ਜ਼ਿਆਦਾ ਅਹਿਮ ਨਹੀਂ ਹੁੰਦੀਆਂ ਪਰ ਇਹ ਚੋਣਾਂ ਲੋਕ ਸਭਾ ਚੋਣਾਂ ਤੋਂ ਠੀਕ 5-6 ਮਹੀਨੇ ਪਹਿਲਾਂ ਹੋਈਆਂ ਹਨ, ਇਸ ਕਰਕੇ ਇਹਨਾਂ ਚੋਣਾਂ ਨੂੰ ਕੌਮੀ ਰਾਜਨੀਤੀ ਨਾਲ ਜੋੜ ਕੇ ਦੇਖਿਆ ਜਾਣਾ ਸੁਭਾਵਿਕ ਹੈ। ਇਹਨਾਂ ਚੋਣਾਂ ਨੂੰ ਜ਼ਿਆਦਾ ਅਹਿਮੀਅਤ ਇਸ ਕਾਰਨ ਵੀ ਮਿਲੀ ਕਿਉਂਕਿ ਨਤੀਜੇ ਅੰਦਾਜ਼ਿਆਂ ਤੋਂ ਉਲਟ ਆਏ। ਮੱਧ ਪ੍ਰਦੇਸ਼, ਛੱਤੀਸਗੜ੍ਹ ਵਿਚ ਵਿਰੋਧੀ ਧਿਰ ਕਾਂਗਰਸ ਨੂੰ ਆਸ ਸੀ ਕਿ ਉਹਨਾਂ ਦੀ ਸਰਕਾਰ ਬਣੇਗੀ ਤਾਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਉਸ ਦਾ ਉਤਸ਼ਾਹ ਹੋਰ ਵਧੇਗਾ ਅਤੇ ਬਾਕੀ ਛੋਟੀਆਂ ਪਾਰਟੀਆਂ ਉਸ ਦੇ ਪਿੱਛੇ ਆਉਣਗੀਆਂ ਪਰ ਹਾਰ ਕਾਰਨ ਸਭ ਤੋਂ ਵੱਡਾ ਨੁਕਸਾਨ ਤਾਂ ਕਾਂਗਰਸ ਨੂੰ ਇਹ ਹੋਇਆ ਕਿ ਵਿਰੋਧੀ ਪਾਰਟੀਆਂ ਦੇ ਗੱਠਜੋੜ ਵਿਚ ਤਰੇੜਾਂ ਨਜ਼ਰ ਆਉਣ ਲੱਗੀਆਂ ਹਨ। ਇੰਡੀਆ ਗੱਠਜੋੜ ਦੀ 6 ਦਸੰਬਰ ਨੂੰ ਸੱਦੀ ਮੀਟਿੰਗ ਅੱਗੇ ਕਰਨੀ ਪਈ ਕਿਉਂਕਿ ਸਪਾ, ਤ੍ਰਿਣਾਮੂਲ ਕਾਂਗਰਸ, ਜਨਤਾ ਦਲ ਅਤੇ ਦੱਖਣ ਦੀਆਂ ਪਾਰਟੀਆਂ ਨੇ ਇਸ ਮੀਟਿੰਗ ਵਿਚ ਆਉਣ ਤੋਂ ਕੰਨੀ ਕਤਰਾਈ। ਦਰਅਸਲ ਕਾਂਗਰਸ ਨੇ ਇਹਨਾਂ ਚੋਣਾਂ ਵਿਚ ਇੰਡੀਆ ਗੱਠਜੋੜ ਦੀ ਕਿਸੇ ਪਾਰਟੀ ਨੂੰ ਸੀਟਾਂ ਹੀ ਨਹੀਂ ਦਿੱਤੀਆਂ। ਉਸ ਨੂੰ ਅੰਦਾਜ਼ਾ ਸੀ ਕਿ ਜੇਕਰ ਉਹ 3 ਸੂਬੇ ਵੀ ਜਿੱਤ ਲਿਆਈ ਤਾਂ ਹੋਰ ਪਾਰਟੀਆਂ ਉਸ ਦੀਆਂ ਪਿੱਛਲੱਗੂ ਬਣ ਜਾਣਗੀਆਂ ਪਰ ਹੋਇਆ ਉਲਟ ਅਤੇ ਸਪਾ ਅਤੇ ਆਮ ਆਦਮੀ ਪਾਰਟੀ ਖੁਦ ਕਾਂਗਰਸ ਦੇ ਵਿਰੋਧ ਵਿਚ ਚੋਣ ਲੜਦੀ ਨਜ਼ਰ ਆਈ।

ਹੁਣ ਚੋਣਾਂ ਤੋਂ ਬਾਅਦ ਕੀਤੇ ਜਾ ਰਹੇ ਖੁਲਾਸਿਆਂ ਵਿਚੋਂ ਸਭ ਤੋਂ ਵੱਡਾ ਸ਼ਗੂਫਾ ਤਾਂ ਫਿਰ ਈ. ਵੀ. ਐਮ. ਮਸ਼ੀਨਾਂ ਸਿਰ ਦੋਸ਼ ਮੜ੍ਹਨਾ ਹੈ। ਦਰਅਸਲ ਕਾਂਗਰਸ ਨੇ ਇਹ ਸ਼ਗੂਫਾ ਇਸ ਕਾਰਨ 2019 ਵਿਚ ਛੱਡਿਆ ਸੀ ਤਾਂ ਜੋ ਉਸ ਦੀ ਹਾਰ ਦਾ ਠੀਕਰਾ ਉਸ ਸਿਰ ਨਾ ਬੱਝੇ ਪਰ ਬਾਕੀ ਪਾਰਟੀਆਂ ਉਸ ਦੇ ਪਿੱਛੇ ਹੀ ਤੁਰ ਪਈਆਂ ਪਰ ਜਦੋਂ ਬੰਗਾਲ, ਹਿਮਾਚਲ, ਕਰਨਾਟਕ ਅਤੇ ਕਈ ਸੂਬਿਆਂ ਦੇ ਨਤੀਜੇ ਵਿਰੋਧੀ ਧਿਰਾਂ ਦੇ ਪੱਖ ਵਿਚ ਆਏ ਤਾਂ ਇਸ ਸ਼ਗੂਫੇ ਦੀ ਹਵਾ ਨਿਕਲ ਗਈ। ਦੂਜਾ ਠੀਕਰਾ ਕਾਂਗਰਸ ਸਿਰ ਇਹ ਭੰਨਿਆ ਜਾ ਰਿਹਾ ਹੈ ਕਿ ਜੇਕਰ ਸਾਰੀਆਂ ਵਿਰੋਧੀ ਪਾਰਟੀਆਂ ਇਕ ਮੰਚ ਤੇ ਇਕੱਠੀਆਂ ਹੁੰਦੀਆਂ ਤਾਂ ਭਾਜਪਾ ਨੂੰ ਹਰਾਇਆ ਜਾ ਸਕਦਾ ਸੀ। ਇਹ ਇਕ ਬਹੁਤ ਵੱਡੀ ਗਲਤਫਹਿਮੀ ਹੁੰਦੀ ਹੈ ਕਿਉਂਕਿ ਪਹਿਲਾਂ ਤਾਂ ਕੋਈ ਵੀ ਸਿਆਸੀ ਪਾਰਟੀ ਸੌ ਫੀਸਦੀ ਸਰੈਂਡਰ ਕਰਕੇ ਆਤਮਦਾਹ ਨਹੀਂ ਕਰ ਸਕਦੀ। ਜੇਕਰ ਅਜਿਹਾ ਕਰਦੀ ਹੈ ਤਾਂ ਉਸ ਦਾ ਆਧਾਰ ਖਤਮ ਹੋ ਜਾਂਦਾ ਹੈ। ਅਜਿਹੀ ਤਾਜ਼ਾ ਉਦਾਹਰਨ ਕਰਨਾਟਕ ਦੀ ਹੈ, ਜਿੱਥੇ ਜਨਤਾ ਦਲ (ਐਸ) ਦਾ ਕਾਂਗਰਸ ਨੇ ਹੀ ਸੂਪੜਾ ਸਾਫ ਕਰ ਦਿੱਤਾ ਹੈ। ਪੰਜਾਬ ਵਿਚ ਭਾਜਪਾ ਨਾਲੋਂ ਦੂਰ ਹੋ ਕੇ ਅਕਾਲੀ ਦਲ ਦੇ ਪੈਰ ਨਹੀਂ ਲੱਗ ਰਹੇ। ਦਿੱਲੀ ਵਿਚ ਆਮ ਆਦਮੀ ਪਾਰਟੀ ਨੇ ਕਾਂਗਰਸ ਦਾ ਸਫਾਇਆ ਕਰ ਦਿੱਤਾ। ਹਾਲੀਆ ਚੋਣਾਂ ਵਿਚ ਮੱਧ ਪ੍ਰਦੇਸ਼ ਨੂੰ ਹੀ ਪ੍ਰਯੋਗਸ਼ਾਲਾ ਵਜੋਂ ਲੈਂਦੇ ਹਾਂ। ਇੱਥੇ ਭਾਜਪਾ ਨੂੰ 48.56 ਫੀਸਦੀ ਵੋਟ ਮਿਲੇ। ਕਾਂਗਰਸ ਨੂੰ 40.40 ਫੀਸਦੀ। ਬਾਕੀਆਂ ਵਿਚੋਂ ਬਸਪਾ ਨੂੰ 3.40 ਫੀਸਦੀ, ਸਪਾ ਨੂੰ ਸਿਰਫ 0.46 ਫੀਸਦੀ ਅਤੇ ਆਮ ਆਦਮੀ ਪਾਰਟੀ ਨੂੰ 0.53 ਫੀਸਦੀ, ਯਾਨਿ ਸਾਰੀਆਂ ਸੀਟਾਂ ਤੇ ਇਹਨਾਂ ਪਾਰਟੀਆਂ ਦੀਆਂ ਬਸਪਾ ਨੂੰ ਛੱਡ ਕੇ ਜਮਾਨਤਾਂ ਜਬਤ ਹੋਈਆਂ। ਬਾਕੀ ਪਾਰਟੀਆਂ ਨੂੰ ਕੁੱਲ ਮਿਲਾ ਕੇ 0.25 ਫੀਸਦੀ ਵੋਟ ਮਿਲੇ, ਜਦਕਿ ਇਕੱਲੇ ਨੋਟਾ ਦਬਾਉਣ ਵਾਲੇ ਵੀ 0.98 ਫੀਸਦੀ ਸਨ। ਜੇਕਰ ਸਾਰੀਆਂ ਵਿਰੋਧੀ ਧਿਰਾਂ ਇਕੱਠੀਆਂ ਵੀ ਹੋ ਜਾਂਦੀਆਂ ਤਾਂ ਕਾਂਗਰਸ 44 ਫੀਸਦੀ ਤੋਂ ਫਿਰ ਵੀ ਨਾ ਵਧਦੀ।

ਦਰਅਸਲ ਵਿਰੋਧੀ ਪਾਰਟੀਆਂ ਭਾਜਪਾ ਦੀ ਚੋਣ ਰਣਨੀਤੀ ਨੂੰ ਹੀ ਨਹੀਂ ਸਮਝ ਪਾ ਰਹੀਆਂ। ਭਾਜਪਾ ਦੇ ਕੋਲ ਹੇਠਾਂ ਤੋਂ ਲੈ ਕੇ ਉਪਰ ਤੱਕ ਮਜ਼ਬੂਤ ਸੰਗਠਨ ਹੈ, ਜਦਕਿ ਵਿਰੋਧੀ ਪਾਰਟੀਆਂ ਵਨ ਮੈਨ ਆਰਮੀ ਹਨ ਭਾਵ ਜ਼ਿਆਦਾਤਰ ਪਾਰਟੀਆਂ ਇਕ ਲੀਡਰ ਦੇ ਸਹਾਰੇ ਚਲਦੀਆਂ ਹਨ ਅਤੇ ਉਹ ਲੀਡਰ ਕਿਸੇ ਹੋਰ ਨੂੰ ਕੱਦਾਵਾਰ ਹੋਣ ਹੀ ਨਹੀਂ ਦਿੰਦਾ। ਭਾਜਪਾ ਜ਼ਮੀਨੀ ਤੌਰ 'ਤੇ ਜਨਤਾ ਦੀ ਨਬਜ਼ ਪਛਾਣ ਕੇ ਚਲਦੀ ਹੈ, ਜਦਕਿ ਵਿਰੋਧੀ ਲੀਡਰ ਹਵਾ ਵਿਚ ਤਲਵਾਰਾਂ ਮਾਰਨ ਵਰਗੇ ਵਾਅਦੇ ਕਰਦੇ ਹਨ। ਕਿਸੇ ਵੀ ਲੋਕਰਾਜ ਦੀ ਸਿਹਤ ਲਈ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਲਾਜ਼ਮੀ ਹੈ ਪਰ ਵਿਰੋਧੀ ਧਿਰ ਨੂੰ ਆਪਣੀ ਮਜ਼ਬੂਤੀ ਤਾਂ ਖੁਦ ਹੀ ਲਿਆਉਣੀ ਪੈਣੀ ਹੈ।

# ਕਾਂਗਰਸ ਦੇ ਉਹੀ ਪੁਰਾਣੇ ਦਾਅ

**ਪਰਸਾ ਵੈਂਕਟੇਸ਼ਵਰ ਰਾਓ ਜੂਨੀਅਰ**

ਸੱਜੇ ਪੱਖੀ ਭਾਜਪਾ ਦੀ ਹਰ ਚੋਣ ਜਿੱਤ ਭਾਰਤ ਦੇ ਨਰਮ ਖ਼ਿਆਲੀਆਂ/ਉਦਾਰਵਾਦੀਆਂ ਦਾ ਦਿਲ ਤੋੜਨ ਵਾਲੀ ਹੁੰਦੀ ਹੈ। ਇਹ ਗੱਲ ਪਾਰਟੀ ਵੱਲੋਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਦਰਜ ਕੀਤੀਆਂ ਜਿੱਤਾਂ ਉਤੇ ਵੀ ਇਸੇ ਤਰ੍ਹਾਂ ਲਾਗੂ ਹੁੰਦੀ ਹੈ। ਜ਼ਾਹਿਰ ਹੈ ਕਿ ਭਾਜਪਾ ਇਨ੍ਹਾਂ ਜਿੱਤਾਂ ਤੋਂ ਬਾਅਦ ਆਪਣਾ ਹਿੰਦੂਤਵੀ ਪ੍ਰੋਗਰਾਮ ਲਾਗੂ ਕਰੇਗੀ, ਭਾਵੇਂ ਉਸ ਦੀ ਹਾਲੀਆ ਸਫਲਤਾ ਦਾ ਕਾਰਨ ਉਸ ਦੀ ਵਿਚਾਰਧਾਰਾ ਨਹੀਂ ਹੈ। ਆਪਣੀ ਤਰਫ਼ੋਂ ਕਾਂਗਰਸ ਵੀ ਜ਼ਮੀਨੀ ਪੱਧਰ ਉਤੇ ਗੁੰਝਲਦਾਰ ਹਕੀਕਤਾਂ ਤੋਂ ਜਾਣੂ ਹੋਣ ਦੇ ਬਾਵਜੂਦ 2024 ਦੀਆਂ ਆਮ ਚੋਣਾਂ ਲਈ ਸਖ਼ਤ ਵਿਚਾਰਧਾਰਕ ਰੁਖ਼ ਅਖ਼ਤਿਆਰ ਕਰਨ ਦੀ ਤਿਆਰੀ ਕਰ ਸਕਦੀ ਹੈ। ਇਹੋ ਉਹ ਵਿਚਾਰਧਾਰਕ ਮੋੜ ਹੈ ਜਿਹੜਾ ਭਾਰਤ, ਖ਼ਾਸਕਰ ਹਿੰਦੀ ਭਾਸ਼ੀ ਉੱਤਰੀ ਤੇ ਕੇਂਦਰੀ ਭਾਰਤ ਦੀ ਤਸਵੀਰ ਵਿਗਾੜ ਸਕਦਾ ਹੈ ਅਤੇ ਇਸ ਸੂਰਤ ਵਿਚ ਭਾਜਪਾ ਸਿਰਫ਼ ਇਹ ਮਹਿਸੂਸ ਕਰੇਗੀ ਕਿ ਉਹ ਵਧੀਆ ਸਥਿਤੀ ਵਿਚ ਹੈ। ਸਿਆਸੀ ਹਕੀਕਤ ਬਿਲਕੁਲ ਵੱਖਰੀ ਤਰ੍ਹਾਂ ਦੀ ਹੈ।

ਦਰਅਸਲ ਹਕੀਕਤ ਇਹ ਹੈ ਕਿ ਹਿੰਦੀ ਖੇਤਰ ਦੇ ਲੋਕ ਆਮ ਕਰ ਕੇ ਹਿੰਦੂ ਬਹੁਗਿਣਤੀਵਾਦ ਦੇ ਹਾਮੀ ਹਨ ਅਤੇ ਇਹ ਵਰਤਾਰਾ ਭਾਜਪਾ ਦੇ ਉਭਾਰ ਅਤੇ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜਣ ਤੋਂ ਕਿਤੇ ਪਹਿਲਾਂ ਦਾ ਹੈ ਪਰ ਉਨ੍ਹਾਂ ਦੀ ਵੋਟਾਂ ਪਾਉਣ ਸਬੰਧੀ ਪਸੰਦ ਸਿਰਫ਼ ਵਿਚਾਰਧਾਰਾ ਦੇ ਆਧਾਰ ਉਤੇ ਤੈਅ ਨਹੀਂ ਹੁੰਦੀ। ਜਦੋਂ 1980ਵਿਆਂ ਦੇ ਅਖ਼ੀਰ ਤੱਕ ਹਿੰਦੀ ਭਾਸ਼ੀ ਸੂਬਿਆਂ ਦੇ ਲੋਕ ਕਾਂਗਰਸ ਨੂੰ ਵੋਟਾਂ ਪਾਉਂਦੇ ਸਨ, ਉਹ ਆਪਣੇ ਝੁਕਾਅ ਪੱਖੋਂ ਨਾ ਤਾਂ ਬਹੁਤ ਜ਼ਿਆਦਾ ਧਰਮ ਨਿਰਪੱਖ ਅਤੇ ਨਾ ਹੀ ਬਹੁਤ ਜ਼ਿਆਦਾ ਸੋਸ਼ਲਿਸਟ/ਸਮਾਜਵਾਦੀ ਹੀ ਸਨ। ਇਸ ਲਈ ਇਹ ਸਿੱਧ-ਪੱਧਰੀ ਸੋਚ ਬਣਾਉਣ ਤੋਂ ਬਚਣਾ ਚਾਹੀਦਾ ਹੈ ਕਿ ਭਾਜਪਾ ਸਿਆਸੀ ਦ੍ਰਿਸ਼ਾਵਲੀ ਦਾ 'ਹਿੰਦੂਕਰਨ' ਕਰਨ ਵਿਚ ਕਾਮਯਾਬ ਹੋ ਗਈ ਹੈ। ਭਾਜਪਾ ਦੀ ਕਾਮਯਾਬੀ ਦਾ ਜ਼ਾਹਿਰਾ ਕਾਰਨ ਕਾਂਗਰਸ ਦੀ ਕਮਜ਼ੋਰੀ ਹੈ, ਨਾਲ ਹੀ ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਅਜਿਹਾ ਇਸ ਕਾਰਨ ਨਹੀਂ ਹੋਇਆ ਕਿ ਕਾਂਗਰਸ ਕੋਈ ਧਰਮ ਨਿਰਪੱਖ ਸਿਆਸਤ ਕਰ ਰਹੀ ਸੀ। ਕਾਂਗਰਸ ਨੇ ਹਮੇਸ਼ਾ ਹੀ ਧਾਰਮਿਕ ਤੇ ਜਾਤੀ ਭਾਵਨਾਵਾਂ ਨਾਲ ਬੜੀ ਹੁਸ਼ਿਆਰੀ ਨਾਲ ਸਿੱਝਿਆ ਹੈ ਪਰ ਇਸ ਦਾ ਹੁਨਰ ਤੇ ਚਾਲਾਂ ਸਮਾਂ ਬੀਤਣ ਨਾਲ ਕਮਜ਼ੋਰ ਪੈ ਗਈਆਂ ਹਨ। ਪਾਰਟੀ ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਸੱਤਾ ਵਿਚ ਬਣੇ ਰਹਿਣ 'ਚ ਨਾਕਾਮਯਾਬ ਰਹੀ ਹੈ, ਜਦੋਂਕਿ ਇਸ ਵਰ੍ਹੇ ਇਸ ਦੀ ਸਫਲਤਾ ਦੱਖਣੀ ਭਾਰਤ (ਕਰਨਾਟਕ ਤੇ ਤਿਲੰਗਾਨਾ) ਤੱਕ ਹੀ ਮਹਿਦੂਦ ਰਹੀ ਹੈ। ਭਾਜਪਾ ਦੇ ਬਹੁਤ ਸਾਰੇ ਆਲੋਚਕ ਆਪਣਾ ਗੁੱਸਾ ਕਾਂਗਰਸ ਉਤੇ ਉਤਾਰਦੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕਾਂਗਰਸ ਦੀਆਂ ਖ਼ਾਮੀਆਂ ਤੇ ਖ਼ਰਾਬੀਆਂ ਨੇ ਹੀ ਸਿਆਸੀ ਸੱਤਾ ਹਥਿਆਉਣ ਲਈ ਭਾਜਪਾ ਦਾ ਰਾਹ ਪੱਧਰਾ ਕੀਤਾ ਹੈ। ਭਾਜਪਾ ਦੀਆਂ ਚੋਣ ਜਿੱਤਾਂ ਕਾਰਨ ਸਾਨੂੰ ਭਾਰਤ ਦੇ ਭਗਵਾਕਰਨ ਬਾਰੇ ਬਹੁਤ ਸਾਰੀਆਂ ਭਖ਼ਵੀਆਂ ਬਹਿਸਾਂ ਦੇਖਣ-ਸੁਣਨ ਨੂੰ ਮਿਲ ਸਕਦੀਆਂ ਹਨ। ਬੀਤੇ ਐਤਵਾਰ (3 ਦਸੰਬਰ) ਆਏ ਚੋਣ ਨਤੀਜੇ ਭਾਜਪਾ ਦੇ ਵਿਰੋਧੀਆਂ ਦੀ ਨਿਰਾਸ਼ਾ ਦੀ ਤਸਦੀਕ ਕਰਨ ਵਾਲੇ ਹਨ।



ਉਂਝ ਸਿਆਸੀ ਸਥਿਤੀ ਦਾ ਓਨਾ ਧਰੁਵੀਕਰਨ ਨਹੀਂ ਹੋਇਆ ਜਿੰਨਾ ਵਿਚਾਰਧਾਰਕ ਬਹਿਸ ਦਾ ਹੋ ਚੁੱਕਾ ਹੈ; ਨਾਲ ਹੀ ਵਿਚਾਰਧਾਰਕ ਨਜ਼ਰੀਏ ਨੂੰ ਮੂਲੋਂ ਹੀ ਖ਼ਾਰਜ ਕਰ ਦੇਣਾ ਵੀ ਸਹੀ ਨਹੀਂ ਹੋਵੇਗਾ। ਸੂਬਿਆਂ ਅਤੇ ਕੇਂਦਰ ਵਿਚਲੀਆਂ ਭਾਜਪਾ ਸਰਕਾਰਾਂ ਦਲੀਲ ਦੇਣਗੀਆਂ ਕਿ ਉਨ੍ਹਾਂ ਦੀਆਂ ਚੋਣ ਜਿੱਤਾਂ ਕਾਰਨ ਹਿੰਦੂਤਵੀ ਏਜੰਡਾ ਲਾਗੂ ਕਰਨਾ ਲਾਜ਼ਮੀ ਹੋ ਜਾਂਦਾ ਹੈ ਅਤੇ ਉਹ ਇਹ ਗੱਲ ਵੀ ਕਾਫ਼ੀ ਜ਼ੋਰਦਾਰ ਢੰਗ ਨਾਲ ਕਹਿਣਗੀਆਂ ਕਿ ਉਹ ਧਾਰਮਿਕ ਘੱਟ ਗਿਣਤੀਆਂ ਖ਼ਾਸਕਰ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ, ਭਾਵੇਂ ਉਨ੍ਹਾਂ ਦੀ ਇਸ ਗੱਲ ਵਿਚ ਰਤਾ ਵੀ ਦਮ ਨਾ ਜਾਪੇ। ਜਿਵੇਂ ਅਮਰੀਕਾ ਸਿਆਸੀ ਤੌਰ 'ਤੇ ਨੀਲੇ (ਡੈਮੋਕ੍ਰੈਟ) ਅਤੇ ਲਾਲ (ਰਿਬਪਲਿਕਨ) ਸੂਬਿਆਂ ਵਿਚ ਵੰਡਿਆ ਹੋਇਆ ਹੈ, ਇਸੇ ਤਰ੍ਹਾਂ ਇਹ ਵੀ ਜ਼ਾਹਰ ਹੈ ਕਿ ਭਾਰਤੀ ਸੂਬੇ ਵੀ ਭਗਵਾ (ਭਾਜਪਾ) ਅਤੇ ਧਰਮ ਨਿਰਪੱਖ (ਭਾਜਪਾ ਵਿਰੋਧੀ ਜਾਂ ਗ਼ੈਰ-ਭਾਜਪਾ) ਧੜਿਆਂ ਵਿਚ ਵੰਡੇ ਹੋਏ ਹਨ। ਇਸ ਨਾਲ ਬਿਨਾਂ ਸ਼ੱਕ ਭਾਵੇਂ ਸਿਆਸੀ ਬਹਿਸ ਭਖ਼ੇਗੀ ਪਰ ਇਹ ਸਾਫ਼ ਹੈ ਕਿ ਜਿਨ੍ਹਾਂ ਸੂਬਿਆਂ ਵਿਚ ਭਾਜਪਾ ਹੁਣ ਸੱਤਾ ਵਿਚ ਆਈ ਹੈ, ਉਸ ਨੂੰ ਉਥੇ ਉਸੇ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ ਜਿਨ੍ਹਾਂ ਦਾ ਸਾਹਮਣਾ ਕਾਂਗਰਸ ਨੂੰ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਕਰਨਾ ਪਿਆ। ਫਿਰ ਜਦੋਂ ਚੋਣਾਂ ਦਾ ਅਗਲਾ ਗੇੜ ਆਵੇਗਾ ਤਾਂ ਲੋਕ ਵੱਖਰੇ ਢੰਗ ਨਾਲ ਵੋਟਾਂ ਪਾ ਸਕਦੇ ਹਨ। ਹਾਲੀਆ ਅਸੈਂਬਲੀ ਚੋਣਾਂ ਜਾਂ ਕਹੀਏ ਇਸ ਦੇਸ਼ ਵਿਚ ਹੋਣ ਵਾਲੀਆਂ ਸਾਰੀਆਂ ਹੀ ਚੋਣਾਂ ਦੀ ਅਹਿਮੀਅਤ ਇਸ ਤੱਥ ਵਿਚ ਹੈ ਕਿ ਜਮਹੂਰੀਅਤ ਆਪਣਾ ਕੰਮ ਕਰ ਰਹੀ ਹੈ। ਲੋਕ ਸਰਕਾਰਾਂ ਨੂੰ ਬਦਲ ਦਿੰਦੇ ਹਨ।

ਨਤੀਜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਲੋਕ ਇਨ੍ਹਾਂ ਚੋਣਾਂ ਦੌਰਾਨ ਕੀਤੇ ਗਏ ਲੋਕ ਭਲਾਈ/ਲੋਕ ਲੁਭਾਊ ਐਲਾਨਾਂ ਤੋਂ ਬਹੁਤੇ ਪ੍ਰਭਾਵਿਤ ਨਹੀਂ ਹੋਏ ਕਿਉਂਕਿ ਦੋਵਾਂ ਕਾਂਗਰਸ ਤੇ ਭਾਜਪਾ ਨੇ ਅਜਿਹੇ ਭਰਵੇਂ ਐਲਾਨ ਕੀਤੇ ਸਨ। ਅਸਲ ਵਿਚ ਉਹ 2018 ਦੀਆਂ ਅਸੈਂਬਲੀ ਚੋਣਾਂ ਤੋਂ ਵੱਖਰੀ ਪਾਰਟੀ ਨੂੰ ਵੋਟ ਪਾਉਣ ਦੇ ਚਾਹਵਾਨ ਦਿਖਾਈ ਦੇ ਰਹੇ ਸਨ। ਇਹ ਚੋਣ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਇਸ ਕਾਰਨ ਕਾਫ਼ੀ ਆਸਾਨ ਹੋ ਗਈ ਸੀ ਕਿਉਂਕਿ ਇਥੇ ਲੜਾਈ ਸਿੱਧੀ ਭਾਜਪਾ ਤੇ ਕਾਂਗਰਸ ਦਰਮਿਆਨ ਸੀ। ਖ਼ਾਸ ਗੱਲ ਇਹ ਹੈ ਕਿ ਹਾਰਨ ਵਾਲੀ ਪਾਰਟੀ ਨੂੰ ਵੀ ਵੋਟਾਂ ਦਾ ਕਾਫ਼ੀ ਭਰਵਾਂ ਹਿੱਸਾ ਮਿਲਿਆ ਹੈ। ਇਹ ਡਰ ਲਗਾਤਾਰ ਬਣਿਆ ਹੋਇਆ ਹੈ ਕਿ ਆਪਣੇ ਸੱਜੇ ਪੱਖੀ ਤਾਨਾਸ਼ਾਹੀ ਝੁਕਾਅ ਦੇ ਮੱਦੇਨਜ਼ਰ, ਸੱਤਾ ਉਤੇ ਕਾਬਜ਼ ਭਾਜਪਾ ਕਦੇ ਵੀ ਸਾਰੀਆਂ ਹੋਰ ਪਾਰਟੀਆਂ ਨੂੰ ਗ਼ੈਰ-ਕਾਨੂੰਨੀ ਗਰਦਾਨ ਸਕਦੀ ਹੈ ਜਾਂ ਉਨ੍ਹਾਂ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਸਕਦੀ ਹੈ ਜਿਵੇਂ ਬਹੁਤ ਸਾਰੇ ਉਦਾਰਵਾਦ ਵਿਰੋਧੀ ਮੁਲਕਾਂ ਵਿਚ ਹੁੰਦਾ ਹੈ। ਭਾਜਪਾ ਜੋ ਖੱਬੇ ਪੱਖੀਆਂ ਵਾਂਗ ਹੀ ਤਾਨਾਸ਼ਾਹੀ ਅਤੇ ਲੋਕ-ਲੁਭਾਊ ਲੋਕਤੰਤਰ ਪ੍ਰਤੀ ਝੁਕਾਅ ਰੱਖਦੀ ਹੈ, ਦੀ ਬਹੁ-ਪਾਰਟੀ ਸਿਆਸਤ ਵਿਚ ਜ਼ਿਆਦਾ ਦਿਲਚਸਪੀ ਦਿਖਾਈ ਨਹੀਂ ਦਿੰਦੀ। ਉਂਝ, ਅਜੇ ਤੱਕ ਅਜਿਹਾ ਮੌਕਾ ਨਹੀਂ ਆਇਆ।

ਉਂਝ, ਇਸ ਦੌਰਾਨ ਭਾਜਪਾ ਦੇ ਜਮਹੂਰੀਅਤ ਵਿਰੋਧੀ ਰੁਝਾਨਾਂ ਉਤੇ ਨਜ਼ਰ ਰੱਖਣੀ ਲਾਜ਼ਮੀ ਹੋਵੇਗੀ। ਇਹ ਮੰਨਿਆ ਜਾ ਸਕਦਾ ਹੈ ਕਿ ਹਰ ਚੋਣ ਜਿੱਤ ਭਾਜਪਾ ਨੂੰ ਜਮਹੂਰੀ ਪ੍ਰਥਾਵਾਂ ਤੇ ਰਵਾਇਤਾਂ ਨੂੰ ਲਾਂਭੇ ਕਰਨ ਦੀ ਖੁੱਲ੍ਹ ਦਿੰਦੀ ਹੈ। ਇਸ ਗੱਲ ਦੇ ਬਹੁਤ ਆਸਾਰ ਹਨ ਕਿ ਭਾਜਪਾ ਨੇ ਜਿਨ੍ਹਾਂ ਤਿੰਨ ਸੂਬਿਆਂ ਵਿਚ ਤਾਜ਼ਾ ਜਿੱਤ ਦਰਜ ਕੀਤੀ ਹੈ, ਉਥੇ ਇਹ ਆਪਣਾ ਹਿੰਦੂਤਵੀ ਏਜੰਡਾ ਅੱਗੇ ਵਧਾਉਣ ਦੀ ਕੋਸ਼ਿਸ਼ ਕਰੇਗੀ। ਜਿਵੇਂ ਭਾਜਪਾ ਦੀ ਹਕੂਮਤ ਵਾਲੇ ਇਕ ਹੋਰ ਸੂਬੇ ਉੱਤਰਾਖੰਡ ਵਿਚ ਇਕਸਾਰ ਸਿਵਲ ਜ਼ਾਬਤਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਾਂ ਫਿਰ ਜਿਵੇਂ ਅਸਾਮ ਵਿਚ ਦੇਖਣ 'ਚ ਆਇਆ ਹੈ ਜਿਥੇ ਮਦਰੱਸਿਆਂ ਦਾ ਨਾਂ ਬਦਲ ਕੇ ਸਰਕਾਰੀ ਸਕੂਲ ਰੱਖਿਆ ਜਾ ਰਿਹਾ ਹੈ ਅਤੇ ਉਥੇ ਅਰਬੀ ਜ਼ਬਾਨ ਦੀ ਪੜ੍ਹਾਈ ਉਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸੇ ਤਰ੍ਹਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਭਾਜਪਾ ਸਰਕਾਰਾਂ ਵੀ ਹਿੰਦੂਤਵੀ ਕਦਮ ਉਠਾਉਂਦੀਆਂ ਦਿਖਾਈ ਦੇਣਗੀਆਂ, ਬਹੁਗਿਣਤੀ ਭਾਈਚਾਰੇ ਦੀਆਂ ਪ੍ਰਤੀਕਿਰਿਆਮੁਖੀ ਪ੍ਰਥਾਵਾਂ ਨੂੰ ਮਜ਼ਬੂਤ ਕਰਨਗੀਆਂ ਜਾਂ ਫਿਰ ਘੱਟ ਗਿਣਤੀਆਂ ਉਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਮਲੇ ਕਰਨ ਦੀ ਕੋਸ਼ਿਸ਼ ਕਰਨਗੀਆਂ, ਖ਼ਾਸਕਰ ਸਿੱਖਿਆ ਦੇ ਮੋਰਚੇ ਉਤੇ। ਭਾਜਪਾ ਵੱਲੋਂ ਇਹ ਗੱਲ ਮੰਨਦਿਆਂ ਵੀ ਹਿੰਦੂਤਵੀ ਏਜੰਡੇ ਨੂੰ ਹੁਲਾਰਾ ਦਿੱਤੇ ਜਾਣ ਦੇ ਆਸਾਰ ਹਨ ਕਿ ਇਸ ਨਾਲ ਪਾਰਟੀ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੋਟਾਂ ਮਿਲਣਗੀਆਂ।

ਸਰਕਾਰ ਚਲਾਉਣ ਦੇ ਵਿਚਾਰਧਾਰਕ ਸੰਦਾਂ ਨੂੰ ਤਿੱਖੇ ਕੀਤੇ ਜਾਣ ਦਾ ਨੌਜਵਾਨਾਂ ਦੀ ਮਾਨਸਿਕਤਾ ਉਤੇ ਯਕੀਨਨ ਮਾੜਾ ਅਸਰ ਪਵੇਗਾ ਜਿਨ੍ਹਾਂ ਨੂੰ ਸਮੂਹਿਕਤਾਵਾਂ ਨੂੰ ਮੰਨਣ ਅਤੇ ਉਨ੍ਹਾਂ ਵਿਚ ਵਿਸ਼ਵਾਸ ਕਰਨਾ ਸਿਖਾਇਆ ਜਾਵੇਗਾ। ਇਹ ਕੁਝ ਉਨ੍ਹਾਂ ਦੇ ਵਿਅਕਤੀਗਤ ਵਿਕਾਸ ਵਿਚ ਰੁਕਾਵਟ ਪਾਵੇਗਾ ਅਤੇ ਉਸ ਨੂੰ ਪ੍ਰਭਾਵਿਤ ਕਰੇਗਾ। ਇਸ ਦਾ ਇਹ ਅਸਰ ਕਈ ਪੀੜ੍ਹੀਆਂ ਅਤੇ ਦਹਾਕਿਆਂ ਤੱਕ ਰਹੇਗਾ ਅਤੇ ਇਸ ਤਰ੍ਹਾਂ ਇਹ ਮੁਲਕ ਦੇ ਆਰਥਿਕ ਤੇ ਸਮਾਜਿਕ ਵਿਕਾਸ ਨੂੰ ਪ੍ਰਭਾਵਿਤ ਕਰੇਗਾ।

ਭਾਜਪਾ ਦੀ ਰਾਸ਼ਟਰਵਾਦੀ ਇਕਸਾਰਤਾ ਵੱਲ ਮੁਹਿੰਮ ਉਹ ਸਿਆਸੀ ਕੀਮਤ ਹੈ ਜਿਹੜੀ ਦੇਸ਼ ਨੂੰ ਚੁਕਾਉਣੀ ਪਵੇਗੀ, ਭਾਵੇਂ ਇਹ ਵੰਨ-ਸਵੰਨਤਾ ਬਾਰੇ ਕਾਫ਼ੀ ਮੰਦਾ-ਚੰਗਾ ਬੋਲਦੀ ਹੈ ਪਰ ਜੇ ਲੋਕਾਂ ਨੂੰ ਕੋਈ ਭਰੋਸੇਮੰਦ ਬਦਲ ਮੁਹੱਈਆ ਨਹੀਂ ਕਰਵਾਇਆ ਜਾਂਦਾ ਤਾਂ ਉਨ੍ਹਾਂ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ; ਇਕ ਅਜਿਹਾ ਬਦਲ ਜਿਹੜਾ ਮਹਿਜ਼ ਸੱਜੇ ਪੱਖੀ ਵਿਚਾਰਧਾਰਾ ਲਈ ਨਫ਼ਰਤ ਫੈਲਾਉਣ ਦੀ ਥਾਂ ਉਦਾਰ/ਨਰਮ ਖ਼ਿਆਲੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦੇਵੇ। ਸੱਜੇ ਪੱਖੀ ਸਿਆਸਤ ਦੀ ਕਾਟ ਖੱਬੇ ਪੱਖੀ ਵਿਚਾਰਧਾਰਾ ਨਹੀਂ ਹੈ। ਰਾਜਨੀਤੀ ਸਾਨੂੰ ਬਹੁਤ ਸਾਰੇ ਸਬਕ ਦਿੰਦੀ ਹੈ ਜਿਨ੍ਹਾਂ ਨੂੰ ਅਸੀਂ ਹਮੇਸ਼ਾ ਸਮਝਦੇ ਨਹੀਂ।

# ਭਾਰਤ 'ਚ ਵਧ ਰਹੀਆਂ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ, ਪਿਛਲੇ ਚਾਰ ਸਾਲਾਂ ਵਿੱਚ 35,000 ਤੋਂ ਵੱਧ ਮੌਤਾਂ

ਭਾਰਤ ਵਿੱਚ ਪਿਛਲੇ ਚਾਰ ਸਾਲਾਂ ਵਿੱਚ ਦੇਸ਼ ਵਿੱਚ ਕਈ ਮੌਤਾਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਕੇਂਦਰ ਦੇ ਤਾਜ਼ਾ ਅੰਕੜਿਆਂ ਅਨੁਸਾਰ, 2019 ਤੋਂ 2021 ਦਰਮਿਆਨ ਦੇਸ਼ ਵਿੱਚ 35,000 ਤੋਂ ਵੱਧ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (NCRB) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਸਮਾਜਿਕ ਨਿਆਂ ਅਤੇ ਅਧਿਕਾਰਤਾ ਰਾਜ ਮੰਤਰੀ ਅਬੈਯਾ ਨਾਰਾਇਣਸਵਾਮੀ ਨੇ ਕਿਹਾ ਕਿ ਵਿਦਿਆਰਥੀ ਖੁਦਕੁਸ਼ੀਆਂ ਦੀ ਗਿਣਤੀ 2019 ਵਿੱਚ 10,335 ਤੋਂ ਵੱਧ ਕੇ 2020 ਵਿੱਚ 12,526 ਅਤੇ 2021 ਵਿੱਚ 13,089 ਹੋ ਗਈ। ਅੰਕੜਿਆਂ ਅਨੁਸਾਰ, 2022 ਵਿੱਚ ਭਾਰਤ ਵਿੱਚ 13,000 ਤੋਂ ਵੱਧ ਵਿਦਿਆਰਥੀਆਂ ਨੇ ਆਪਣੀਆਂ ਜਾਨਾਂ ਲੈ ਲਈਆਂ। ਐਨਸੀਆਰਬੀ ਦੀ ਰਿਪੋਰਟ ਅਨੁਸਾਰ, 2022 ਵਿੱਚ ਹੋਈਆਂ ਸਾਰੀਆਂ ਖੁਦਕੁਸ਼ੀਆਂ ਵਿੱਚੋਂ 7.6 ਪ੍ਰਤੀਸ਼ਤ ਵਿਦਿਆਰਥੀ ਸਨ।

ਸਮਾਜਿਕ ਭੇਦਭਾਵ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਅਤੇ ਇਸਦੇ ਕਾਰਨ ਅਤਿਅੰਤ ਕਦਮਾਂ 'ਤੇ, ਨਾਰਾਇਣਸਵਾਮੀ ਨੇ ਕਿਹਾ ਕਿ ਉੱਚ ਸਿੱਖਿਆ ਵਿਭਾਗ ਨੇ ਕਾਉਂਸਲਿੰਗ ਸੈੱਲ ਅਤੇ ਵੱਖ-ਵੱਖ ਵਿਧੀਆਂ ਜਿਵੇਂ ਕਿ ਛ/ਠ ਵਿਦਿਆਰਥੀ ਸੈੱਲ, ਬਰਾਬਰ ਮੌਕੇ ਸੈੱਲ, ਵਿਦਿਆਰਥੀਆਂ ਦੇ ਸ਼ਿਕਾਇਤ ਸੈੱਲ, ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੀ ਸਥਾਪਨਾ ਕੀਤੀ ਹੈ। ਕਮੇਟੀ, ਅਤੇ ਦੇਸ਼ ਭਰ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਸੰਪਰਕ ਅਧਿਕਾਰੀ ਨਿਯੁਕਤ ਕੀਤੇ।

ਉਨ੍ਹਾਂ ਕਿਹਾ, "ਇਸ ਤੋਂ ਇਲਾਵਾ, ਨਾਗਰਿਕ ਅਧਿਕਾਰਾਂ ਦੀ ਸੁਰੱਖਿਆ (ਪੀਸੀਆਰ) ਐਕਟ, 1955, ਜੋ 'ਛੂਤ-ਛਾਤ' ਦੇ ਅਭਿਆਸ ਤੋਂ ਪੈਦਾ ਹੋਣ ਵਾਲੀ ਕਿਸੇ ਵੀ ਅਪਾਹਜਤਾ ਨੂੰ ਲਾਗੂ ਕਰਨ ਲਈ ਸਜ਼ਾ ਨਿਰਧਾਰਤ ਕਰਦਾ ਹੈ, ਅਤੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਦੀ ਰੋਕਥਾਮ) ਐਕਟ, 1989 ਲਾਗੂ ਹੈ। ਵਿਦਿਆਰਥੀਆਂ ਸਮੇਤ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਵਿਰੁੱਧ ਅੱਤਿਆਚਾਰ ਦੇ ਅਪਰਾਧਾਂ ਨੂੰ ਰੋਕਣ ਲਈ।"

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਪ੍ਰਮੁੱਖ ਖਾਲਿਸਤਾਨੀ ਨੇਤਾ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਲਈ ਇਕ ਭਾਰਤੀ ਸਰਕਾਰੀ ਅਧਿਕਾਰੀ ਉੱਪਰ ਦੋਸ਼ ਲੱਗੇ

**ਸੈਕਰਾਮੈਂਟੋ–** ਪ੍ਰਮੁੱਖ ਖਾਲਿਸਤਾਨੀ ਨੇਤਾ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਲਈ ਇਕ ਭਾਰਤੀ ਸਰਕਾਰੀ ਅਧਿਕਾਰੀਉੱਪਰ ਦੋਸ਼ ਲੱਗੇ ਹਨ ਸਰਕਾਰੀ ਤੌਰ ਤੇ ਇਹ ਕਿਹਾ ਗਿਆ ਹੈ ਕਿ ਪੰਨੂੰ ਨੂੰ ਮਾਰਨ ਲਈ 100,000 ਡਾਲਰ ਦੇਣ ਲਈ ਗੱਲਬਾਤ ਕੀਤੀ ਗਈ ਸੀ। ਇਹ ਉਕਤ ਖੁਲਾਸਾ ਅਮਰੀਕੀ ਅਧਿਕਾਰੀਆਂ ਨੇ ਬੁੱਧਵਾਰ ਨੂੰ ਇਕ ਬਿਆਨ ਚ ਕੀਤਾ। ਅਮਰੀਕੀ ਅਧਿਕਾਰੀਆਂ ਨੇ ਇਕ ਭਾਰਤੀ ਵਿਅਕਤੀ ਨਿਖਿਲ ਗੁਪਤਾ 'ਤੇ ਖਾਲਿਸਤਾਨੀ ਨੇਤਾ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕੀ ਧਰਤੀ 'ਤੇ ਮਾਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਭਾੜੇ 'ਤੇ ਕਤਲ ਦੇ ਦੋਸ਼ ਲਗਾਏ ਹਨ। ਇਹ ਭਾਰਤ ਵੱਲੋਂ ਹਾਲ ਹੀ ਵਿੱਚ ਹੋਈ ਦੁਵੱਲੀ ਮੀਟਿੰਗ ਦੌਰਾਨ ਅਮਰੀਕਾ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਸੁਰੱਖਿਆ ਚਿੰਤਾਵਾਂ ਵਿੱਚ ਉੱਚ ਪੱਧਰੀ ਜਾਂਚ ਕਮੇਟੀ ਦੇ ਗਠਨ ਕਰਨ ਦਾ ਐਲਾਨ ਕਰਨ ਤੋਂ ਕੁਝ ਘੰਟੇ ਬਾਅਦ ਆਇਆ ਹੈ। ਨਿਖਿਲ ਨੂੰ ਜੂਨ ਵਿੱਚ ਚੈੱਕ ਗਣਰਾਜ ਅਧਿਕਾਰੀਆਂ ਨੇ ਗ੍ਰਿਫਤਾਰ ਕੀਤਾ ਸੀ । ਮੈਨਹਟਨ ਵਿੱਚ ਚੋਟੀ ਦੇ ਫੈਡਰਲ ਵਕੀਲ ਡੈਮੀਅਨ ਵਿਲੀਅਮਜ਼ ਦੇ ਬਿਆਨ ਅਨੁਸਾਰ, ਮੁਲਜ਼ਮ ਨੇ ਭਾਰਤ ਤੋਂ ਹੀ ਕਤਲ ਕਰਨ ਦੀ ਸਾਜ਼ਿਸ਼ ਰਚੀ, ਇੱਥੇ ਨਿਊਯਾਰਕ ਸਿਟੀ ਵਿੱਚ, ਭਾਰਤੀ ਮੂਲ ਦੇ ਇੱਕ ਅਮਰੀਕੀ ਨਾਗਰਿਕ, ਜਿਸਨੇ ਜਨਤਕ ਤੌਰ 'ਤੇ ਸਿੱਖਾਂ ਲਈ ਇੱਕ ਪ੍ਰਭੂਸੱਤਾ ਸੰਪੰਨ ਰਾਜ ਖਾਲਿਸਤਾਨ ਦੀ ਸਥਾਪਨਾ ਦੀ ਵਕਾਲਤ ਕੀਤੀ ਹੈ। ਇਹ ਦੋਸ਼ ਪਿਛਲੇ ਹਫ਼ਤੇ ਬਿਡੇਨ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਦੇ ਕਹਿਣ ਤੋਂ ਬਾਅਦ ਆਏ ਹਨ ਕਿ ਯੂਐਸ ਅਧਿਕਾਰੀਆਂ ਨੇ ਅਮਰੀਕਾ ਵਿੱਚ ਇੱਕ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਨਵੀਂ ਦਿੱਲੀ ਵਿੱਚ ਸਰਕਾਰ ਦੀਆਂ ਚਿੰਤਾਵਾਂ ਨੂੰ ਲੈ ਕੇ ਭਾਰਤ ਨੂੰ ਚੇਤਾਵਨੀ ਜਾਰੀ ਕੀਤੀ ਸੀ। ਡੈਮਿਅਨ ਵਿਲੀਅਮਜ਼, ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸੰਯੁਕਤ ਰਾਜ ਦੇ ਅਟਾਰਨੀ, ਮੈਥਿਊ ਜੀ। ਓਲਸਨ, ਨਿਆਂ ਵਿਭਾਗ ਦੇ ਰਾਸ਼ਟਰੀ ਸੁਰੱਖਿਆ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ, ਐਨੀ ਮਿਲਗ੍ਰਾਮ, ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ ("ਧਓਓ") ਦੀ ਪ੍ਰਸ਼ਾਸਕ, ਅਤੇ ਜੇਮਸ ਸਮਿਥ, ਫੈਡਰਲ ਬਿਊਰੋ ਆਫ ਇਨਵੈਸਟੀ-ਗੇਸ਼ਨ ਦੇ ਨਿਊਯਾਰਕ ਫੀਲਡ ਦਫਤਰ ਦੇ ਇੰਚਾਰਜ ਸਹਾਇਕ ਨਿਰਦੇਸ਼ਕ, ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੇ ਖਿਲਾਫ ਕਿਰਾਏ ਲਈ ਕਤਲ ਦੇ ਦੋਸ਼ ਦਾਇਰ ਕਰਨ ਦਾ ਐਲਾਨ ਕੀਤਾ। ਨਿਊਯਾਰਕ ਸਿਟੀ ਵਿੱਚ ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਕਰਨ ਦੀ ਨਾਕਾਮ ਸਾਜ਼ਿਸ਼ ਵਿੱਚ ਉਸਦੀ ਭਾਗੀਦਾਰੀ ਦੇ ਸਬੰਧ ਵਿੱਚ, ਇਹ ਦੋਸ਼ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਵਿੱਚ ਅੱਜ ਅਣਸੀਲ ਕੀਤੇ ਗਏ ਇੱਕ ਸੁਪਰਸੀਡਿੰਗ ਦੋਸ਼ ਵਿੱਚ ਸ਼ਾਮਲ ਹਨ। ਇਹ ਕੇਸ ਅਮਰੀਕੀ ਜ਼ਿਲ੍ਹਾ ਜੱਜ ਵਿਕਟਰ ਮੈਰੇਰੋ ਦੇ ਸਾਹਮਣੇ ਵਿਚਾਰ ਅਧੀਨ ਹੈ।



ਸੰਯੁਕਤ ਰਾਜ ਅਤੇ ਚੈੱਕ ਗਣਰਾਜ ਵਿਚਕਾਰ ਦੁਵੱਲੀ ਹਵਾਲਗੀ ਸੰਧੀ ਦੇ ਅਨੁਸਾਰ, ਚੈੱਕ ਅਧਿਕਾਰੀਆਂ ਨੇ 30 ਜੂਨ, 2023 ਨੂੰ ਗੁਪਤਾ ਨੂੰ ਗ੍ਰਿਫਤਾਰ ਕੀਤਾ ਅਤੇ ਹਿਰਾਸਤ ਵਿੱਚ ਲਿਆ। ਯੂਐਸ ਅਟਾਰਨੀ ਡੈਮੀਅਨ ਵਿਲੀਅਮਜ਼ ਨੇ ਕਿਹਾ: "ਜਿਵੇਂ ਕਿ ਕਥਿਤ ਤੌਰ 'ਤੇ, ਬਚਾਓ ਪੱਖ ਨੇ ਭਾਰਤ ਤੋਂ ਕਤਲ ਕਰਨ ਦੀ ਸਾਜ਼ਿਸ਼ ਰਚੀ, ਇੱਥੇ ਨਿਊਯਾਰਕ ਸਿਟੀ ਵਿੱਚ, ਭਾਰਤੀ ਮੂਲ ਦੇ ਇੱਕ ਅਮਰੀਕੀ ਨਾਗਰਿਕ, ਜਿਸਨੇ ਸਿੱਖਾਂ ਲਈ ਇੱਕ ਪ੍ਰਭੂਸੱਤਾ ਸੰਪੰਨ ਰਾਜ ਦੀ ਸਥਾਪਨਾ ਲਈ ਜਨਤਕ ਤੌਰ 'ਤੇ ਵਕਾਲਤ ਕੀਤੀ, ਮੈਂ ਸ਼ੁਕਰਗੁਜ਼ਾਰ ਹਾਂ ਕਿ ਮੇਰੇ ਦਫਤਰ ਅਤੇ ਸਾਡੇ ਕਾਨੂੰਨ ਲਾਗੂ ਕਰਨ ਵਾਲੇ ਭਾਈਵਾਲਾਂ ਨੇ ਇਸ ਘਾਤਕ ਅਤੇ ਘਿਨਾਉਣੇ ਖਤਰੇ ਨੂੰ ਬੇਅਸਰ ਕੀਤਾ। ਅਸੀਂ ਅਮਰੀਕਾ ਦੀ ਧਰਤੀ 'ਤੇ ਅਮਰੀਕੀ ਨਾਗਰਿਕਾਂ ਦੀ ਹੱਤਿਆ ਕਰਨ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ, ਅਤੇ ਇੱਥੇ ਜਾਂ ਵਿਦੇਸ਼ਾਂ ਵਿੱਚ ਅਮਰੀਕੀਆਂ ਨੂੰ ਨੁਕਸਾਨ ਪਹੁੰਚਾਉਣ ਅਤੇ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਜਾਂਚ, ਅਸਫਲ ਅਤੇ ਮੁਕੱਦਮਾ ਚਲਾਉਣ ਲਈ ਤਿਆਰ ਹਾਂ। ਅਸਿਸਟੈਂਟ ਅਟਾਰਨੀ ਜਨਰਲ ਮੈਥਿਊ ਜੀ ਓਲਸਨ ਨੇ ਕਿਹਾ: "ਇਸ ਕੇਸ ਵਿੱਚ ਸਮਰਪਿਤ ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਅਤੇ ਵਕੀਲਾਂ ਨੇ ਅਮਰੀਕੀ ਧਰਤੀ ਉੱਤੇ ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਕਰਨ ਦੀ ਖਤਰਨਾਕ ਸਾਜ਼ਿਸ਼ ਨੂੰ ਨਾਕਾਮ ਅਤੇ ਬੇਨਕਾਬ ਕੀਤਾ। ਨਿਆਂ ਵਿਭਾਗ ਸਾਡੇ ਅਧਿਕਾਰੀਆਂ ਦੀ ਪੂਰੀ ਪਹੁੰਚ ਦੀ ਵਰਤੋਂ ਕਰਨ ਵਿੱਚ ਨਿਰੰਤਰ ਰਹੇਗਾ। ਇਸ ਕੇਸ ਵਿੱਚ ਵੱਧ ਤੋਂ ਵੱਧ ਸੰਭਾਵੀ ਸਜ਼ਾਵਾਂ ਕਾਂਗਰਸ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਹਨ ਅਤੇ ਇੱਥੇ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਪ੍ਰਦਾਨ ਕੀਤੀਆਂ ਗਈਆਂ ਹਨ, ਕਿਉਂਕਿ ਬਚਾਓ ਪੱਖ ਦੀ ਕੋਈ ਵੀ ਸਜ਼ਾ ਜੱਜ ਦੁਆਰਾ ਨਿਰਧਾਰਤ ਕੀਤੀ ਜਾਵੇਗੀ। ਮਿਸਟਰ ਵਿਲੀਅਮਜ਼ ਨੇ ਡੀਈਏ ਦੇ ਨਿਊਯਾਰਕ ਡਰੱਗ ਇਨਫੋਰਸਮੈਂਟ ਟਾਸਕ ਫੋਰਸ ਅਤੇ ਐਫਬੀਆਈ ਦੇ ਨਿਊਯਾਰਕ ਫੀਲਡ ਆਫਿਸ ਦੇ ਕਾਊਂਟਰ ਇੰਟੈਲੀਜੈਂਸ ਡਿਵੀਜ਼ਨ ਦੇ ਸ਼ਾਨਦਾਰ ਖੋਜ ਕਾਰਜ ਦੀ ਪ੍ਰਸ਼ੰਸਾ ਕੀਤੀ। ਮਿਸਟਰ ਵਿਲੀਅਮਜ਼ ਨੇ ਡੀਈਏ ਦੇ ਸਪੈਸ਼ਲ ਓਪਰੇਸ਼ਨ ਡਿਵੀਜ਼ਨ, ਡੀਈਏ ਦੇ ਵਿਏਨਾ ਕੰਟਰੀ ਆਫਿਸ, ਐਫਬੀਆਈ ਦੇ ਪ੍ਰਾਗ ਕੰਟਰੀ ਆਫਿਸ, ਡਿਪਾਰਟਮੈਂਟ ਆਫ ਜਸਟਿਸ ਦੇ ਨੈਸ਼ਨਲ ਸਕਿਓਰਿਟੀ ਡਿਵੀਜ਼ਨ, ਡਿਪਾਰਟਮੈਂਟ ਆਫ ਜਸਟਿਸ ਆਫਿਸ ਆਫ ਇੰਟਰਨੈਸ਼ਨਲ ਅਫੇਅਰਜ਼, ਅਤੇ ਚੈੱਕ ਗਣਰਾਜ ਦੇ ਨੈਸ਼ਨਲ ਡਰੱਗ ਹੈੱਡਕੁਆਰਟਰ ਦਾ ਉਹਨਾਂ ਦੀ ਸਹਾਇਤਾ ਲਈ ਧੰਨਵਾਦ ਕੀਤਾ। DEA ਦੀ ਨਿਊਯਾਰਕ ਡਰੱਗ ਇਨਫੋਰਸਮੈਂਟ ਟਾਸਕ ਫੋਰਸ ਵਿੱਚ DEA, ਨਿਊਯਾਰਕ ਸਿਟੀ ਪੁਲਿਸ ਵਿਭਾਗ, ਅਤੇ ਨਿਊਯਾਰਕ ਸਟੇਟ ਪੁਲਿਸ ਦੇ ਏਜੰਟ ਅਤੇ ਟਾਸਕ ਫੋਰਸ ਅਧਿਕਾਰੀ ਸ਼ਾਮਲ ਹਨ। ਇਸ ਕੇਸ ਨੂੰ ਦਫ਼ਤਰ ਦੀ ਰਾਸ਼ਟਰੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਨਾਰਕੋਟਿਕਸ ਯੂਨਿਟ, ਹਿੰਸਕ ਅਤੇ ਸੰਗਠਿਤ ਅਪਰਾਧ ਯੂਨਿਟ, ਅਤੇ ਨਾਰਕੋਟਿਕਸ ਯੂਨਿਟ ਦੁਆਰਾ ਸੰਭਾਲਿਆ ਜਾ ਰਿਹਾ ਹੈ। ਅਸਿਸਟੈਂਟ ਯੂਐਸ ਅਟਾਰਨੀ ਕੈਮਿਲ ਐਲ। ਫਲੈਚਰ, ਐਸ਼ਲੇ ਸੀ। ਨਿਕੋਲਸ, ਅਤੇ ਅਲੈਗਜ਼ੈਂਡਰ ਲੀ ਮੁਕੱਦਮੇ ਦੇ ਅਟਾਰਨੀ ਕ੍ਰਿਸਟੋਫਰ ਕੁੱਕ ਅਤੇ ਨੈਸ਼ਨਲ ਸਕਿਓਰਿਟੀ ਡਿਵੀਜ਼ਨ ਦੇ ਕਾਊਂਟਰ ਇੰਟੈਲੀਜੈਂਸ ਅਤੇ ਐਕਸਪੋਰਟ ਕੰਟਰੋਲ ਸੈਕਸ਼ਨ ਦੇ ਰਾਬਰਟ ਮੈਕੁਲਰਸ ਦੀ ਸਹਾਇਤਾ ਨਾਲ ਮੁਕੱਦਮੇ ਦੇ ਇੰਚਾਰਜ ਹਨ। ਦੂਸਰੇ ਪਾਸੇ ਕੈਨੇਡੀਅਨ ਪ੍ਰਧਾਨ ਮੰਤਰੀ, ਜਸਟਿਨ ਟਰੂਡੋ ਨੇ ਸਤੰਬਰ ਵਿੱਚ ਐਲਾਨ ਕੀਤਾ ਸੀ ਕਿ 'ਭਰੋਸੇਯੋਗ ਦੋਸ਼' ਸਨ ਕਿ ਭਾਰਤ ਸਰਕਾਰ ਦੇ ਏਜੰਟਾਂ ਨੇ ਨਿੱਝਰ ਦੀ ਹੱਤਿਆ ਨੂੰ ਅੰਜਾਮ ਦਿੱਤਾ ਸੀ। ਭਾਰਤ ਵੱਲੋਂ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਗਿਆ ਸੀ, ਜਿਸ ਨੇ ਇਸ ਦਾਅਵੇ ਨੂੰ "ਬੇਤੁਕਾ" ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਸੀ। ਅਮਰੀਕੀ ਦੋਸ਼ ਹੁਣ ਪੁਸ਼ਟੀ ਕਰਦਾ ਜਾਪਦਾ ਹੈ, ਹਾਲਾਂਕਿ, ਇੱਕ ਸੁਤੰਤਰ ਸਿੱਖ ਰਾਜ ਦੀ ਸਿਰਜਣਾ ਦਾ ਸਮਰਥਨ ਕਰਨ ਵਾਲੇ ਭਾਰਤ ਸਰਕਾਰ ਦੇ ਅਲੋਚਕਾਂ ਨੂੰ ਚੁੱਪ ਕਰਾਉਣ ਅਤੇ ਮਾਰਨ ਲਈ ਕਥਿਤ ਤੌਰ 'ਤੇ ਭਾਰਤ ਵਿੱਚ ਰਚੀ ਗਈ ਇੱਕ ਗਲੋਬਲ ਸਾਜ਼ਿਸ਼ ਦੇ ਸਬੂਤ ਹਨ। ਦੂਸਰੇ ਪਾਸੇ ਇਸ ਘਟਨਾ ਤੋਂ ਸਿੱਖ ਭਾਈਚਾਰਾ ਸੁੰਨ ਹੈ ਭਾਵੇਂ ਸਾਰੇ ਸਿੱਖ ਖਾਲਿਸਤਾਨ ਦਾ ਸਮ੍ਰਥਨ ਨਹੀਂ ਕਰਦੇ।

# 3 ਫਲਸਤੀਨੀ ਵਿਦਿਆਰਥੀਆਂ ਵਿਚੋਂ ਇਕ ਉਮਰ ਭਰ ਲਈ ਅਪਾਹਜ

## ਰੀੜ ਦੀ ਹੱਡੀ ਵਿਚ ਵੱਜੀ ਗੋਲੀ ਨੇ ਕੀਤਾ ਅਪਾਹਜ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਵਰਮੌਂਟ ਰਾਜ ਵਿਚ ਬਰਲਿੰਗਟਨ ਵਿਖੇ ਬੀਤੇ ਦਿਨ ਇਕ ਸ਼ੱਕੀ ਗੋਰੇ ਵੱਲੋਂ ਗੋਲੀਆਂ ਮਾਰ ਕੇ ਜ਼ਖਮੀ ਕੀਤੇ 3 ਫਲਸਤੀਨੀ ਕਾਲਜ ਵਿਦਿਆਰਥੀਆਂ ਵਿਚੋਂ ਇਕ ਉਮਰ ਭਰ ਲਈ ਆਪਣੀਆਂ ਲੱਤਾਂ ਨੂੰ ਹਿਲਾ ਨਹੀਂ ਸਕੇਗਾ ਕਿਉਂਕਿ ਉਸ ਦੀ ਰੀੜ ਦੀ ਹੱਡੀ ਵਿਚ ਵੱਜੀ ਗੋਲੀ ਫਸ ਗਈ ਹੈ। ਇਹ ਜਾਣਕਾਰੀ ਵਿਦਿਆਰਥੀ ਦੇ ਪਰਿਵਾਰ ਨੇ ਇਕ ਚੈਨਲ ਨੂੰ ਦਿੱਤੀ ਹੈ। 20 ਸਾਲਾ ਵਿਦਿਆਰਥੀ ਹੀਸ਼ਮ ਅਵਾਰਤਨੀ ਦੀ ਮਾਂ ਏਲੀਜ਼ਾਬੈਥ ਪ੍ਰਾਈਸ ਨੇ ਕਿਹਾ ਹੈ ਕਿ ਅਵਾਰਤਨੀ ਦੀ ਰੀੜ ਦੀ ਹੱਡੀ ਵਿਚ 'ਲਾਇਲਾਜ' ਜ਼ਖਮ ਹੈ ਜਿਸ ਦਾ ਅਰਥ ਹੈ ਕਿ ਉਹ ਕੇਵਲ ਆਪਣੀ ਲੱਤਾਂ ਨੂੰ ਮਹਿਸੂਸ ਕਰ ਸਕੇਗਾ ਪਰੰਤੂ ਹਿਲਾ ਨਹੀਂ ਸਕੇਗਾ। ਪ੍ਰਾਈਸ ਨੇ ਕਿਹਾ ਕਿ ਉਸ ਦੇ ਪੁੱਤਰ ਦੀ ਹੰਸਲੀ ਹੱਡੀ ਵੀ ਟੁੱਟ ਗਈ ਹੈ ਤੇ ਉਹ ਆਪਣੇ ਸਰੀਰ ਦੇ ਤਾਪਮਾਨ ਨੂੰ ਬਰਕਰਾਰ ਰੱਖਣ ਵਿਚ ਮੁਸ਼ਕਿਲ ਮਹਿਸੂਸ ਕਰ ਰਿਹਾ ਹੈ। ਪ੍ਰਾਈਸ ਨੇ ਕਿਹਾ ਕਿ ਜਾਰਡਨ ਦੇ ਬਾਦਸ਼ਾਹ ਅਬਦੁਲਾ-11 ਨੇ ਇਲਾਜ਼ ਲਈ ਮੱਦਦ ਦੀ ਪੇਸ਼ਕਸ਼ ਕੀਤੀ ਹੈ। ਉਸ ਨੇ ਕਿਹਾ ਕਿ ਅਬਦੁਲਾ ਦੇ ਨਿੱਜੀ ਡਾਕਟਰ ਨੇ ਮਿਲ ਕੇ ਹੀਸ਼ਮ ਤੇ ਦੂਸਰੇ ਦੋ ਲੜਕਿਆਂ ਲਈ ਬਾਦਸ਼ਾਹ ਦੀ ਚਿੰਤਾ ਤੋਂ ਜਾਣੂ ਕਰਵਾਇਆ ਹੈ। ਪ੍ਰਾਈਸ ਨੇ ਆਸ ਪ੍ਰਗਟਾਈ ਹੈ ਕਿ ਬਾਦਸ਼ਾਹ ਇਕ ਮਾਹਿਰ ਨੂੰ ਅਮਰੀਕਾ ਭੇਜੇਗਾ ਜਿਥੇ ਉਹ ਹੀਸ਼ਮ ਨੂੰ ਵੇਖ ਕੇ ਫੈਸਲਾ ਕਰੇਗਾ ਕਿ ਉਸ ਨੂੰ ਕਿਸ ਕਿਸਮ ਦੀ ਮੱਦਦ ਦੀ ਲੋੜ ਹੈ। ਇਸ ਤੋਂ ਪਹਿਲਾਂ ਪ੍ਰਾਈਸ ਨੇ ਕਿਹਾ ਸੀ ਕਿ ਉਸ ਦੇ ਪੁੱਤਰ ਦੀਆਂ ਲੱਤਾਂ ਕੰਮ ਕਰ ਲੱਗ ਜਾਣਗੀਆਂ ਹਾਲਾਂ ਕਿ ਡਾਕਟਰਾਂ ਨੇ ਉਸ ਨੂੰ ਕਹਿ ਦਿੱਤਾ ਸੀ ਕਿ ਇਸ ਸਮੇ ਅਜਿਹਾ ਸੰਭਵ ਨਹੀਂ ਹੈ। ਪੁਲਿਸ ਨੇ ਇਸ ਮਾਮਲੇ ਵਿਚ ਜੇਸਨ ਈਟੋਨ (48) ਨਾਮੀ ਵਿਅਕਤੀ ਨੂੰ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ।


# ਦੋ ਉਮਰ ਕੈਦਾਂ ਕੱਟ ਰਹੇ ਸਾਬਕਾ ਅਟਾਰਨੀ ਨੂੰ ਵਿੱਤੀ ਅਪਰਾਧ ਦੇ ਮਾਮਲਿਆਂ ਵਿਚ 27 ਸਾਲ ਕੈਦ



**ਸੈਕਰਾਮੈਂਟੋ, ਕੈਲੀਫੋਰਨੀਆ–** ਦੱਖਣੀ ਕੈਰੋਲੀਨਾ ਦੇ ਸਾਬਕਾ ਅਟਾਰਨੀ ਅਲੈਕਸ ਮੁਰਦੌਘ ਜੋ ਆਪਣੀ ਪਤਨੀ ਤੇ ਪੁੱਤਰ ਦੀ ਹੱਤਿਆ ਦੇ ਮਾਮਲੇ ਵਿਚ ਦੋ ਉਮਰ ਕੈਦਾਂ ਕੱਟ ਰਿਹਾ ਹੈ, ਨੂੰ ਵਿੱਤੀ ਅਪਰਾਧਾਂ ਦੇ ਮਾਮਲਿਆਂ ਵਿਚ 27 ਸਾਲ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਸਾਊਸ ਕੈ-ਰੋਲੀਨਾ ਅਟਾਰਨੀ ਜਨਰਲ ਦੇ ਦਫਤਰ ਅਨੁਸਾਰ ਇਸ ਮਹੀਨੇ ਦੇ ਸ਼ੁਰੂ ਵਿਚ ਉਸ ਨੇ ਇਕ ਸਮਝੌਤੇ ਤਹਿਤ ਕਾਲੇ ਧੰਨ ਨੂੰ ਚਿੱਟਾ ਕਰਨ, ਭਰੋਸਾ ਤੋੜਨ, ਸਾਜਿਸ਼ ਰਚਣ , ਜਾਲਸਾਜ਼ੀ ਤੇ ਟੈਕਸ ਚੋਰੀ ਸਮੇਤ ਦੋ ਦਰਜ਼ਨ ਦੇ ਕਰੀਬ ਵਿੱਤੀ ਅਪਰਾਧਾਂ ਵਿਚ ਸ਼ਾਮਿਲ ਹੋਣ ਦਾ ਗੁਨਾਹ ਕਬੂਲ ਕਰ ਲਿਆ ਸੀ। ਅਟਾਰਨੀ ਏਰਿਕ ਬਲੈਂਡ ਨੇ ਕਿਹਾ ਹੈ ਕਿ ਉਹ ਅਲੈਕਸ ਮੁਰਦੌਘ ਨੂੰ ਸੁਣਾਈ ਸਜ਼ਾ ਤੋਂ ਸੰਤੁਸ਼ਟ ਹਨ। ਉਨਾਂ ਕਿਹਾ ਇਸ ਨਾਲ ਨਾ ਕੇਵਲ ਵਕੀਲਾਂ ਬਲਕਿ ਹਰ ਉਸ ਵਿਅਕਤੀ ਨੂੰ ਸਪਸ਼ਟ ਸੰਦੇਸ਼ ਗਿਆ ਹੈ ਜੋ ਠੱਗੀ ਠੋਰੀ ਕਰਨਾ ਚਹੁੰਦੇ ਹਨ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਕੈਦ ਕੱਟ ਰਹੇ ਸਾਬਕਾ ਪੁਲਿਸ ਅਫਸਰ ਚੌਵਿਨ ਉਪਰ ਜੇਲ ਵਿੱਚ ਹਮਲਾ ਕਰਨ ਵਾਲੇ ਕੈਦੀ ਉਪਰ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ

## ਹਮਲਾਵਰ ਨੇ ਕਿਹਾ ਜੇਕਰ ਸਮੇ ਸਿਰ ਪੁਲਿਸ ਕਾਰਵਾਈ ਨਾ ਕਰਦੀ ਤਾਂ ਉਹ ਚੌਵਿਨ ਨੂੰ ਮਾਰ ਦਿੰਦਾ





**ਸੈਕਰਾਮੈਂਟੋ, ਕੈਲੀਫੋਰਨੀਆ–** ਚਰਚਿਤ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ 20 ਸਾਲ ਤੋਂ ਵਧ ਸਜ਼ਾ ਕੱਟ ਰਹੇ ਮਿਨੇਆਪੋਲਿਸ ਦੇ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ ਉਪਰ ਜੇਲ ਵਿਚ ਹਮਲਾ ਕਰਨ ਵਾਲੇ ਉਸ ਦੇ ਸਾਥੀ ਕੈਦੀ ਜੌਹਨ ਟੁਰਸੈਕ ਉਪਰ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਜੌਹਨ ਟੁਰਸੈਕ ਨੇ ਚਾਕੂ ਨਾਲ ਚੌਵਿਨ ਉਪਰ 22 ਵਾਰ ਕੀਤੇ। ਉਹ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਚੌਵਿਨ ਉਪਰ ਹਮਲਾ ਕਰਨ ਬਾਰੇ ਸੋਚ ਰਿਹਾ ਸੀ। ਸੰਘੀ ਸ਼ਿਕਾਇਤ ਅਨੁਸਾਰ 24 ਨਵੰਬਰ ਨੂੰ ਸਥਾਨਕ ਸਮੇ ਅਨੁਸਾਰ ਦੁਪਹਿਰ 12।30 ਵਜੇ ਚੌਵਿਨ ਉਪਰ 52 ਸਾਲਾ ਟੁਰਸੈਕ ਵੱਲੋਂ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਟਕਸਨ (ਐਰੀਜ਼ੋਨਾ) ਜੇਲ ਦੀ ਲਾਅ ਲਾਇਬਰੇਰੀ ਵਿਚ ਸੀ। ਇਸ ਹਮਲੇ ਵਿਚ ਚੌਵਿਨ ਗੰਭੀਰ ਜ਼ਖਮੀ ਹੋ ਗਿਆ ਸੀ। ਸ਼ਕਾਇਤ ਅਨੁਸਾਰ ਸੰਘੀ ਜੇਲ ਦੇ ਪੁਲਿਸ ਅਫਸਰਾਂ ਨੇ ਤੁਰੰਤ ਕਾਰਵਾਈ ਕਰਕੇ ਚੌਵਿਨ ਨੂੰ ਬਚਾਇਆ। ਬਾਅਦ ਵਿਚ ਟੁਰਸੈਕ ਨੇ ਜੇਲ ਅਫਸਰਾਂ ਨੂੰ ਦੱਸਿਆ ਕਿ ਉਹ ਚੌਵਿਨ ਨੂੰ ਮਾਰ ਦੇਣਾ ਚਹੁੰਦਾ ਸੀ। ਟੁਰਸੈਕ ਵਿਰੁੱਧ ਹੱਤਿਆ ਦੇ ਇਰਾਦੇ ਨਾਲ ਹਮਲਾ ਕਰਨ, ਹਮਲੇ ਵਿਚ ਖਤਰਨਾਕ ਤਿੱਖਾ ਹੱਥਿਆਰ ਵਰਤਣ ਤੇ ਚੌਵਿਨ ਨੂੰ ਗੰਭੀਰ ਜ਼ਖਮੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਐਰੀਜ਼ੋਨਾ ਦੇ ਡਿਸਟ੍ਰਿਕਟ ਯੂ ਐਸ ਅਟਾਰਨੀ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਹੱਤਿਆ ਦੀ ਕੋਸ਼ਿਸ਼ ਤੇ ਮਾਰਨ ਦੇ ਇਰਾਦੇ ਨਾਲ ਹਮਲਾ ਕਰਨਾ, ਹਰੇਕ ਦੋਸ਼ ਤਹਿਤ ਵਧ ਤੋਂ ਵਧ 20 ਸਾਲ ਸਜ਼ਾ ਦੀ ਵਿਵਸਥਾ ਹੈ। ਖਤਰਨਾਕ ਹੱਥਿਆਰ ਨਾਲ ਹਮਲਾ ਕਰਨ ਤੇ ਹਮਲੇ ਵਿਚ ਗੰਭੀਰ ਜ਼ਖਮੀ ਕਰਨ ਦੇ ਹਰੇਕ ਦੋਸ਼ ਤਹਿਤ ਵਧ ਤੋਂ ਵਧ 10 ਸਾਲ ਸਜ਼ਾ ਦੀ ਵਿਵਸਥਾ ਹੈ। ਇਥੇ ਜਿਕਰਯੋਗ ਹੈ ਕਿ ਕਾਲੇ ਵਿਅਕਤੀ ਜਾਰਜ ਫਲਾਇਡ ਦੀ 2020 ਵਿਚ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੇ ਮਾਮਲੇ ਵਿਚ ਰਾਜ ਦੁ-ਆਰਾ ਦਾਇਰ ਦੋਸ਼ਾਂ ਤਹਿਤ ਚੌਵਿਨ ਨੂੰ ਅਪ੍ਰੈਲ 2021 ਵਿਚ ਦੋਸ਼ੀ ਕਰਾਰ ਦੇ ਕੇ ਸਾਢੇ 22 ਸਾਲ ਕੈਦ ਦੀ ਸਜ਼ਾ ਸੁਣਾਈ ਸੀ । ਬਾਅਦ ਵਿਚ ਫਲਾਇਡ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਸੰਘੀ ਦੋਸ਼ਾਂ ਤਹਿਤ ਉਸ ਨੂੰ 21 ਸਾਲ ਵੱਖਰੀ ਸਜ਼ਾ ਸੁਣਾਈ ਗਈ ਸੀ। ਇਹ ਦੋਨੋਂ ਸਜਾਵਾਂ ਨਾਲੋ ਨਾਲ ਚੱਲਣਗੀਆਂ। ਚੌਵਿਨ ਵੱਲੋਂ ਫਲਾਇਡ ਦੀ ਧੌਣ ਉਪਰ 9 ਮਿੰਟ ਤੱਕ ਗੋਡਾ ਰਖ ਕੇ ਨੱਪੀ ਰਖਿਆ ਗਿਆ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਬਾਅਦ ਵਿਚ ਅਮਰੀਕਾ ਭਰ ਵਿਚ ਕਾਲੇ ਭਾਈਚਾਰੇ ਤੇ ਹੋਰ ਨਿਆਂ ਪਸੰਦ ਅਮਰੀਕੀ ਲੋਕਾਂ ਵੱਲੋਂ ਨਿਆਂ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤੇ ਗਏ ਸਨ।

# ਅਮਰੀਕਾ ਵਿਚ ਇਸਰਾਈਲ ਦੇ ਕੌਂਸਲਖਾਨੇ ਅੱਗੇ ਇਕ ਵਿਅਕਤੀ ਵੱਲੋਂ ਆਤਮਦਾਹ ਦੀ ਕੋਸ਼ਿਸ਼



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਜਾਰਜੀਆ ਰਾਜ ਵਿਚ ਐਟਲਾਂਟਾ ਵਿਖੇ ਇਸਰਾਈਲ ਕੌਂਸਲੇਟ ਦੇ ਬਾਹਰਵਾਰ ਇਕ ਵਿਅਕਤੀ ਵੱਲੋਂ ਆਪਣੇ ਆਪ ਨੂੰ ਅੱਗ ਲਾ ਕੇ ਆਤਮਦਾਹ ਦੀ ਕੋਸ਼ਿਸ਼ ਕੀਤੀ ਗਈ। ਇਸ ਘਟਨਾ ਵਿਚ ਉਹ ਗੰਭੀਰ ਜਖਮੀ ਹੋ ਗਿਆ। ਐਟਲਾਂਟਾ ਪੁਲਿਸ ਮੁਖੀ ਡਰੇਨ ਸ਼ੀਰਬੌਮ ਨੇ ਇਸ ਘਟਨਾ ਨੂੰ ਸਿਰੇ ਦਾ ਰਾਜਸੀ ਕਦਮ ਕਰਾਰ ਦਿੱਤਾ ਹੈ। ਪੁਲਿਸ ਮੁੱਖੀ ਅਨੁਸਾਰ ਇਹ ਘਟਨਾ ਕੌਂਸਲੇਟ ਜਨਰਲ ਆਫ ਇਸਰਾਈਲ ਦਫਤਰ ਦੇ ਬਾਹਰਵਾਰ ਦੁਪਹਿਰ ਵੇਲੇ ਵਾਪਰੀ। ਉਨਾਂ ਕਿਹਾ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਇਸ ਘਟਨਾ ਦਾ ਅੱਤਵਾਦ ਨਾਲ ਕੋਈ ਸਬੰਧ ਨਹੀਂ ਹੈ। ਕੌਂਸਲੇਟ ਵਿਖੇ ਤਾਇਨਾਤ ਸੁਰੱਖਿਆ ਗਾਰਡਾਂ ਨੇ ਪ੍ਰਦਰਸ਼ਨਕਾਰੀ ਨੂੰ ਅੱਗ ਲਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਇਕ ਸੁਰੱਖਿਆ ਗਾਰਡ ਵੀ ਜ਼ਖਮੀ ਹੋ ਗਿਆ। ਮੌਕੇ ਤੋਂ ਇਕ ਫਸਲਤੀਨੀ ਝੰਡਾ ਵੀ ਬਰਾਮਦ ਹੋਇਆ ਹੈ।

# ਅਮਰੀਕਾ ਦੇ ਨੇਵਾਡਾ ਰਾਜ ਵਿਚ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ 1 ਮੌਤ ਤੇ 4 ਹੋਰ ਜ਼ਖਮੀ

## ਲਾਸ ਏਂਜਲਸ ਵਿਚ ਮਾਰੇ ਗਏ 3 ਬੇਘਰਿਆਂ ਦੇ ਮਾਮਲੇ ਵਿਚ ਇਕ ਸ਼ੱਕੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਨੇਵਾਡਾ ਰਾਜ ਦੇ ਸ਼ਹਿਰ ਪੂਰਬੀ ਲਾਸ ਵੇਗਾਸ ਵਿਚ ਬੇਘਰਿਆਂ ਦੇ ਬਸੇਰੇ ਵਿਖੇ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 4 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਲਾਸ ਵੇਗਾਸ ਪੁਲਿਸ ਦੇ ਲੈਫਟੀਨੈਂਟ ਜੈਸਨ ਜੌਹਨਸਨ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸ਼ਾਮ 5.35 ਵਜੇ ਦੇ ਕਰੀਬ ਚਾਰਲਸਟਨ ਬੋਲੇਵਾਰਡ ਅਤੇ ਹੋਨੋਲੂਲੂ ਸਟਰੀਟ ਦੇ ਚੁਰਾਹੇ ਨੇੜੇ ਵਾਪਰੀ। ਸ਼ੁਰੂ ਵਿਚ ਪੁਲਿਸ ਨੇ ਕਿਹਾ ਸੀ ਕਿ 2 ਲੋਕ ਮਾਰੇ ਗਏ ਹਨ ਤੇ 3 ਹੋਰ ਜ਼ਖਮੀ ਹੋਏ ਹਨ ਅਤੇ ਸਾਰੇ ਪੀੜਤ ਬੇਘਰੇ ਹਨ। ਜੌਹਨਸਨ ਨੇ ਕਿਹਾ ਕਿ ਉਹ ਨਹੀਂ ਕਹਿ ਸਕਦਾ ਕਿ ਗੋਲੀਬਾਰੀ ਤੋਂ ਪੀੜਤ ਸਾਰੇ 5 ਜਣੇ ਬੇਘਰੇ ਸਨ। ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਜੌਹਨਸਨ ਨੇ ਕਿਹਾ ਕਿ ਗੋਲੀਬਾਰੀ ਵਿਚ ਮਾਰੇ ਗਏ ਵਿਅਕਤੀ ਦੀ ਉਮਰ 50 ਸਾਲ ਦੇ ਕਰੀਬ ਹੈ ਤੇ ਬਾਕੀ 4 ਜ਼ਖਮੀਆਂ ਵਿਚੋਂ ਤਿੰਨ ਤੀਹਵਿਆਂ ਵਿਚ ਹਨ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਮ੍ਰਿਤਕ ਤੇ ਜ਼ਖਮੀਆਂ ਦੇ ਨਾਂ ਅਜੇ ਜਾਰੀ ਨਹੀਂ ਕੀਤੇ ਹਨ। ਜੌਹਨਸਨ ਨੇ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ ਉਨਾਂ ਨੇ ਗੋਲੀਬਾਰੀ ਤੋਂ ਬਾਅਦ ਇਕ ਵਿਅਕਤੀ ਨੂੰ ਹਨੇਰੇ ਦੀ ਓਟ ਲੈ ਕੇ ਫਰਾਰ ਹੁੰਦਾ ਵੇਖਿਆ ਹੈ ਪਰੰਤੂ ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਫਰਾਰ ਹੋਇਆ ਵਿਅਕਤੀ ਗੋਲੀਬਾਰੀ ਵਿਚ ਸ਼ਾਮਲ ਹੈ ਜਾਂ ਨਹੀਂ। ਇਥੇ ਜਿਕਰਯੋਗ ਹੈ ਕਿ ਲਾਸ ਵੇਗਾਸ ਪੁਲਿਸ ਵਿਭਾਗ ਨੇ ਲੰਘੇ ਸ਼ੁੱਕਰਵਾਰ ਸੇਫਟੀ ਬੁਲੇਟਿਨ ਜਾਰੀ ਕੀਤਾ ਸੀ ਜਿਸ ਵਿਚ ਬੇਘਰੇ ਲੋਕਾਂ ਨੂੰ ਕਿਹਾ ਗਿਆ ਸੀ ਕਿ ਉਹ ਖੁਲੇ ਵਿਚ ਸੜਕਾਂ ਉਪਰ ਸੌਣ ਦੀ ਬਜਾਏ ਰੈਣ ਬਸੇਰਿਆਂ ਵਿਚ ਸੌਣ।



3 ਬੇਘਰਿਆਂ ਦੀ ਹੱਤਿਆ ਦੇ ਮਾਮਲੇ ਵਿਚ ਇਕ ਸ਼ੱਕੀ ਗ੍ਰਿਫਤਾਰ - ਇਸੇ ਹਫਤੇ ਲਾਸ ਏਂਜਲਸ (ਕੈਲੀਫੋਰਨੀਆ) ਵਿਚ ਵੱਖ ਵੱਖ ਥਾਵਾਂ 'ਤੇ ਗੋਲੀਆਂ ਮਾਰ ਕੇ 3 ਬੇਘਰਿਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਪੁਲਿਸ ਨੇ ਇਕ ਸ਼ੱਕੀ ਨੂੰ ਗ੍ਰਿਫਤਾਰ ਕੀਤਾ ਹੈ।

ਲਾਸ ਏਂਜਲਸ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਨਾਂ ਨੂੰ ਉਸ ਵੇਲੇ ਗੋਲੀ ਮਾਰੀ ਗਏ ਜਦੋਂ ਉਹ ਇਕੱਲੇ ਸੁੱਤੇ ਪਏ ਸਨ। ਲਾਸ ਏਂਜਲਸ ਪੁਲਿਸ ਮੁਖੀ ਮੀਸ਼ੈਲ ਮੂਰ ਨੇ ਕਿਹਾ ਕਿ ਸ਼ੱਕੀ ਦੀ ਪਛਾਣ ਜੈਰਿਡ ਜੋਸਫ ਪਾਵੇਲ (33) ਵਜੋਂ ਹੋਈ ਹੈ ਜੋ ਇਕ ਕਾਲਾ ਹੈ ਤੇ ਲਾਸ ਏਂਜਲਸ ਦਾ ਹੀ ਵਸਨੀਕ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ ਵਿਭਾਗ ਅਨੁਸਾਰ ਉਸ ਨੂੰ ਵਾਹਣਾਂ ਦੀ ਤਲਾਸ਼ ਦੌਰਾਨ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਜਿਸ ਦਿਨ ਤੀਸਰੇ ਬੇਘਰੇ ਵਿਅਕਤੀ ਦੀ ਹੱਤਿਆ ਹੋਈ ਸੀ।

# ਕੈਲੀਫੋਰਨੀਆ ਵਿਚ 3 ਬੇਘਰਿਆਂ ਸਮੇਤ 4 ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਪਿਛਲੇ ਹਫਤੇ ਕੈਲੀਫੋਰ-ਨੀਆ ਦੇ ਵੱਡੇ ਸ਼ਹਿਰ ਲਾਸ ਏਂਜਲਸ ਵਿਚ ਸੁੱਤੇ ਪਏ 3 ਬੇਘਰੇ ਵਿਅਕਤੀਆਂ ਦੀ ਹੱਤਿਆ ਤੇ ਸੈਨ ਡਿਮਸ ਖੇਤਰ ਵਿਚ ਇਕ ਘਰ ਵਿਚ ਲੁੱਟਮਾਰ ਦੌਰਾਨ ਇਕ ਹੋਰ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਜੈਰਿਡ ਜੋਸਫ ਪਾਵਲ (33) ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ 4 ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਲਾਸ ਏਂਜਲਸ ਕਾਊਂਟੀ ਡਿਸਟ੍ਰਿਕਟ ਅਟਾਰਨੀ ਜਾਰਜ ਗੈਸਕੋਨ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਦਾਇਰ ਅਪਰਾਧਕ ਸ਼ਿਕਾਇਤ ਅਨੁਸਾਰ ਪਾਵਲ ਵਿਰੁੱਧ 4 ਹੱਤਿਆਵਾਂ ਕਰਨ, ਘਰ ਵਿਚ ਲੁੱਟਮਾਰ ਦੌਰਾਨ ਹੱਤਿਆ ਕਰਨ ਤੇ ਹੱਥਿਆਰ ਰਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਮੁੱਖੀ ਮੀਸ਼ੈਲ ਮੂਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਵਲ ਨੂੰ ਪਿਛਲੇ ਹਫਤੇ ਸੈਨ ਡਿਮਸ ਖੇਤਰ ਵਿਚ ਲੁੱਟਮਾਰ ਦੌਰਾਨ ਗੋਲੀ ਚਲਾ ਕੇ ਇਕ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿਚ ਜਾਂਚਕਾਰਾਂ ਨੇ ਨਿਗਰਾਨ ਤਕਨੀਕ ਦੀ ਵਰਤੋਂ ਦੁਆਰਾ ਉਸ ਨੂੰ ਉਸੇ ਹਫਤੇ ਲਾਸ ਏਂਜਲਸ ਵਿਚ 3 ਬੇਘਰੇ ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਵੀ ਦੋਸ਼ੀ ਪਾਇਆ। ਜਾਂਚਕਾਰਾਂ ਨੇ ਇਕ ਗੰਨ ਵੀ ਬਰਾਮਦ ਕੀਤੀ ਹੈ ਤੇ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਸ ਗੰਨ ਦੀ ਵਰਤੋਂ ਲੁੱਟਮਾਰ ਦੌਰਾਨ ਕੀਤੀ ਗਈ ਹੈ। ਪਾਵਲ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਤੇ ਅਗਲੀ ਸੁਣਵਾਈ ਅਗਲੇ ਸਾਲ 8 ਜਨਵਰੀ ਨੂੰ ਹੋਵੇਗੀ।



# ਅਮਰੀਕਾ ਦੇ ਅਲਬਾਮਾ ਰਾਜ ਵਿਚ ਪਾਲਤੂ ਕੁੱਤੇ ਨੇ 3 ਮਹੀਨੇ ਦੇ ਬੱਚੇ ਨੂੰ ਨੋਚਿਆ, ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਅਲਬਾਮਾ ਰਾਜ ਵਿਚ ਪਰਿਵਾਰ ਦੇ ਇਕ ਪਾਲਤੂ 'ਵੋਲਫ ਹਾਈਬਰਿਡ' ਕੁੱਤੇ ਨੇ ਇਕ 3 ਸਾਲ ਦੇ ਬੱਚੇ ਉਪਰ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਵੱਢ ਕੱਟ ਦਿੱਤਾ ਜਿਸ ਉਪਰੰਤ ਉਸ ਦੀ ਮੌਤ ਹੋ ਗਈ।

'ਵੋਲਫ ਹਾਈਬਰਿਡ' ਇਕ ਜੰਗਲੀ ਜਾਨਵਰ ਹੈ ਜੋ ਕੁੱਤੇ ਤੇ ਬਘਿਆੜ ਦੀ ਮਿਸ਼ਰਤ ਸ਼੍ਰੇਣੀ ਵਿਚ ਆਉਂਦਾ ਹੈ। ਇਹ ਜਾਣਕਾਰੀ ਸ਼ੈਲਬਾਈ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦਫਤਰ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਦੁਪਹਿਰ ਤਕਰੀਬਨ 12.54 ਵਜੇ ਚੈਲਸੀ ਖੇਤਰ ਦੇ ਇਕ ਘਰ ਵਿਚ ਇਕ ਕੁੱਤੇ ਵੱਲੋਂ ਬੱਚੇ ਉਪਰ ਹਮਲਾ ਕਰ ਦੇਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਤੇ ਹੋਰ ਅਧਿਕਾਰੀ ਮੌਕੇ ਉਪਰ ਪੁੱਜੇ । ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਲਾਅ ਇਨਫੋਰਸਮੈਂਟ ਦੀ ਬੇਨਤੀ 'ਤੇ ਕੁੱਤੇ ਨੂੰ ਮੌਕੇ ਉਪਰ ਹੀ ਮਾਰ ਦਿੱਤਾ ਗਿਆ ।

ਸ਼ੈਲਬੀ ਕਾਊਂਟੀ ਕੋਰੋਨਰ ਲੀਨਾ ਈਵਾਨਸ ਨੇ ਕਿਹਾ ਹੈ ਕਿ ਬੱਚੇ ਦੀ ਮੌਤ ਦੀ ਜਾਂਚ ਹੋਵੇਗੀ ਤੇ ਲਾਸ਼ ਦਾ ਪੋਸਟ ਮਾਰਟਮ ਕੀਤਾ ਜਾਵੇਗਾ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

Learn to live in this world with self-respect. You should always cherish some ambition of doing something in this world. But remember that the age of selflessness has ended. A new epoch is set in. All things are now possible because of your being able to participate in the politics and legislature of your country.

- Dr. Ambedkar





# WE TRIBUTE TO BHARAT RATAN BABASAHEB DR. BHIMRAO RAMJI AMBEDKAR



## Momi Brothers

ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

DAYS INN
Holiday Inn EXPRESS HOTEL & SUITES
momi




# TRIBUTE TO BHARAT RATAN BABASAHEB DR. BHIMRAO RAMJI AMBEDKAR



ਹੰਸ ਰਾਜ ਕਾਜਲਾ


HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212

EMAIL: indiabazaar08@yahoo.com

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਭਾਜਪਾ ਅਤੇ ਤਿਲੰਗਾਨਾ ਵਿਚ ਕਾਂਗਰਸ ਜਿੱਤੀ, ਮਿਜ਼ੋਰਮ 'ਚ ਗੱਠਜੋੜ ਦੀ ਜਿੱਤ

**ਨਵੀਂ ਦਿੱਲੀ (ਬਿਊਰੋ)–** ਚਾਰ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਪਈਆਂ ਵੋਟਾਂ ਦੇ ਆਏ ਨਤੀਜਿਆਂ 'ਚ ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ 'ਚ ਜਿੱਤ ਦਰਜ ਕੀਤੀ ਹੈ ਜਦਕਿ ਤਿਲੰਗਾਨਾ ਵਿੱਚ ਕਾਂਗਰਸ ਨੇ ਬੀਆਰਐੱਸ ਨੂੰ ਸੱਤਾ 'ਚੋਂ ਬਾਹਰ ਕਰ ਦਿੱਤਾ ਹੈ। 3 ਦਸੰਬਰ ਨੂੰ ਜਿਵੇਂ ਹੀ ਚਾਰ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਸ਼ੁਰੂ ਹੋਈ ਤਾਂ ਰੁਝਾਨਾਂ ਤੇ ਜਿੱਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਛਾਪ ਦੇ ਨਾਲ ਭਾਜਪਾ ਦੀ ਹਕੂਮਤ ਵਾਲੀ ਚੋਣ ਤਸਵੀਰ ਪੇਸ਼ ਕੀਤੀ। ਚੋਣ ਨਤੀਜੇ ਸਾਹਮਣੇ ਆਉਣ ਮਗਰੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਅਸਤੀਫੇ ਸੂਬਿਆਂ ਦੇ ਰਾਜਪਾਲਾਂ ਨੂੰ ਸੌਂਪ ਦਿੱਤੇ ਹਨ।

| ਮੱਧ ਪ੍ਰਦੇਸ਼ | ਸੀਟਾਂ 230 |
|---|---|
| ਭਾਜਪਾ | 163 |
| ਕਾਂਗਰਸ | 66 |
| ਹੋਰ | 01 |

| ਛੱਤੀਸਗੜ੍ਹ | ਸੀਟਾਂ 90 |
|---|---|
| ਭਾਜਪਾ | 54 |
| ਕਾਂਗਰਸ | 35 |
| ਹੋਰ | 01 |

| ਰਾਜਸਥਾਨ | ਸੀਟਾਂ 199 |
|---|---|
| ਭਾਜਪਾ | 115 |
| ਕਾਂਗਰਸ | 69 |
| ਆਜ਼ਾਦ | 08 |
| ਹੋਰ | 07 |

| ਤਿਲੰਗਾਨਾ | ਸੀਟਾਂ 119 |
|---|---|
| ਕਾਂਗਰਸ | 64 |
| ਬੀਆਰਐੱਸ | 39 |
| ਭਾਜਪਾ | 08 |
| ਏਆਈਐੱਮਆਈਐੱਮ ਤੇ ਹੋਰ | 7+1 |

ਚੋਣ ਨਤੀਜਿਆਂ 'ਚ ਭਾਜਪਾ ਨੇ ਜਿੱਥੇ ਮੱਧ ਪ੍ਰਦੇਸ਼ 'ਚ ਆਪਣੀ ਸਰਕਾਰ ਕਾਇਮ ਰੱਖੀ ਹੈ ਉੱਥੇ ਹੀ ਦੋ ਸੂਬਿਆਂ ਰਾਜਸਥਾਨ ਤੇ ਛੱਤੀਸਗੜ੍ਹ ਦੀ ਸੱਤਾ ਕਾਂਗਰਸ ਤੋਂ ਖੋਹ ਲਈ ਹੈ। ਕਾਂਗਰਸ ਦੋ ਸੂਬੇ ਹਾਰ ਗਈ ਪਰ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਤੋਂ ਤਿਲੰਗਾਨਾ ਜਿੱਤ ਗਈ। ਇਸ ਦੱਖਣੀ ਸੂਬੇ 'ਚ ਮਿਲੀ ਜਿੱਤ ਨੇ ਹੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਜਸ਼ਨ ਮਨਾਉਣ ਦਾ ਮੌਕਾ ਦਿੱਤਾ ਹੈ ਅਤੇ ਕੇ ਚੰਦਰਸ਼ੇਖਰ ਰਾਓ ਦੀ ਲੀਡਰਸ਼ਿਪ ਵਾਲੀ ਬੀਆਰਐੱਸ, ਜਿਸ ਨੂੰ ਲਗਾਤਾਰ ਤੀਜੀ ਵਾਰ ਜਿੱਤਣ ਦੀ ਉਮੀਦ ਸੀ, ਨੂੰ ਆਤਮ ਚਿੰਤਨ ਲਈ ਮਜਬੂਰ ਕਰ ਦਿੱਤਾ ਹੈ। ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ 230 ਸੀਟਾਂ 'ਚੋਂ ਭਾਜਪਾ ਨੇ 163 ਸੀਟਾਂ 'ਤੇ ਜਿੱਤ ਦਰਜ ਕਰ ਲਈ ਹੈ ਜਾਂ ਲੀਡ ਹਾਸਲ ਕੀਤੀ ਹੋਈ ਜਦਕਿ ਕਾਂਗਰਸ 66 ਸੀਟਾਂ ਹਾਸਲ ਕਰ ਚੁੱਕੀ ਹੈ। ਗੁਆਂਢੀ ਸੂਬੇ ਰਾਜਸਥਾਨ ਵਿੱਚ ਲੋਕਾਂ ਨੇ ਹਰ ਪੰਜ ਸਾਲ ਮਗਰੋਂ ਸਰਕਾਰ ਬਦਲਣ ਦੀ ਰਵਾਇਤ ਕਾਇਮ ਰੱਖੀ ਹੈ ਅਤੇ ਇੱਥੋਂ ਦੀਆਂ 199 ਵਿਧਾਨ ਸਭਾ ਸੀਟਾਂ 'ਚੋਂ ਭਾਜਪਾ ਨੇ 115 ਜਦਕਿ ਕਾਂਗਰਸ ਨੇ 69 ਸੀਟਾਂ ਜਿੱਤੀਆਂ ਹਨ। ਉੱਧਰ ਛੱਤੀਸਗੜ੍ਹ ਵਿਚਲੀਆਂ 90 ਸੀਟਾਂ 'ਚੋਂ ਭਾਜਪਾ ਨੇ 54 ਤੇ ਕਾਂਗਰਸ ਨੇ 35 ਸੀਟਾਂ ਜਿੱਤੀਆਂ ਹਨ। ਤਿਲੰਗਾਨਾ ਦੀਆਂ 119 ਵਿਧਾਨ ਸਭਾ ਸੀਟਾਂ 'ਚੋਂ ਕਾਂਗਰਸ ਨੇ 64 ਸੀਟਾਂ ਜਦਕਿ ਬੀਆਰਐੱਸ 39 ਤੇ ਭਾਜਪਾ ਨੇ 8 ਸੀਟਾਂ ਹਾਸਲ ਕੀਤੀਆਂ ਹਨ। ਚੋਣ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਮੱਧ ਪ੍ਰਦੇਸ਼, ਰਾਜਸਥਾਨ ਤੇ ਤਿਲੰਗਾਨਾ 'ਚ 1 ਫੀਸਦ ਤੋਂ ਵੀ ਘੱਟ ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ ਜਦਕਿ ਛੱਤੀਸਗੜ੍ਹ ਵਿਚ 1.29 ਫੀਸਦ ਲੋਕਾਂ ਨੇ ਨੋਟਾ ਦੀ ਵਰਤੋਂ ਕੀਤੀ ਹੈ।

ਭਾਜਪਾ ਦੀ ਜਿੱਤ ਮਗਰੋਂ ਭਾਜਪਾ ਆਗੂਆਂ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਵਿੱਚ ਲੋਕਾਂ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀਆਂ ਗਈਆਂ ਗਾਰੰਟੀਆਂ ਅਤੇ ਭਾਜਪਾ ਦੇ ਪ੍ਰਸ਼ਾਸਨ 'ਤੇ ਭਰੋਸਾ ਜ਼ਾਹਿਰ ਕੀਤਾ ਹੈ। ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਆਏ ਇਨ੍ਹਾਂ ਚਾਰ ਸੂਬਿਆਂ ਦੇ ਚੋਣ ਨਤੀਜਿਆਂ ਨੂੰ ਬਹੁਤ ਹੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਮਿਜ਼ੋਰਮ ਸਮੇਤ ਇਨ੍ਹਾਂ ਪੰਜ ਸੂਬਿਆਂ ਵਿੱਚ 84 ਲੋਕ ਸਭਾ ਹਲਕੇ ਹਨ। ਇਨ੍ਹਾਂ 'ਚੋਂ ਮੱਧ ਪ੍ਰਦੇਸ਼ ਵਿੱਚ 29, ਛੱਤੀਸਗੜ੍ਹ 'ਚ 11, ਰਾਜਸਥਾਨ 'ਚ 25, ਤਿਲੰਗਾਨਾ 'ਚ 17 ਅਤੇ ਮਿਜ਼ੋਰਮ 'ਚ ਦੋ ਲੋਕ ਸਭਾ ਹਲਕੇ ਆਉਂਦੇ ਹਨ।

ਮਿਜ਼ੋਰਮ ਵਿਚ ਆਈਪੀਐਸ ਅਧਿਕਾਰੀ ਤੋਂ ਸਿਆਸਤਦਾਨ ਬਣੇ ਲਾਲਦੂਹੋਮਾ ਦੀ ਅਗਵਾਈ ਵਾਲੇ ਛੇ ਖੇਤਰੀ ਪਾਰਟੀਆਂ ਦੇ ਗੱਠਜੋੜ ਤੋਂ ਬਣੀ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈਡਪੀਐਮ) ਨੇ ਸੱਤਾਧਾਰੀ ਪਾਰਟੀ ਮਿਜ਼ੋ ਨੈਸ਼ਨਲ ਫਰੰਟ (ਐਮਐਨਐਫ਼) ਨੂੰ ਹਰਾ ਕੇ ਸੱਤਾ ਉੱਤੇ ਕਬਜ਼ਾ ਕਰ ਲਿਆ ਹੈ। ਮਿਜ਼ੋਰਮ ਵਿਧਾਨ ਸਭਾ ਚੋਣਾਂ ਵਿਚ ਜ਼ੈਡਪੀਐਮ ਨੇ 40 ਸੀਟਾਂ ਵਿਚੋਂ 27 ਸੀਟਾਂ 'ਤੇ ਸਫਲਤਾ ਹਾਸਿਲ ਕੀਤੀ। ਇਸ ਜਿੱਤ ਨੇ ਇਸ ਉੱਤਰ-ਪੂਰਬੀ ਸੂਬੇ ਵਿਚ ਨਵੀਂ ਸ਼ੁਰੂਆਤ ਦਾ ਸੰਕੇਤ ਦਿੱਤਾ ਹੈ। ਇਸ ਸੂਬੇ ਵਿਚ ਦਹਾਕਿਆਂ ਤੱਕ ਐਮਐਨਐਫ਼ ਜਾਂ ਕਾਂਗਰਸ ਦਾ ਰਾਜ ਰਿਹਾ ਹੈ।

ਐਮਐਨਐਫ਼ ਜ਼ੋਰਦਾਰ ਸੱਤਾ ਵਿਰੋਧੀ ਲਹਿਰ ਦੀ ਮਾਰ ਨਾ ਝੱਲ ਸਕੀ ਅਤੇ ਮੁੱਖ ਮੰਤਰੀ ਜ਼ੋਰਮਥਾਂਗਾ ਅਤੇ ਉਪ ਮੁੱਖ ਮੰਤਰੀ ਤਾਵੰਲੂਈਆ ਤੱਕ ਆਪਣੀਆਂ ਸੀਟਾਂ ਨਹੀਂ ਬਚਾ ਸਕੇ। ਪੁਲੀਸ ਵਿਚ ਨੌਕਰੀ ਦੌਰਾਨ ਲਾਲਦੂਹੋਮਾ 1982 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੁਰੱਖਿਆ ਇੰਚਾਰਜ ਰਿਹਾ। ਉਸ ਸਮੇਂ ਉਸ ਨੇ ਮਿਜ਼ੋਰਮ ਵਿਚ ਅਮਨ ਕਾਇਮ ਕਰਨ ਲਈ ਚੱਲ ਰਹੀ ਗੱਲਬਾਤ ਵਿਚ ਅਹਿਮ ਭੂਮਿਕਾ ਨਿਭਾਈ। ਉਹ ਰਾਜੀਵ ਗਾਂਧੀ ਦੇ ਵੀ ਨਜ਼ਦੀਕ ਸੀ। ਨੌਕਰੀ ਤੋਂ ਅਸਤੀਫ਼ਾ ਦੇਣ ਬਾਅਦ 1984 ਵਿਚ ਉਹ ਕਾਂਗਰਸ ਵੱਲੋਂ ਮਿਜ਼ੋਰਮ ਤੋਂ ਲੋਕ ਸਭਾ ਦਾ ਮੈਂਬਰ ਚੁਣਿਆ ਗਿਆ ਤੇ ਮਿਜ਼ੋਰਮ ਕਾਂਗਰਸ ਦਾ ਪ੍ਰਧਾਨ ਬਣਿਆ। 1985 ਵਿਚ ਉਸ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਉਹ ਕਈ ਪਾਰਟੀਆਂ ਵਿਚ ਸ਼ਾਮਿਲ ਹੋਇਆ ਅਤੇ 1997 ਵਿਚ ਜ਼ੋਰਮ ਨੈਸ਼ਨਲਿਸਟ ਪਾਰਟੀ ਬਣਾਈ। 2018 ਵਿਚ ਪਾਰਟੀ ਨੇ 5 ਹੋਰ ਪਾਰਟੀਆਂ ਨਾਲ ਮਿਲ ਕੇ ਜ਼ੋਰਮ ਪੀਪਲਜ਼ ਮੂਵਮੈਂਟ ਗੱਠਜੋੜ ਬਣਾਇਆ ਜਿਸ ਦਾ 2019 ਵਿਚ ਏਕੀਕਰਨ ਹੋ ਗਿਆ।

**ਭਾਜਪਾ ਦੀ ਸਰਕਾਰ 12 ਰਾਜਾਂ ਵਿਚ, ਕਾਂਗਰਸ 3 ਤੱਕ ਸੀਮਤ**

ਹਾਲ ਹੀ ਵਿਚ ਚਾਰ ਸੂਬਿਆਂ 'ਚ ਹੋਈਆਂ ਵਿਧਾਨ ਸਭਾ ਚੋਣਾਂ ਵਿਚੋਂ ਤਿੰਨ 'ਚ ਭਾਜਪਾ ਨੂੰ ਮਿਲੀ ਜਿੱਤ ਤੋਂ ਬਾਅਦ ਹੁਣ 12 ਰਾਜਾਂ ਵਿਚ ਸਿੱਧੇ ਤੌਰ 'ਤੇ ਇਸ ਪਾਰਟੀ ਦੀ ਸਰਕਾਰ ਕਾਇਮ ਹੋ ਗਈ ਹੈ। ਜਦਕਿ ਕਾਂਗਰਸ ਦੀਆਂ ਸਰਕਾਰ ਅਧੀਨ ਸੂਬਿਆਂ ਦੀ ਗਿਣਤੀ ਘਟ ਕੇ 3 ਰਹਿ ਗਈ ਹੈ। ਇਹ ਉਹ ਸੂਬੇ ਹਨ ਜਿੱਥੇ ਪਾਰਟੀ ਸਿੱਧੇ ਤੌਰ 'ਤੇ ਖ਼ੁਦ ਸੱਤਾ ਵਿਚ ਹੈ। ਹਾਲ ਦੀਆਂ ਚੋਣਾਂ ਵਿਚ ਪਾਰਟੀ ਨੇ ਰਾਜਸਥਾਨ ਤੇ ਛੱਤੀਸਗੜ੍ਹ ਸੂਬੇ ਗੁਆ ਲਏ ਹਨ। ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਅਧੀਨ ਇਸ ਵੇਲੇ ਜਿਹੜੇ ਸੂਬੇ ਹਨ, ਉਨ੍ਹਾਂ ਵਿਚ ਲੋਕ ਸਭਾ ਦੀਆਂ ਕੁੱਲ 543 ਵਿਚੋਂ ਕਰੀਬ ਅੱਧੀਆਂ ਸੀਟਾਂ ਹਨ ਜਦਕਿ ਸਿਰਫ਼ ਦੋ ਰਾਜ ਅਜਿਹੇ ਹਨ, ਜਿੱਥੇ ਲੋਕ ਸਭਾ ਦੀਆਂ 50 ਤੋਂ ਘੱਟ ਸੀਟਾਂ ਹਨ ਤੇ ਉੱਥੇ ਅਜਿਹੀਆਂ ਪਾਰਟੀਆਂ ਸੱਤਾ ਵਿਚ ਹਨ ਜੋ ਨਾ ਤਾਂ ਐੱਨਡੀਏ ਦੇ ਨਾਲ ਹਨ ਤੇ ਨਾ ਹੀ ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਦਾ ਹਿੱਸਾ ਹਨ। ਦਿੱਲੀ ਤੇ ਪੰਜਾਬ ਵਿਚ ਸਰਕਾਰਾਂ ਦੇ ਨਾਲ 'ਆਪ' ਹੁਣ ਤੀਜੀ ਸਭ ਤੋਂ ਵੱਡੀ ਕੌਮੀ ਪਾਰਟੀ ਹੈ। ਭਾਜਪਾ ਵਰਤਮਾਨ 'ਚ ਉੱਤਰਾਖੰਡ, ਹਰਿਆਣਾ, ਯੂਪੀ, ਗੁਜਰਾਤ, ਗੋਆ, ਅਸਾਮ, ਤ੍ਰਿਪੁਰਾ, ਮਨੀਪੁਰ ਤੇ ਅਰੁਣਾਚਲ ਪ੍ਰਦੇਸ਼ ਵਿਚ ਸੱਤਾ 'ਚ ਹੈ। ਹਾਲੀਆਂ ਚੋਣਾਂ ਵਿਚ ਮੱਧ ਪ੍ਰਦੇਸ਼ 'ਚ ਇਸ ਦੀ ਸੱਤਾ ਕਾਇਮ ਰਹੀ ਹੈ ਤੇ ਰਾਜਸਥਾਨ ਅਤੇ ਛੱਤੀਸਗੜ੍ਹ ਇਸ ਨੇ ਕਾਂਗਰਸ ਤੋਂ ਖੋਹ ਲਏ ਹਨ। ਇਸ ਤੋਂ ਇਲਾਵਾ ਭਗਵਾ ਪਾਰਟੀ ਮਹਾਰਾਸ਼ਟਰ, ਮੇਘਾਲਿਆ, ਨਾਗਾਲੈਂਡ ਤੇ ਸਿੱਕਿਮ ਵਿਚ ਗੱਠਜੋੜ ਸਰਕਾਰ ਚਲਾ ਰਹੀ ਹੈ। ਕਾਂਗਰਸ ਦੀ ਸਰਕਾਰ ਹੁਣ ਸਿਰਫ਼ ਤਿੰਨ ਰਾਜਾਂ- ਕਰਨਾਟਕ, ਹਿਮਾਚਲ ਤੇ ਤਿਲੰਗਾਨਾ ਵਿਚ ਹੈ।

ਜਦਕਿ ਬਿਹਾਰ ਤੇ ਝਾਰਖੰਡ ਵਿਚ ਇਹ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ। ਤਾਮਿਲਨਾਡੂ ਵਿਚ ਇਹ ਡੀਐਮਕੇ ਦੀ ਸਹਿਯੋਗੀ ਹੈ, ਹਾਲਾਂਕਿ ਕਾਂਗਰਸ ਤਾਮਿਲਨਾਡੂ ਸਰਕਾਰ ਦਾ ਹਿੱਸਾ ਨਹੀਂ ਹੈ। ਦੱਸਣਯੋਗ ਹੈ ਕਿ ਇਸ ਵੇਲੇ ਛੇ ਪਾਰਟੀਆਂ- ਭਾਜਪਾ, ਕਾਂਗਰਸ, ਬਸਪਾ, ਸੀਪੀਐਮ, ਐੱਨਪੀਪੀ ਤੇ 'ਆਪ' ਨੂੰ ਕੌਮੀ ਪਾਰਟੀ ਦਾ ਦਰਜਾ ਹਾਸਲ ਹੈ। ਵਿਧਾਨ ਸਭਾ ਚੋਣਾਂ ਦਾ ਅਗਲਾ ਗੇੜ ਹੁਣ 2024 ਵਿਚ ਦੇਖਣ ਮਿਲੇਗਾ ਜਦ ਸਿੱਕਿਮ, ਅਰੁਣਾਚਲ, ਉੜੀਸਾ ਤੇ ਆਂਧਰਾ ਪ੍ਰਦੇਸ਼ ਵਿਚ ਚੋਣਾਂ ਹੋਣਗੀਆਂ। ਜੰਮੂ ਕਸ਼ਮੀਰ ਵਿਚ ਵੀ ਅਜੇ ਚੋਣਾਂ ਹੋਣੀਆਂ ਹਨ। ਹਾਲੀਆ ਵਿਧਾਨ ਸਭਾ ਚੋਣਾਂ ਕਈ ਸੰਸਦ ਮੈਂਬਰਾਂ ਨੇ ਵੀ ਲੜੀਆਂ ਹਨ, ਇਸ ਤਰ੍ਹਾਂ ਕਈ ਸੰਸਦੀ ਸੀਟਾਂ ਖਾਲੀ ਹੋਣ ਦੀ ਸੰਭਾਵਨਾ ਹੈ। ਪਰ ਲੋਕ ਸਭਾ ਚੋਣਾਂ ਅਗਲੇ ਸਾਲ ਹੋਣ ਕਾਰਨ ਕੋਈ ਜ਼ਿਮਨੀ ਚੋਣ ਨਹੀਂ ਐਲਾਨੀ ਜਾਵੇਗੀ।

**ਹਾਰ ਦਾ ਗੁੱਸਾ ਸੰਸਦ ਅੰਦਰ ਨਾ ਕੱਢਿਆ ਜਾਵੇ: ਮੋਦੀ**


ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸੰਸਦ ਦੇ ਸਰਦ ਰੁੱਤ ਇਜਲਾਸ ਦੌਰਾਨ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਦਾ ਗੁੱਸਾ ਨਾ ਕੱਢਣ, ਸਗੋਂ ਉਹ ਇਸ ਤੋਂ ਸਬਕ ਲੈ ਕੇ ਨਾਂਹ-ਪੱਖੀ ਵਿਚਾਰਾਂ ਨੂੰ ਛੱਡ ਕੇ ਸਕਾਰਾਤਮਕ ਰਵੱਈਏ ਨਾਲ ਅੱਗੇ ਵਧਣ। ਇਜਲਾਸ ਦੇ ਪਹਿਲੇ ਦਿਨ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਜੇ ਵਿਰੋਧੀ ਪਾਰਟੀਆਂ ਵਿਰੋਧ ਖਾਤਰ ਵਿਰੋਧ ਪ੍ਰਦਰਸ਼ਨ ਦਾ ਤਰੀਕਾ ਛੱਡ ਦੇਣ ਅਤੇ ਦੇਸ਼ ਹਿੱਤ ਵਿੱਚ ਸਾਰਥਕ ਗੱਲਾਂ ਦਾ ਸਮਰਥਨ ਕਰਨ ਤਾਂ ਦੇਸ਼ ਵਿੱਚ ਅੱਜ ਉਨ੍ਹਾਂ ਪ੍ਰਤੀ ਜੋ ਨਫ਼ਰਤ ਹੈ, ਉਹ ਪਿਆਰ ਵਿੱਚ ਬਦਲ ਸਕਦੀ ਹੈ। 'ਵਿਰੋਧੀ ਧਿਰ ਲਈ ਇਹ ਸੁਨਹਿਰਾ ਮੌਕਾ ਹੈ। ਦੇਸ਼ ਨੇ ਨਕਾਰਾਤਮਕਤਾ ਨੂੰ ਨਕਾਰ ਦਿੱਤਾ ਹੈ। ਅਸੀਂ ਇਜਲਾਸ ਦੀ ਸ਼ੁਰੂਆਤ 'ਤੇ ਹਮੇਸ਼ਾ ਆਪਣੇ ਵਿਰੋਧੀ ਮਿੱਤਰਾਂ ਨਾਲ ਗੱਲਬਾਤ ਕਰਦੇ ਹਾਂ। ਅਸੀਂ ਹਰ ਕਿਸੇ ਤੋਂ ਹਮੇਸ਼ਾ ਸਹਿਯੋਗ ਦੀ ਤਵੱਕੋ ਰੱਖਦੇ ਹਾਂ।'


ਮੋਦੀ ਨੇ ਕਿਹਾ ਕਿ 'ਲੋਕਤੰਤਰ ਦਾ ਮੰਦਰ' ਵਿਕਸਤ ਭਾਰਤ ਦੀ ਨੀਂਹ ਮਜ਼ਬੂਤ ਕਰਨ ਦਾ ਬਹੁਤ ਹੀ ਅਹਿਮ ਮੰਚ ਹੈ। ਉਨ੍ਹਾਂ ਸਾਰੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਤਿਆਰ ਹੋ ਕੇ ਆਉਣ ਦੀ ਅਪੀਲ ਕੀਤੀ ਤਾਂ ਜੋ ਬਿੱਲਾਂ 'ਤੇ ਖੁੱਲ੍ਹ ਕੇ ਬਹਿਸ ਹੋ ਸਕੇ ਤੇ ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਨੂੰ ਲਾਗੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਵਿਰੋਧੀ ਧਿਰ ਦੀ ਭੂਮਿਕਾ ਅਹਿਮ ਹੁੰਦੀ ਹੈ ਤੇ ਉਸ ਨੂੰ ਵੀ ਯੋਗ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਨਵੇਂ ਭਵਨ 'ਚ ਕਈ ਖਾਮੀਆਂ ਹੋ ਸਕਦੀਆਂ ਹਨ ਤੇ ਉਪ ਰਾਸ਼ਟਰਪਤੀ ਤੇ ਸਪੀਕਰ ਉਨ੍ਹਾਂ ਨੂੰ ਠੀਕ ਕਰਾਉਣ ਵੱਲ ਜ਼ਰੂਰ ਧਿਆਨ ਦੇਣਗੇ।


**ਨਤੀਜਿਆਂ ਤੋਂ ਬਾਅਦ ਸ਼ੇਅਰ ਬਾਜ਼ਾਰ 'ਚ ਜ਼ਬਰਦਸਤ ਉਛਾਲ**


ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਨੇ ਅੱਜ ਨਿਵੇਸ਼ਕਾਂ ਦਾ ਹੌਸਲਾ ਵਧਾਇਆ ਤੇ ਘਰੇਲੂ ਸ਼ੇਅਰ ਬਾਜ਼ਾਰਾਂ ਵਿਚ ਸੋਮਵਾਰ ਨੂੰ ਲਗਾਤਾਰ ਪੰਜਵੇਂ ਕਾਰੋਬਾਰੀ ਸੈਸ਼ਨ ਵਿਚ ਤੇਜ਼ੀ ਦਰਜ ਕੀਤੀ ਗਈ। ਸੈਂਸੈਕਸ ਤੇ ਨਿਫਟੀ ਅੱਜ 2 ਫੀਸਦੀ ਤੱਕ ਚੜ੍ਹ ਕੇ ਰਿਕਾਰਡ ਪੱਧਰ ਉਤੇ ਬੰਦ ਹੋਏ। ਬੀਐੱਸਈ ਸੈਂਸੈਕਸ ਨੇ ਅੱਜ 1383.93 ਅੰਕਾਂ ਦੀ ਜ਼ਬਰਦਸਤ ਛਾਲ ਮਾਰੀ ਜੋ ਕਿ 2.05 ਪ੍ਰਤੀਸ਼ਤ ਦਾ ਵਾਧਾ ਹੈ। ਇਹ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 68,865.2 ਉਤੇ ਬੰਦ ਹੋਇਆ। ਬੀਐੱਸਈ 'ਚ ਸੂਚੀਬੱਧ ਕੰਪਨੀਆਂ ਦਾ ਕੁੱਲ ਮਾਰਕੀਟ ਪੂੰਜੀਕਰਨ ਇਸ ਦੌਰਾਨ 5.81 ਲੱਖ ਕਰੋੜ ਰੁਪਏ ਵਧ ਕੇ 343.48 ਲੱਖ ਕਰੋੜ ਰੁਪਏ ਹੋ ਗਿਆ। ਇਸੇ ਦੌਰਾਨ ਐੱਨਐੱਸਈ ਨਿਫਟੀ ਵੀ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਿਆ।

## ਚਾਰ ਰਾਜਾਂ ਵਿਚ ਵੱਖ-ਵੱਖ ਪਾਰਟੀਆਂ ਨੂੰ ਮਿਲਿਆ ਵੋਟ








ਧੰਨਵਾਦ ਸਹਿਤ

The minorities in India have loyally accepted the rule of the majority which is basically a communal majority and not a political majority. It is for the majority to realize its duty not to discriminate against minorities. Whether the minorities will continue or will vanish must depend upon this habit of majority. The moment the majority looses the habit of discriminating against the minority, the minorities can have no ground to exist. They will vanish.

Dr. Ambedkar



# WE TRIBUTE TO BHARAT RATAN BABASAHEB DR. BHIMRAO RAMJI AMBEDKAR



**Shri Amardeep Chahal with his Wife, Mother & Father** (File Photo)

## ਸਮੂਹ ਸ਼੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

# ਰੋਜ਼ਾਨਾ 'ਜਨਤਕ ਲਹਿਰ' ਦੇ ਰੂਹੇ-ਰਵਾਂ ਜਰਨੈਲ ਸਿੰਘ ਦਾ ਦੇਹਾਂਤ



**ਜਲੰਧਰ–** 1974 ਵਿਚ ਦਲਿਤ ਸਮਾਜ ਵਿਚ ਅੰਬੇਡਕਰ ਲਹਿਰ ਪ੍ਰਤੀ ਲੋਕ ਚੇਤਨਾ ਪੈਦਾ ਕਰਨ ਲਈ ਸ਼ੁਰੂ ਕੀਤੇ ਅਖਬਾਰ 'ਜਨਤਕ ਲਹਿਰ' ਦੇ ਰੂਹੇ-ਰਵਾਂ ਸ੍ਰੀ ਜਰਨੈਲ ਸਿੰਘ 2 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਤਿੰਨ ਦਸੰਬਰ ਨੂੰ ਮਾਡਲ ਹਾਊਸ ਜਲੰਧਰ ਦੇ ਸਮਸ਼ਾਨ ਘਾਟ ਵਿਖੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।

ਸ੍ਰੀ ਜਰਨੈਲ ਸਿੰਘ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਤੇ ਪਾਸਾਰ ਪ੍ਰਤੀ ਅਜਿਹੀ ਸਰਮਪਿਤ ਸ਼ਖਸੀਅਤ ਸਨ, ਜਿਨ੍ਹਾਂ ਨੇ ਬੋਝਲ ਆਰਥਿਕ ਸਥਿਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਪੰਦਰਵਾੜਾ 'ਜਨਤਕ ਲਹਿਰ' ਨੂੰ ਹਫਤਾਵਾਰੀ ਕੀਤਾ ਅਤੇ ਕੁਝ ਸਾਲਾਂ ਵਿਚ ਹੀ ਉਸਨੂੰ ਬੁਲੰਦੀਆਂ 'ਤੇ ਪਹੁੰਚਾਇਆ। ਪਿਛਲੀ ਸਦੀ ਦੇ ਆਖਰੀ ਦਹਾਕੇ ਵਿਚ ਇਸ ਪੇਪਰ ਨੂੰ ਰੋਜ਼ਾਨਾ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ।

ਉਨ੍ਹਾਂ ਦੇ ਯਤਨਾਂ ਨਾਲ ਸਮਾਜ ਅੰਦਰ ਇਕ ਨਵੀਂ ਕ੍ਰਾਂਤੀ ਦਾ ਆਗਾਜ਼ ਹੋਇਆ। 'ਜਨਤਕ ਲਹਿਰ' ਵਿਚ ਪ੍ਰਕਾਸ਼ਿਤ ਲੇਖਾਂ ਨੇ ਦਲਿਤ ਨੌਜਵਾਨਾਂ ਵਿਚ ਅੰਬੇਡਕਰ ਲਹਿਰ ਪ੍ਰਤੀ ਇਨਕਲਾਬੀ ਤਾਂਘ ਪੈਦਾ ਕੀਤੀ। ਉਹ ਸਮਾਂ ਸੀ ਜਦੋਂ ਦੁਆਬੇ ਦੇ ਲਗਭਗ ਹਰ ਘਰ ਵਿਚ ਰੋਜ਼ਾਨਾ 'ਜਨਤਕ ਲਹਿਰ' ਦਾ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਸੀ। ਪੰਜਾਬੀ ਦਲਿਤ ਪੱਤਰਕਾਰੀ ਦੇ ਇਤਿਹਾਸ ਵਿਚ ਰੋਜ਼ਾਨਾ ਜਨਤਕ ਲਹਿਰ ਨੇ ਨਵੇਂ ਮੀਲ ਪੱਥਰ ਸਥਾਪਿਤ ਕੀਤੇ। ਸ੍ਰੀ ਜਰਨੈਲ ਸਿੰਘ ਦੇ ਦੇਹਾਂਤ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਦੇ ਘਿਰਾਓ ਲਈ ਸੈਂਕੜਿਆਂ ਦੀ ਤਾਦਾਦ ਵਿੱਚ ਜੱਥਾ ਰਵਾਨਾ



**ਰਾਹੋਂ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਸਿਰਮੌਰ ਮੁਲਾਜ਼ਮ, ਮਜ਼ਦੂਰ, ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਵਲੋਂ ਭੱਖਦੇ ਜਾਇਜ਼ ਮੁੱਦਿਆਂ ਦੀ ਅਣਦੇਖੀ ਵਿਰੁੱਧ ਦਿੱਤੇ ਗਏ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਦੇ ਘਿਰਾਓ ਦੇ ਸੱਦੇ ਤੇ ਰਾਹੋਂ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਜੱਥਾ ਰਵਾਨਾ ਹੋਇਆ।

ਇਸ ਜੱਥੇ ਦੀ ਅਗਵਾਈ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ.ਐਲ.ਓ.) ਦੇ ਕਨਵੀਨਰ ਬਲਦੇਵ ਭਾਰਤੀ ਕਰ ਰਹੇ ਸਨ। ਬਲਦੇਵ ਭਾਰਤੀ ਨੇ ਦੱਸਿਆ ਕਿ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਸਰਕਾਰ ਪਾਸੋਂ 85ਵੀਂ ਸੰਵਿਧਾਨਕ ਸੋਧ ਜੂਨ 1995 ਤੋਂ ਲਾਗੂ ਕਰਨ, ਮਿਤੀ 10 ਅਕਤੂਬਰ 2014 ਦਾ ਮੁਲਾਜ਼ਮ ਮਾਰੂ ਗੈਰ ਸੰਵਿਧਾਨਕ ਪੱਤਰ ਰੱਦ ਕਰਨ, ਸਲਾਨਾ ਬੱਜਟ ਵਿੱਚ ਐੱਸ.ਸੀ./ਬੀ.ਸੀ. ਸ਼੍ਰੇਣੀਆਂ ਦੀ ਆਬਾਦੀ ਅਨੁਸਾਰ ਵੱਖਰੇ ਭਲਾਈ ਫੰਡ ਜਾਰੀ ਕਰਨ, ਭਰਤੀਆਂ ਅਤੇ ਤਰੱਕੀਆਂ ਵਿੱਚ ਐੱਸ. ਸੀ. ਲਈ 40% ਅਤੇ ਬੀ। ਸੀ। ਲਈ 27% ਰਾਖਵਾਂਕਰਨ ਦੇਣ, ਬੈਕਲਾਗ ਪੂਰਾ ਕਰਨ, ਠੇਕਾ ਅਧਾਰਿਤ, ਆਊਟਸੋਰਸ, ਡੇਲੀਵੇਜਿਜ, ਮਨਰੇਗਾ ਕਰਮਚਾਰੀ, ਉਸਾਰੀ ਕਿਰਤੀ ਭਲਾਈ ਬੋਰਡ ਦੇ ਕਰਮਚਾਰੀ, ਕਰੈਚ ਵਰਕਰ, ਮਿਡ ਡੇ ਮੀਲ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਅਤੇ ਹੈਲਪਰ ਅਤੇ ਪੈਰਾ ਮੈਡੀਕਲ ਸਟਾਫ ਨੂੰ ਸਬੰਧਿਤ ਵਿਭਾਗਾਂ ਵਿੱਚ ਰੈਗੂਲਰ ਕਰਨ, ਮਨਰੇਗਾ ਮਜ਼ਦੂਰਾਂ ਅਤੇ ਮੇਟਾਂ ਨੂੰ 'ਘੱਟੋ-ਘੱਟ ਉਜਰਤ ਕਾਨੂੰਨ-1948' ਅਨੁਸਾਰ ਬਣਦੀ ਮਜ਼ਦੂਰੀ ਅਤੇ ਸਾਲ ਦੇ 365 ਦਿਨ ਰੋਜ਼ਗਾਰ ਦੇਣ, ਘਰੇਲੂ ਮਜ਼ਦੂਰਾਂ ਲਈ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਯੋਗ ਨੀਤੀ ਬਣਾਉਣ, ਮਨਰੇਗਾ ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕਰਨ, ਮਜ਼ਦੂਰਾਂ ਦੇ ਸਰਕਾਰੀ ਅਤੇ ਸਹਿਕਾਰੀ ਬੈਂਕਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਡੰਮੀ ਬੋਲੀਆਂ ਬੰਦ ਕਰਕੇ ਕਾਨੂੰਨ ਅਨੁਸਾਰ ਪੰਚਾਇਤੀ ਜਮੀਨਾਂ ਦਾ 1/3 ਹਿੱਸਾ ਦਲਿਤਾਂ ਨੂੰ ਦੇਣ, ਲੈਂਡ ਸੀਲਿੰਗ ਦੀ ਹੱਦਬੰਦੀ ਤੋਂ ਵਾਧੂ ਗੈਰ-ਕਾਨੂੰਨੀ ਜਮੀਨ ਬੇਜ਼ਮੀਨੇ, ਥੁੜ ਜਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਵੰਡਣ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਡਰਾਪ ਆਊਟ ਹੋਏ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰਨ ਵਾਲੀਆਂ ਸੰਸਥਾਵਾਂ ਅਤੇ ਅਧਿਕਾਰੀਆਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨ, ਚੋਣ ਵਾਅਦਿਆਂ ਮੁਤਾਬਕ ਰੋਜ਼ਗਾਰ ਜਾਂ 3500/- ਰੁ ਮਾਸਿਕ ਬੇਰੁਜ਼ਗਾਰੀ ਭੱਤਾ ਅਤੇ ਔਰਤਾਂ ਨੂੰ 1000/- ਮਾਸਿਕ ਵਿੱਤੀ ਸਹਾਇਤਾ ਦੇਣ ਅਤੇ ਬੇਘਰੇ ਲੋਕਾਂ ਲਈ ਪਲਾਟਾਂ ਅਤੇ ਰਿਹਾਇਸ਼ਾਂ ਦਾ ਪ੍ਰਬੰਧ ਕਰਨ ਦੀ ਪੁਰਜੋਰ ਮੰਗ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਨ੍ਹਾਂ ਮੰਗਾਂ ਸਬੰਧੀ ਗੱਲਬਾਤ ਲਈ ਸਮਾਂ ਦੇ ਕੇ ਲਗਾਤਾਰ ਟਾਲਮਟੋਲ ਕਰ ਰਹੀ ਹੈ। ਇਸ ਲਈ ਜਾਇਜ਼ ਅਤੇ ਭੱਖਦੇ ਮੁੱਦਿਆਂ ਦੀ ਅਣਦੇਖੀ ਦੇ ਰੋਸ ਵਜੋਂ ਜੁਆਇੰਟ ਐਕਸ਼ਨ ਕਮੇਟੀ ਵਲੋਂ ਯੁੱਗ ਪਲਟਾਊ ਰਹਿਬਰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਦੇ ਮੌਕੇ ਤੇ 6 ਦਸੰਬਰ ਨੂੰ ਕਮੇਟੀ ਦੇ ਚੇਅਰਮੈਨ ਸ਼੍ਰੀ ਜਸਬੀਰ ਸਿੰਘ ਪਾਲ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦਾ ਜਬਰਦਸਤ ਘਿਰਾਓ ਅਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੁਆਇੰਟ ਐਕਸ਼ਨ ਕਮੇਟੀ ਦਾ ਇਹ ਸੰਘਰਸ਼ ਪੂਰੀਆਂ ਮੰਗਾਂ ਮੰਨੇ ਜਾਣ ਤਕ ਜਾਰੀ ਰਹੇਗਾ।

***

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Free Estimates
Free Towing

510- 733- 2222
Prop: Jasbir Singh Takhar
510-755-2132
1421 Industrial PKWY West#F Hay-ward, CA 94544
Harmandeep Singh

# ਸਤਿਗੁਰ ਵਾਲਮੀਕਿ ਜੀ ਦੇ ਪਵਿੱਤਰ ਪ੍ਰਕਾਸ਼ ਦਿਵਸ ਦਾ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਵਲੇਹੋ–** ਸਤਿਗੁਰ ਵਾਲਮੀਕਿ ਜੀ ਦੇ ਪਵਿੱਤਰ ਪ੍ਰਕਾਸ਼ ਦਿਵਸ ਦਾ ਉਤਸਵ, 19 ਨਵੰਬਰ 2023, ਦਿਨ ਐਤਵਾਰ ਨੂੰ, 300 Napa Junction Road , American Canyon 94503, California , USA ਵਿਖੇ ਸੰਗਤਾਂ ਵਲੋ ਸ਼ਰਧਾ ਪੂਰਵਕ ਮਨਾਇਆ ਗਿਆ। ਦੂਰ ਦੁਰਾਡੇ ਤੋਂ ਗੁਰੂ ਘਰ ਪਹੁੰਚ ਕੇ ਸੰਗਤਾਂ ਨੇ ਹਾਜ਼ਰੀ ਲਵਾਈ। ਬਾਣੀ ਦੇ ਪਾਠ ਦੀ ਸੇਵਾ ਭਾਈ ਵਿਸ਼ਾਲ ਸਾਬਰਵਤੀ ਜੀ ਨੇ ਨਿਭਾਈ ਅਤੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕੀਰਤਨ ਅਤੇ ਕਥਾ ਦਾ ਪ੍ਰਵਾਹ ਪ੍ਰਸਿੱਧ ਕਲਾਕਾਰਾਂ ਭੁਪਿੰਦਰ ਭਿੰਦਾ, ਸੁਲਤਾਨ ਅਖਤਰ, ਹਰਜੀਤ ਜੀਤੀ ਦਵਿੰਦਰ JD, ਬਲਵੀਰ ਮਾਲੜੀ, ਦੇਸ ਰਾਜ ਸ਼ੁਭ, ਵਿਸ਼ਾਲ ਜੀ, ਰੋਹਿਤਾਸ ਅਤੇ ਸਿਮਰਨ ਭੰਗਾਣੀ ਵਲੋ ਨਿਰੰਤਰ ਚਲਦਾ ਰਿਹਾ। ਗੁਰਾਂ ਜੀ ਦੀ ਬਾਣੀ-ਵਿਚਾਰ, ਸਮਾਜਕ ਸਿੱਖਿਆ ਅਤੇ ਇਤਿਹਾਸਕ ਤੱਥਾਂ ਤੋਂ ਸੰਗਤਾਂ ਨੂੰ ਜਾਣਕਾਰੀ ਹੇਠ ਲਿਖੇ ਬੁਲਾਰਿਆਂ ਵਲੋ ਦਿੱਤੀ ਗਈ- ਕੇਵਲ ਸਿੰਘ ਸਿੱਧੂ, ਸੁਰਿੰਦਰ ਸਿੰਘ ਗਿੱਲ, ਸਤਨਾਮ ਮੱਟੂ, ਸੋਨੀਆ ਅਤੇ ਹਰਮਨ। ਡਾ. ਗੁਰਜੀਤ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ। ਪ੍ਰਬੰਧਕਾਂ ਵਲੋ ਸਾਰਿਆਂ ਦਾ ਧੰਨਵਾਦ।





















# ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਵਲੋਂ ਫਰਿਜਨੋ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਤੇ ਪ੍ਰੋਗਰਾਮ
























**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਸਥਾਨਿਕ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋ ਲੰਘੇ ਐਤਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਛੇ ਹੋਰ ਸਾਥੀਆਂ ਸ੍ਰ. ਬਖਸ਼ੀਸ਼ ਸਿੰਘ ਗਿੱਲਵਾਲੀ, ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ, ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਸੁਰਸਿੰਘਵਾਲਾ, ਸ੍ਰ ਸਰੈਣ ਸਿੰਘ ਵੱਡਾ ਗਿੱਲਵਾਲੀ ਅਤੇ ਸ੍ਰ ਸਰੇਣ ਸਿੰਘ ਛੋਟਾ ਪਿੰਡ ਗਿੱਲਵਾਲੀ ਦਾ 108ਵਾਂ ਸ਼ਹੀਦੀ ਦਿਹਾੜਾ ਫਰਿਜਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸੰਸਥਾ ਵਲੋਂ ਸੁਰਿੰਦਰ ਮੰਡਾਲੀ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਸੰਸਥਾ ਦੀਆਂ ਇਸਤਰੀ ਵਿੰਗ ਦੀਆਂ ਸਰਗਰਮ ਮੈਂਬਰ ਸ਼ਰਨਜੀਤ ਧਾਲੀਵਾਲ ਅਤੇ ਅਰਸ਼ ਸੰਧੂ ਨੇ ਸਟੇਜ ਦੀ ਕਾਰਵਾਈ ਬਾਖੂਬੀ ਸ਼ਾਇਰਾਨਾਂ ਅੰਦਾਜ਼ ਵਿੱਚ ਇਨਕਲਾਬੀ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਨਿਭਾਈ। ਰਾਜ ਬਰਾੜ ਨੇ ਇਨਕਲਾਬੀ ਗੀਤਾਂ ਨਾਲ ਚੰਗਾ ਸਮਾਂ ਬੰਨਿਆ, ਉਪਰੰਤ ਬੁਲਾਰਿਆਂ ਵਿੱਚ ਸੰਤੋਖ ਸਿੰਘ ਮਨਿਹਾਸ, ਗੁਰਨਾਮ ਸਿੰਘ, ਹੈਰੀ ਮਾਨ, ਨੀਟਾ ਮਾਛੀਕੇ, ਸਾਧੂ ਸਿੰਘ ਸੰਘਾ, ਪਰਮਪਾਲ ਸਿੰਘ ਅਤੇ ਹਰਜਿੰਦਰ ਢੇਸੀ ਨੇ ਆਪੋ ਆਪਣੇ ਸ਼ਬਦਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।ਬੋਲਣ ਵਾਲੇ ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਸਾਡੇ ਸਭਨਾਂ ਲਈ ਅਜ਼ਾਦੀ ਦੇ ਨਾਇਕ ਹਨ ਅਤੇ ਸਾਨੂੰ ਉਨਾਂ ਮਹਾਨ ਸ਼ਹੀਦਾ ਵਲੋਂ ਸਾਂਝੀਵਾਲਤਾ ਦੇ ਰਾਹ ਤੇ ਚੱਲਦਿਆ ਲੋਕਾਂ ਦੇ ਸਾਂਝੇ ਮਸਲਿਆ ਲਈ ਇਕੱਠਿਆਂ ਹੋ ਕੇ ਸਘੰਰਸ਼ ਕਰਨ ਦੀ ਪਿਰਤ ਨੂੰ ਵਿਸਾਰਨਾ ਨਹੀਂ ਚਾਹੀਦਾ ਸਗੋਂ ਆਉਣ ਵਾਲੀ ਪੀੜੀ ਨੂੰ ਉਨਾਂ ਸ਼ਹੀਦਾ ਦੀ ਪੂਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਣ ਵਾਲੀ ਸੋਚ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਸਮਾਗਮਾ ਵਿਚ ਆਪਣੇ ਬੱਚਿਆਂ ਨੂੰ ਨਾਲ ਲੈਕੇ ਆਉਣਾ ਚਾਹੀਦਾ ਹੈ। ਅਖੀਰ ਵਿੱਚ ਸੰਸਥਾ ਦੇ ਮੋਢੀ ਮੈਂਬਰ ਜਸਵੰਤ ਸਿੰਘ ਮਾਨ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਭਨਾਂ ਲੋਕਾਂ ਦਾ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।




ਵੀਰ ਸੀਤਾ ਰਾਮ ਯਾਦਗਾਰੀ ਲਾਇਬ੍ਰੇਰੀ ਅਤੇ ਕਮਿਊਨਿਟੀ ਹਾਲ ਦਾ

ਲੋਕ ਅਰਪਣ

ਮਿਤੀ: ਦਸੰਬਰ 17, 2023 (ਐਤਵਾਰ)
ਸਮਾਂ: 12:30 ਬਾਅਦ ਦੁਪਹਿਰ ਤੋਂ 1:30 ਸ਼ਾਮ
ਸਥਾਨ: ਪਿੰਡ ਈਸੜੂ, ਨੇੜੇ ਖੰਨਾ, ਜ਼ਿਲ੍ਹਾ ਲੁਧਿਆਣਾ।

ਆਪ ਜੀ ਨੂੰ ਪੰਹੁਚਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

ਉਡੀਕਵਾਨ:
ਗਿਆਨ ਸਿੰਘ ਅਤੇ ਗੁਰਿੰਦਰ ਕੌਰ
ਭਗਵਾਨ ਸਿੰਘ ਅਤੇ ਬਲਬੀਰ ਕੌਰ
ਦੀਵਾਨ ਸਿੰਘ ਅਤੇ ਗੁਰਪਾਲ ਕੌਰ
ਸੁਭਾਨ ਸਿੰਘ ਅਤੇ ਜਰਨੈਲ ਕੌਰ
ਰਣਜੀਤ ਸਿੰਘ ਅਤੇ ਸਰਬਜੀਤ ਕੌਰ
ਅਤੇ ਸਮੂਹ ਪਰਿਵਾਰ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





1003 Moffat Blvd,
Manteca CA 95336

209-239-1551



# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com

Find us on: facebook. rajasweetsandcatering
Follow us on Twitter rajasweets



# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।









Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

# ਦਲਿਤ ਘਰਾਂ ਉੱਤੇ ਹਮਲੇ ਖਿਲਾਫ਼ ਵਿੱਤ ਮੰਤਰੀ ਚੀਮਾ ਅਤੇ ਐੱਸ ਐੱਸ ਪੀ ਸੰਗਰੂਰ ਦੇ ਪੰਜਾਬ ਭਰ 'ਚ ਪੁਤਲੇ ਫੂਕੇ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਪੇਂਡੂ ਧਨਾਢਾਂ ਤੇ 11 ਦਸੰਬਰ ਨੂੰ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦੀ ਜਲੰਧਰ ਰਿਹਾਇਸ਼ ਸਮੇਤ ਹਰਭਜਨ ਸਿੰਘ ਈਟੀਓ ਦੀ ਜੰਡਿਆਲਾ ਗੁਰੂ, ਹਰਪਾਲ ਚੀਮਾ ਦੀ ਰਿਹਾਇਸ਼ ਦਿੜ੍ਹਬਾ



ਅਫ਼ਸਰਸ਼ਾਹੀ ਦੇ ਗੱਠਜੋੜ ਦੀ ਸਹਿ 'ਤੇ ਦਲਿਤ ਮਜ਼ਦੂਰਾਂ ਦਾ ਨਜ਼ੂਲ ਜ਼ਮੀਨ ਦਾ ਹੱਕ ਖੋਹਣ ਲਈ ਪੰਜਾਬ ਪੁਲਿਸ ਦੀ ਵੱਡੀ ਨਫਰੀ ਵਲੋਂ ਸਾਦੀਹਰੀ(ਸੰਗਰੂਰ) ਦੇ ਦਲਿਤਾਂ ਦੇ ਘਰਾਂ ਉੱਤੇ ਬੋਲ਼ੇ ਹੱਲੇ , ਔਰਤਾਂ ਨਾਲ ਬਦਸਲੂਕੀ ਕਰਨ, ਸਮਾਨ, ਵਹੀਕਲਾਂ ਦੀ ਭੰਨਤੋੜ ਕਰਨ ਤੇ ਜ਼ਬਤ ਕਰਨ ਅਤੇ 25 ਦਲਿਤਾਂ ਨੂੰ ਗ੍ਰਿਫਤਾਰ ਕਰਨ ਦੇ ਖਿਲਾਫ਼ ਅੱਜ ਦੂਸਰੇ ਦਿਨ ਵੀ ਪੰਜਾਬ ਭਰ 'ਚ ਬਟਾਲਾ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ, ਮੋਗਾ, ਫਰੀਦਕੋਟ, ਸੰਗਰੂਰ, ਪਟਿਆਲਾ ਆਦਿ ਜ਼ਿਲਿਆਂ ਵਿੱਚ 40 ਤੋਂ ਵੱਧ ਥਾਵਾਂ 'ਤੇ ਵਿੱਤ ਮੰਤਰੀ ਹਰਪਾਲ ਚੀਮਾ ਤੇ ਐੱਸ ਐੱਸ ਪੀ ਸੰਗਰੂਰ ਦੀਆਂ ਅਰਥੀਆਂ ਸਾੜੀਆਂ। ਇਸ ਮੌਕੇ ਭਗਵੰਤ ਮਾਨ ਸਰਕਾਰ ਦੇ ਦਲਿਤ ਮਜ਼ਦੂਰਾਂ ਵਿਰੋਧੀ ਵਤੀਰੇ ਵਿਰੁੱਧ ਜ਼ਮ ਕੇ ਨਾਅਰੇਬਾਜ਼ੀ ਕੀਤੀ ਗਈ।

ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਬਿੱਕਰ ਸਿੰਘ ਹਥੋਆ ਨੇ ਕਿਹਾ ਕਿ ਇਸ ਮਾਮਲੇ ਸਮੇਤ ਹੋਰਨਾਂ ਮਜ਼ਦੂਰ ਮੰਗਾਂ ਦੇ ਠੋਸ ਨਿਪਟਾਰੇ ਲਈ 8 ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ 9, 10 ਅਤੇ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਰਿਹਾਇਸ਼ ਪਿੰਡ ਖੁੱਡੀਆਂ ਮੁਕਤਸਰ ਵਿਖੇ ਲਗਾਏ ਜਾ ਰਹੇ ਮੋਰਚਿਆਂ ਵਿੱਚ ਵੀ ਆਵਾਜ਼ ਬੁਲੰਦ ਕੀਤੀ ਜਾਵੇਗੀ।

ਇਸ ਸੰਬੰਧੀ ਪੰਜਾਬ ਭਰ ਵਿੱਚ ਤਿਆਰੀਆਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਸ਼ਾਦੀਹਰੀ (ਸੰਗਰੂਰ) ਦੇ 250 ਦਲਿਤ ਪਰਿਵਾਰਾਂ ਨੂੰ ਨਜ਼ੂਲ ਜ਼ਮੀਨ ਚੋਂ ਡੰਡੇ ਦੇ ਜ਼ੋਰ 'ਤੇ ਪੁਲਿਸ ਵਲੋਂ ਖਦੇੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸ ਨੂੰ ਕਿਸੀ ਵੀ ਸੂਰਤ ਵਿੱਚ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਬੇਜ਼ਮੀਨੇ ਦਲਿਤਾਂ ਮਜਦੂਰਾਂ ਨੂੰ ਲੈਂਡ ਸੀਲਿੰਗ ਐਕਟ ਤੋਂ ਵਾਧੂ ਜ਼ਮੀਨਾਂ ਦੇਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਦੀ ਮਾਲਕੀ, ਰਿਹਾਇਸ਼ੀ ਪਲਾਟ, ਮਹਿੰਗਾਈ ਅਨੁਸਾਰ 1000 ਰੁਪੈ ਪ੍ਰਤੀ ਦਿਨ ਦਿਹਾੜੀ, ਸਾਰਾ ਸਾਲ ਪੱਕਾ ਲੋੜ ਅਨੁਸਾਰ ਰੁਜ਼ਗਾਰ ਦੇਣ, ਸਰਕਾਰੀ, ਸਹਿਕਾਰੀ ਅਤੇ ਗ਼ੈਰ ਸਰਕਾਰੀ ਕਰਜ਼ਾ ਮੁਆਫ਼ੀ ਤੇ ਬਦਲਵੇਂ ਕਰਜ਼ੇ ਦਾ ਪ੍ਰਬੰਧ ਕਰਨ ਅਤੇ ਸਮਾਜਿਕ ਜ਼ਬਰ ਦਾ ਖ਼ਾਤਮਾ ਕਰਨ ਦੀ ਥਾਂ ਸਰਕਾਰ ਇਹਨਾਂ ਬੁਨਿਆਦੀ ਮਸਲਿਆਂ ਵਿਸਾਰੀ ਬੈਠੀ ਹੈ। ਜਿਸ ਦੇ ਖਿਲਾਫ਼ ਪੇਂਡੂ ਮਜ਼ਦੂਰਾਂ ਨੂੰ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

# ਖਾਲੜਾ ਪਾਰਕ ਵਾਲੇ ਬਾਬਿਆਂ ਨੇ ਮਨਾਇਆ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮ ਦਿਨ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**
**ਫਰਿਜਨੋ (ਕੈਲੀਫੋਰਨੀਆਂ)–** ਸਥਾਨਿਕ ਖਾਲੜਾ ਪਾਰਕ ਵਾਲੇ ਬਾਬਿਆਂ ਨੇ ਰਲਕੇ ਆਪਣੇ ਸਾਥੀ ਸਰਪੰਚ ਅਵਤਾਰ ਸਿੰਘ ਚੌਹਾਨ ਦਾ 85ਵਾਂ ਜਨਮਦਿਨ ਬੜੀ ਸ਼ਾਨੋ ਸ਼ੌਕਤ ਨਾਲ ਖਾਲੜਾ ਪਾਰਕ ਫਰਿਜਨੋ ਵਿੱਚ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮਨਾਇਆ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਕੇਕ ਕੱਟਿਆ ਤੇ ਸਰਪੰਚ ਸਾਬ੍ਹ ਨੂੰ ਹਾਰ ਪਾਕੇ ਉਹਨਾਂ ਦਾ ਵਿਸ਼ੇਸ਼ ਜਨਮਦਿਨ ਮਨਾਇਆ। ਇਹ ਸਮਾਗਮ ਸਰਪੰਚ ਸਾਬ੍ਹ ਲਈ ਇੱਕ ਸਰਪਰਾਈਜ਼ ਪਾਰਟੀ ਰੱਖਕੇ ਮਨਾਇਆ ਗਿਆ। ਸਰਪੰਚ ਅਵਤਾਰ ਸਿੰਘ ਚੌਹਾਨ ਨੇ ਕਿਹਾ ਕਿ ਮੇਰੇ ਜਨ-ਮਦਿਨ ਤੇ ਇਹ ਪਾਰਟੀ ਕਰਨ ਲਈ ਮੈਂ ਤਹਿ ਦਿਲੋਂ ਸਭਨਾਂ ਮੈਂਬਰਾਂ ਦਾ ਧੰਨਵਾਦੀ ਹਾਂ, ਉਹਨਾਂ ਕਿਹਾ ਕਿ ਮੈਂ ਜ਼ਿੰਦਗੀ ਦਾ ਇੱਕ ਇੱਕ ਸਾਹ ਕਮਿਉਨਟੀ ਦੀ ਸੇਵਾ ਵਿੱਚ ਲਾਵਾਂਗਾ । ਇੱਥੇ ਇਹ ਵੀ ਜਿਕਰਯੋਗ ਹੈ ਕਿ ਸ। ਅਵਤਾਰ ਸਿੰਘ ਚੌਹਾਨ ਪੰਜਾਬ ਦੇ ਨਗਰ ਪਿੰਡ ਦੇ ਲੰਮਾ ਸਮਾਂ ਸਰਪੰਚ ਰਹਿ ਚੁੱਕੇ ਹਨ, ਅਤੇ ਪਿਛਲੇ ਲੰਮੇ ਅਰਸੇ ਤੋਂ ਕੈਲੀਫੋਰਨੀਆਂ ਦੇ ਸ਼ਹਿਰ ਫਰਿਜਨੋ ਵਿਖੇ ਰਹਿ ਰਹੇ ਹਨ 'ਤੇ ਕਮਿਊਂਨਟੀ ਦੇ ਕੰਮਾਂ ਵਿੱਚ ਵੱਧ ਚੜਕੇ ਹਿੱਸਾ ਲੈ ਰਹੇ ਹਨ।

ਹਰ ਸਾਲ ਖਾਲੜਾ ਸਾਬ੍ਹ ਦੀ ਯਾਦ ਵਿੱਚ ਮਨਾਏ ਜਾਂਦੇ ਸਮਾਗਮ ਵਿੱਚ ਵੀ ਸਰਪੰਚ ਅਵਤਾਰ ਸਿੰਘ ਚੌਹਾਨ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਇਸ ਮੌਕੇ ਮਾਸਟਰ ਸੁਲੱਖਣ ਸਿੰਘ, ਹਰਦੇਵ ਸਿੰਘ ਰਾਊਕੇ, ਸਾਧੂ ਸਿੰਘ ਸੰਘਾ, ਹੈਰੀ ਮਾਨ, ਮਨਜੀਤ ਕੁਲਾਰ ਦੇ ਨਾਲ ਹੋਰ ਬਹੁਤ ਸਾਰੇ ਪਤਵੰਤੇ ਮਜੂਦ ਰਹੇ।








# ਸਾਂਝੇ ਮਜਦੂਰ ਮੋਰਚਾ ਨੇ ਮੁੱਖ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਮਜਦੂਰਾਂ ਦੀਆਂ ਮੰਗਾਂ ਨੂੰ ਲੈਕੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਹਲਕਾ ਬਲਾਚੌਰ ਤੋਂ ਆਪ ਦੀ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਦੇ ਲੜਕੇ ਕਰਨ ਕੁਮਾਰ ਕਟਾਰੀਆ ਨੂੰ ਮੰਗ ਪੱਤਰ ਦਾ ਤੀਜਾ ਹਿੱਸਾ ਘੱਟ ਰੇਟ ਉੱਤੇ ਦੇਣ, ਮਜਦੂਰਾਂ ਕਿਸਾਨਾਂ ਦਾ ਉਜਾੜਾ ਬੰਦ ਕਰਨ, ਆਟੇ ਦੀ ਥਾਂ ਕਣਕ ਦੇਣ, ਮਿਆਰੀ ਸਿੱਖਿਆ, ਸਿਹਤ ਸਹੂਲਤਾਂ ਅਤੇ ਸਵੱਛ ਪਾਣੀ ਮੁਫਤ ਦੇਣ ਅਤੇ ਕੇਂਦਰ ਸਰਕਾਰ ਦੇ ਕਿਰਤ ਕੋਡ ਰੱਦ ਕਰਨ ਲਈ ਪੰਜਾਬ ਅਸੰਬਲੀ ਵਿਚ ਮਤਾ ਪਾਸ ਕਰਨ ਦੀ ਮੰਗ ਕੀਤੀ ਗਈ।




ਸੌਂਪਿਆ ਗਿਆ। ਮੰਗ ਪੱਤਰ ਰਾਹੀਂ ਮਜਦੂਰਾਂ ਨੂੰ 10-10 ਮਰਲੇ ਦੇ ਪਲਾਟ ਦੇਣ,ਪਹਿਲਾਂ ਕੱਟੇ ਹੋਏ ਪਲਾਟਾਂ ਦੇ ਕਬਜੇ ਦੇਣ,ਪੰਚਾਇਤੀ ਮਤਿਆਂ ਉੱਤੇ ਅਮਲ ਕਰਨ, ਲਾਲ ਲਕੀਰ ਅੰਦਰ ਮਾਲਕੀ ਦੇ ਹੱਕ ਦੇਣ,ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਮਕਾਨ ਬਣਾਉਣ ਲਈ 5-5 ਲੱਖ ਰੁਪਏ ਦੀ ਗਰਾਂਟ ਦੇਣ, ਮਗਨਰੇਗਾ ਕਾਮਿਆਂ ਨੂੰ 700 ਰੁਪਏ ਦਿਹਾੜੀ ਦੇਣ, ਮਜਦੂਰਾਂ ਨੂੰ ਸਹਿਕਾਰੀ ਸਭਾਵਾਂ ਦੇ ਮੈਂਬਰ ਨਾ ਬਣਾਉਣ ਵਾਲੇ ਧਨਾਢਾਂ ਅਤੇ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ,12 ਘੰਟੇ ਦਿਹਾੜੀ ਦਾ ਨੋਟੀਫਿਕੇਸ਼ਨ ਰੱਦ ਕਰਨ, ਮਜਦੂਰਾਂ ਦੇ ਸਰਕਾਰੀ ਅਤੇ ਗੈਰ ਸਰਕਾਰੀ ਮੁਆਫ ਕਰਨ, ਕਰਜਾਈ ਵਿਅਕਤੀਆਂ ਨੂੰ ਜਲੀਲ ਕਰਨ ਵਾਲੀਆਂ ਮਾਈਕਰੋ ਫਾਈਨਾਂਸ ਕੰਪਨੀਆਂ ਦੇ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਬੁਢਾਪਾ ਪੈਨਸ਼ਨ ਲਈ ਮਰਦਾਂ ਦੀ ਉਮਰ 58 ਸਾਲ, ਔਰਤਾਂ ਦੀ ਉਮਰ 55 ਸਾਲ ਕਰਕੇ ਪੈਨਸ਼ਨ 5 ਹਜਾਰ ਰੁਪਏ ਮਹੀਨਾ ਦੇਣ, ਚੋਣ ਵਾਅਦੇ ਅਨੁਸਾਰ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ, ਮਜਦੂਰਾਂ ਨੂੰ ਪੰਚਾਇਤੀ ਜਮੀਨ

ਇਸ ਮੌਕੇ ਮਜਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂਆਂ ਕਮਲਜੀਤ ਸਨਾਵਾ, ਬਗੀਚਾ ਸਿੰਘ ਸਹੂੰਗੜਾ, ਹਰੀ ਰਾਮ ਰਸੂਲਪੁਰੀ, ਸੁਰਿੰਦਰ ਮੀਰਪੁਰੀ, ਮੁਕੰਦ ਲਾਲ, ਪਰਵਿੰਦਰ ਮੇਨਕਾ, ਗੁਰਦਿਆਲ ਰੱਕੜ ਨੇ ਕਿਹਾ ਕਿ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਆਪ ਸਰਕਾਰ ਮਜਦੂਰਾਂ ਦੀਆਂ ਮੰਗਾਂ ਵਲ ਧਿਆਨ ਨਹੀਂ ਦੇ ਰਹੀ। ਇੱਥੋਂ ਤੱਕ ਕਿ ਆਪ ਸਰਕਾਰ ਚੋਣਾਂ ਵਿਚ ਕੀਤੇ ਵਾਅਦੇ ਵੀ ਪੂਰੇ ਨਹੀਂ ਕਰ ਰਹੀ।

ਉਹਨਾਂ ਕਿਹਾ ਕਿ ਮਜਦੂਰਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਉਹਨਾਂ ਕਿਹਾ ਕਿ ਜੇਕਰ ਮਾਨ ਸਰਕਾਰ ਨੇ ਮਜਦੂਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਇਸ ਸਰਕਾਰ ਨੂੰ ਇਸਦੀ ਵੱਡੀ ਕੀਮਤ ਉਤਾਰਨੀ ਪਵੇਗੀ। ਇਸ ਮੌਕੇ ਉੱਤੇ ਨੀਲਮ ਕੋਟ ਰਾਂਝਾ, ਵਰਖਾ ਕੋਟ ਰਾਂਝਾ, ਹਰਭਜਨ ਸਿੰਘ ਸਹੂੰਗੜਾ, ਜਗਦੀਸ਼ ਸੜੋਆ, ਰਮੇਸ਼ ਕੁਮਾਰ ਬਿੱਲਾ, ਬੂਟਾ ਰਾਮ, ਮੋਹਨ ਲਾਲ ਬੰਗੜ, ਧਰਮ ਪਾਲ ਸਿਆਣਾ, ਰਾਣਾ ਉਪਿੰਦਰ ਸਿੰਘ ਆਗੂ ਵੀ ਮੌਜੂਦ ਸਨ।

# ਗੁਰੂ ਨਾਨਕ ਸਿੱਖ ਟੈਂਪਲ ਗਲਾਸਗੋ ਵਿਖੇ ਮਨਾਇਆ ਗਿਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ







**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਮੁੱਚੇ ਵਿਸ਼ਵ ਭਾਰਤ ਵਿੱਚ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਕਾਟਲੈਂਡ ਵਿੱਚ ਵੀ ਜਾਹੋ ਜਲਾਲ ਵੇਖਣ ਵਾਲੇ ਸਨ। ਸਕਾਟਲੈਂਡ ਦੇ ਵੱਖ ਵੱਖ ਗੁਰੂ ਘਰਾਂ ਵਿੱਚ ਧਾਰਮਿਕ ਸਮਾਗਮ ਕਰਵਾਏ ਗਏ। ਗੁਰੂ ਨਾਨਕ ਸਿੱਖ ਟੈਂਪਲ ਗਲਾਸਗੋ ਓਟੈਗੋ ਸਟ੍ਰੀਟ ਵਿੱਚ ਵੀ ਤਿੰਨ ਦਿਨਾ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੁਖਬੀਰ ਸਿੰਘ ਰਾਏ, ਕੁਲਵਿੰਦਰ ਸਿੰਘ ਕੈਂਥ, ਜਸਵੀਰ ਸਿੰਘ ਬਮਰਾਹ, ਡਾ. ਬਲਬੀਰ ਸਿੰਘ ਚੀਤਾ, ਇੰਦਰਜੀਤ ਸਿੰਘ ਗਾਬੜੀ ਦੇ ਪਰਿਵਾਰਾਂ ਵੱਲੋਂ ਇਨ੍ਹਾਂ ਧਾਰਮਿਕ ਸਮਾਗਮਾਂ ਦੀ ਸੇਵਾ ਆਪਣੀ ਝੋਲੀ ਪਵਾਈ ਗਈ। ਇਨ੍ਹਾਂ ਸਮਾਗਮਾਂ ਦੌਰਾਨ ਗਿਆਨੀ ਲਖਵਿੰਦਰ ਸਿੰਘ ਅਤੇ ਤੇਜਿੰਦਰ ਸਿੰਘ ਵੱਲੋਂ ਸੰਗਤਾਂ ਨਾਲ ਗੁਰਬਾਣੀ ਵਿਚਾਰਾਂ ਦੀ ਸਾਂਝ ਪਾਈ ਗਈ। ਇਸ ਮੌਕੇ ਬੁਲਾਰਿਆਂ ਦੇ ਤੌਰ 'ਤੇ ਹਰਦੀਪ ਸਿੰਘ ਸੋਢੀ, ਰਸ਼ਪਾਲ ਸਿੰਘ ਗਾਂਸੀ, ਸੰਦੀਪ ਸਿੰਘ, ਕਰਮਜੀਤ ਸਿੰਘ ਅਤੇ ਬਲਬੀਰ ਸਿੰਘ ਫਰਵਾਹਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਵਰਣਨ ਕੀਤਾ ਗਿਆ। ਇਸ ਸਮੇਂ ਖਾਸ ਗੱਲ ਇਹ ਰਹੀ ਕਿ ਹਰ ਵਾਰ ਦੀ ਤਰ੍ਹਾਂ ਆਰਤੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ ਜੋ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀ ਸੀ। ਇਸ ਸਮੇਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਬੁਲਾਰਿਆਂ ਦੇ ਮੂੰਹੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੁਣੀਆਂ ਅਤੇ ਇਨ੍ਹਾਂ ਸਿੱਖਿਆਵਾਂ ਨੂੰ ਆਪਣੀ ਝੋਲੀ ਪਵਾ ਕੇ ਘਰਾਂ ਨੂੰ ਪਰਤੇ।

# ਕਲੀਆਂ ਦੇ ਬਾਦਸ਼ਾਹ ਉਸਤਾਦ ਜਨਾਬ ਕੁਲਦੀਪ ਮਾਣਕ ਜੀ ਦਾ ਬਰਸੀ ਸਮਾਗਮ ਸੰਪੰਨ





**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਵਿਸ਼ਵ ਪ੍ਰਸਿੱਧ ਲੋਕ ਗਾਇਕ ਉਸਤਾਦ ਸ੍ਰੀ ਕੁਲਦੀਪ ਮਾਣਕ ਜੀ ਦੀ 12ਵੀਂ ਬਰਸੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਲੁਧਿਆਣਾ ਵਿਖੇ ਮਨਾਈ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਭੋਗ ਪਾਏ ਗਏ, ਉਪਰੰਤ ਭਾਈ ਸੁਖਜੀਵਨ ਸਿੰਘ ਜੀ  ਅਤੇ ਭਾਈ ਰਾਜਦੀਪ ਸਿੰਘ ਮੋਗੇ ਵਾਲ਼ਿਆ ਨੇ ਵੈਰਾਗਮਈ ਕੀਰਤਨ ਸੰਗਤ ਨੂੰ ਸਰਵਣ ਕਰਵਾਇਆ । ਇਸ ਦੇ  ਬਾਅਦ ਵਿਸ਼ਵ ਪ੍ਰਸਿੱਧ ਪੰਥਕ ਢਾਡੀ ਜੱਥਾ ਤਰਸੇਮ ਸਿੰਘ ਮੋਰਾਂਵਾਲ਼ੀ ਨੇ ਬੀਰ ਰਸ ਵਾਰਾਂ ਗਾ ਕੇ ਮਾਣਕ ਸਾਹਿਬ ਨੂੰ ਸ਼ਰਧਾਂਜ਼ਲੀ ਦਿੱਤੀ । ਸਤਿਕਾਰਯੋਗ ਬੀਬੀ ਸਰਬਜੀਤ ਕੌਰ ਮਾਣਕ,, ਯੁੱਧਵੀਰ ਮਾਣਕ, ਸ਼ਕਤੀ ਮਾਣਕ ਅਗੰਮਜੋਤ ਮਾਣਕ, ਪਵੀ ਮਾਣਕ ਅਤੇ ਸਮੂਹ ਮਾਣਕ ਪਰਿਵਾਰ ਵਲੋਂ ਸਾਰਾ ਪ੍ਰਬੰਧ ਬੜੀ ਸ਼ਰਧਾ ਨਾਲ ਕੀਤਾ ਗਿਆ। ਮਾਣਕ ਸਾਹਿਬ ਨੂੰ ਤਨੋਂ ਮਨੋਂ ਪਿਆਰ ਕਰਨ ਵਾਲ਼ਿਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਅਤੇ ਆਪਣੀ ਹਾਜ਼ਰੀ ਭਰੀ। ਇਸ ਮੋਕੇ ਇੰਦਰਜੀਤ ਸਿੰਘ ਮਾਨ (ਸ਼ਕਤੀ ਮਾਣਕ ਯੂ ਐਸ ਏ) ਇੰਟਰਨੈਸ਼ਨਲ ਸਟਾਰ ਜ਼ੈਜ਼ੀ ਬੀ ,ਐਚ ਵਿਰਕ, ਬੰਟੀ ਬੈਂਸ, ਐਸ,ਅਸ਼ੋਕ ਭੌਰਾ, ਦੀਪ ਢਿੱਲੋਂ, ਸੁਖਵਿੰਦਰ ਪੰਛੀ, ਐਸ  ਐਸ। ਫਰਾ਼ਲਵੀ, ਮੇਸ਼ੀ ਮਾਣਕ, ਪ੍ਰਗਟ ਖਾਨ, ਜਗਦੇਵ ਖਾਨ, ਜੱਸੀ ਯੂ।ਕੇ। ਜਸਵੀਰ ਕੌਰ ਗਰੇਵਾਲ ਮਾਣਕ  ਪ੍ਰੇਮੀਆਂ ਨੇ ਆਪਣੀਆਂ ਆਪਣੀਆਂ ਸ਼ਰਧਾਂਜਲੀਆਂ ਹਾਜ਼ਰੀਆਂ ਭਰ ਕੇ ਅਤੇ ਦੇਸ਼ ਵਿਦੇਸ਼ ਤੋਂ ਦਿੱਤੀਆਂ। ਸਟੇਜ ਦੀ ਡਿਊਟੀ ਪ੍ਰਸਿੱਧ ਗੀਤਕਾਰ ਅਮਰੀਕ ਤਲਵੰਡੀ ਅਤੇ ਮਾਣਕ ਜੀ ਦੇ ਸ਼ਾਗਿਰਦ ਸੁਰਜੀਤ ਮਾਣਕ ਨੇ ਨਿਭਾਈ,। ਲੋਕ ਕਲਾ ਮੰਚ ਵੈਲਫੇਅਰ ਕਮੇਟੀ ਲਹਿਰਾਗਾਗਾ ਸਨਮਾਨ ਕੀਤਾ।


ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਦੇ ਕੌਮੀ



ਦੇ ਪ੍ਰਧਾਨ ਸ੍ਰੀ ਅਸ਼ੋਕ ਮਸਤੀ ਵਲੋਂ ਯੁੱਧਵੀਰ ਮਾਣਕ ਨੂੰ ਵਿਸ਼ੇਸ਼ ਸਨਮਾਨ ਦਿੱਤਾ। ਇਸ ਤੋਂ ਇਲਾਵਾ ਪੰਜਾਬ ਭਰ ਤੋਂ ਵੱਖ ਵੱਖ ਸੰਗੀਤਕ ਅਦਾਰਿਆਂ ਤੋਂ ਅਣਗਿਣਤ ਸਖ਼ਸ਼ੀਅਤਾਂ ਨੇ ਸ਼ਰਧਾਜ਼ਲੀਆਂ ਦੇ ਕੇ ਉਸਤਾਦ ਸ਼੍ਰੀ ਕੁਲਦੀਪ ਮਾਣਕ ਜੀ ਨੂੰ ਯਾਦ ਕੀਤਾ। ਸਤਿਕਾਰਯੋਗ ਨਛੱਤਰ ਸਿੰਘ ਸਿੱਧੂ ਜੀ, ਯੁੱਧਵੀਰ ਮਾਣਕ, ਜ਼ੈਜ਼ੀ ਬੀ ਨੇ ਸਿਰੋਪੇ ਪਾ ਕੇ ਪ੍ਰਮੁੱਖ ਸ਼ਖਸ਼ੀਅਤਾਂ ਦਾ ਪ੍ਰਧਾਨ ਸ੍ਰੀ ਹਾਕਮ ਬਖਤੜੀ ਵਾਲਾ, ਗਾਇਕਾ ਅਮਰ ਨੂਰੀ, ਸਾਰੰਗ ਸਿਕੰਦਰ,ਅਲਾਪ ਸਿਕੰਦਰ, ਮੰਚ ਸੰਚਾਲਕ  ਕੁਲਵੰਤ ਉੱਪਲੀ, ਜੱਸ ਡਸਕਾ, ਜਗਦੀਸ਼ ਡਸਕਾ, ਲੋਕ ਗਾਇਕ ਜਸਵੰਤ ਸੰਦੀਲਾ, ਸੇਵਾ ਸਿੰਘ ਨੌਰਥ, ਅਵਤਾਰ ਸਿੰਘ ਬੱਲ, ਸੁਖਵਿੰਦਰ ਪੰਛੀ,  ਦਲਵਿੰਦਰ ਦਿਆਲਪੁਰੀ, ਗੁਰਮੇਜ ਮੇਹ਼ਲੀ, ਗੋਗੀ ਮਾਨਾਂ ਵਾਲਾ, ਹਰੀ ਸਿੰਘ ਝੱਜ, ਸੱਤੀ ਖੋਖੇਵਾ਼ਲੀਆ, ਗੋਗਾ ਧਾਲੀਵਾਲ, ਬਿੱਟੂ ਖੰਨੇਵਾਲਾ, ਬਲਵੀਰ ਸਿੱਧੂ, ਇੰਦਾ ਲੁਧਿਆਣੇ ਵਾ਼ਲਾ, ਸੰਧੇ ਸੁਖਵੀਰ, ਜਗਦੀਸ਼ ਸਿੰਘ ਲਾਲ, ਸਰਬਜੀਤ ਵਿਰਦੀ, ਜੱਸੀ ਦੇਵੀ ਵਾਲਾ, ਮੇਘਾ ਮਾਣਕ, ਰਣਜੀਤ ਮਣੀ, ਲਵਲੀ ਨਿਰਮਾਣ, ਗੁਲਾਬ ਸਿੰਘ ਭੁੱਟੀ ਵਾ਼ਲਾ, ਗੁਰਦਾਸ ਕੈੜਾ, ਗਾਇਕ ਸਿਮਰ, ਸ਼ਿੰਗਾਰਾ, ਮੋਨੂੰ ਮਾਣਕ, ਹੈਰੀ ਮਾਣਕ, ਮੇਵਾ ਸਿੰਘ ਨੌਰਥ, ਦੀਪ ਹੈਰੀ, ਪਰਮਜੀਤ ਖੋਸਾ, ਕਮਲ ਸੀਪਾ, ਹਰਜੀਤ ਸਿੱਧੂ, ਬਲਵੀਰ ਮਾਨ, ਗੁਰਮੁੱਖ ਜਾਗੀ, ਚਰਨ ਸਿੰਘ ਬੰਬੀਹਾ, ਰਾਜਾ ਸੰਗਤ ਮੰਡੀ, ਰਾਜਵਿੰਦਰ ਰਾਏਖਾਨਾ, ਮੁਖੀ ਸਿੱਧੂ, ਰੂਪ ਸਿੱਧੂ, ਦਲੇਰ ਪੰਜਾਬੀ, ਸੱਤੀ ਪਾਬਲਾ, ਅਸ਼ੋਕ ਸ਼ਰਮਾ, ਅਬਦੁੱਲ ਸਾਬਰੀ, ਸੰਜੇ ਖਾਨ, ਜਸਵਿੰਦਰ ਸਫਰੀ, ਜੈਲੀ ਦੌਲਤਪੁਰੀਆ, ਮਿੰਟੂ ਧਾਲੀਵਾਲ, ਸੂਬਾ ਉਦੇਸੀਆਂ, ਕੌਸ਼ਲ ਮੱਲ੍ਹਾ, ਬਿੱਟੂ ਭੱਟੀ, ਪਲਵਿੰਦਰ ਢੁੱਡੀਕੇ, ਗੁਰਬਾਜ਼ ਗਿੱਲ ਸਮੇਤ ਕਈ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਸਤਿਕਾਰਯੋਗ ਗਾਇਕਾ ਬੀਬੀ ਅਮਰ ਨੂਰੀ ,ਬੀਬੀ ਗੁਲਸ਼ਨ ਕੋਮਲ , ਕੁਲਦੀਪ ਕੌਰ ,ਰੁਪਿੰਦਰ ਰੂਪੀ ਯੂ।ਕੇ, ਮਿਸ।ਹਰੀਮਾ ਥਰਾਜ ਅਤੇ ਜਸਵੀਰ ਕੌਰ ਗਰੇਵਾਲ ਕਨੇਡਾ ਤੋਂ  ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪਹੁੰਚੇ। ਮੌਸਮ ਖਰਾਬ ਅਤੇ ਬਰਸਾਤ ਕਾਰਨ ਮਾਣਕ ਦੇ ਪ੍ਰੇਮੀ ਫਿਰ ਵੀ ਬਹੁ ਗਿਣਤੀ ਵਿੱਚ ਪਹੁੰਚੇ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਾਰਾ ਸਮਾਗਮ ਸੰਤ ਬਾਬਾ  ਪ੍ਰਕਾਸ਼ ਸਿੰਘ ਜੀ ਰਾਜਗੜ੍ਹ ਵਾ਼ਲੇ ਅਤੇ ਉਸਤਾਦ ਖੁਸ਼ੀ ਮੁਹੰਮਦ ਜੀ ਕਵਾਲ ਭੁੱਟੀਵਾਲਾ ਦੇ ਆਸ਼ੀਰਵਾਦ ਨਾ਼ਲ ਯਾਦਗਾਰੀ ਹੋ ਨਿਬੜਿਆ।

# ਸੋਚੋ, ਸਮਝੋ, ਵਿਚਾਰੋ ਪੜ੍ਹੋ ਕੀ ਕਹਿੰਦਾ ਹੈ ਬਹੁਰੰਗੀ ਕਲਾਕਾਰ - ਮਨੋਹਰ ਧਾਰੀਵਾਲ

**ਪੇਸ਼ਕਸ਼ – ਕੁਲਦੀਪ ਚੁੰਬਰ ਕਨੇਡਾ**



ਪਿਆਰੇ ਦੋਸਤੋ, ਹਰ ਇੱਕ ਇਨਸਾਨ ਨੂੰ ਆਪਣੇ ਆਪਣੇ ਖੇਤਰ ਵਿੱਚ ਅੱਗੇ ਵੱਧਣ ਦਾ ਹੱਕ ਏ। ਓਸ ਨੂੰ ਆਪਣੇ ਖੇਤਰ ਵਿੱਚ ਤਰੱਕੀ ਲਈ ਕਿਸੇ ਦਾ ਸਹਾਰਾ ਲੈਣਾ ਪੈਂਦਾ ਏ ਅਤੇ ਜਦੋਂ ਉਹ ਇਨਸਾਨ ਸਫ਼ਲ ਹੋ ਜਾਂਦਾ ਤਾਂ ਓਸ ਨੂੰ ਬਹੁਤ ਇਨਸਾਨ ਮਿਲ ਜਾਂਦੇ ਹਨ ।

ਕਈ ਵਾਰ ਕਈ ਇਨਸਾਨ ਓਸ ਇਨਸਾਨ ਦਾ ਨੁਕਸਾਨ ਕਰਦੇ ਨੇ ਜਿਹੜਾ ਤੁਹਾਡੀ ਤਰੱਕੀ ਵਿੱਚ ਤੁਹਾਡੀ ਦਿਲ ਤੋਂ ਮਦਦ ਕਰਦਾ ਸੀ। ਮੰਜ਼ਿਲ ਅਤੇ ਛੱਤ ਤੇ ਪੁੱਜਣ ਲਈ ਪੌੜੀ ਦਾ ਪਹਿਲਾ ਡੰਡਾ ਤੁਹਾਡਾ ਸਹਾਰਾ ਹੁੰਦਾ ਏ , ਪਰ ਜਦੋਂ ਤੁਸੀ ਮੰਜ਼ਿਲ ਜਾਂ ਛੱਤ ਤੇ ਪੁੱਜ ਜਾਂਦੇ ਹੋ ਤਾਂ ਓਸ ਪਹਿਲੇ ਡੰਡੇ ਦਾ ਨੁਕਸਾਨ ਨਾ ਕਰੋ ਅਤੇ ਨਾ ਹੀ ਓਸ ਡੰਡੇ ਨੂੰ ਭੁੱਲੋ। ਕਿਉਂਕਿ ਜੇ ਓਹ ਡੰਡਾ ਨਾ ਮਿਲਦਾ ਤਾਂ ਤੁਸੀ ਛੱਤ ਅਤੇ ਮੰਜ਼ਿਲ ਤੇ ਪੁੱਜ ਨਹੀਂ ਸਕਦੇ ਸੀ। ਇਸ ਲਈ ਤੁਸੀਂ ਆਪਣੇ ਆਪਣੇ ਖੇਤਰ ਵਿੱਚ ਤਰੱਕੀ ਲਈ ਆਪਣੇ ਉਸਤਾਦ ,ਦੋਸਤ, ਮਿੱਤਰ, ਰਿਸ਼ਤੇਦਾਰ, ਸੱਚੇ ਸਲਾਹਕਾਰ, ਹਮਦਰਦ ਅਤੇ ਓਸ ਇਨਸਾਨ ਦੀ ਦਿਲ ਤੋ ਕਦਰ ਕਰੋ, ਜਿਸ ਨੇ ਤੁਹਾਨੂੰ ਮੰਜ਼ਿਲ ਸਰ ਕਰਨ ਲਈ ਪੌੜੀ ਦਾ ਪਹਿਲਾ ਡੰਡਾ ਦਿਖਾਇਆ ਅਤੇ ਤੁਸੀਂ ਆਪਣੀ ਮੰਜ਼ਿਲ ਅਤੇ ਛੱਤ ਤੇ ਪੁੱਜੇ ਅਤੇ ਤੁਹਾਨੂੰ ਮੰਜ਼ਿਲ ਮਿਲੀ।

ਇਸ ਲਈ ਤੁਸੀ ਓਸ ਪੌੜੀ ਦੇ ਪਹਿਲੇ ਡੰਡੇ ਦੀ ਕਦਰ ਕਰੋ, ਭਾਵੇਂ ਓਸ ਪੌੜੀ ਦੇ ਪਹਿਲੇ ਡੰਡੇ ਨੂੰ ਤੁਸੀਂ ਨਾ ਵਰਤੋ । ਪਰ ਓਸ ਡੰਡੇ ਦਾ ਨੁਕਸਾਨ ਨਾ ਕਰੋ, ਕਿਉਂਕਿ ਓਸ ਡੰਡੇ ਦਾ ਸਹਾਰਾ ਲੈ ਕੇ ਹੋਰ ਇਨਸਾਨਾਂ ਨੇ ਆਪਣੀ ਮੰਜ਼ਿਲ ਅਤੇ ਛੱਤ ਤੇ ਪੁੱਜਣਾ ਹੁੰਦਾ ਏ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰੂ ਨਾਨਕ ਦਾ ਆਦਰਸ਼ ਸਮਾਜ





**ਡਾ. ਅਰਵਿੰਦਰ ਸਿੰਘ ਭੱਲਾ**
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ
91-94630-62603

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਇਲਾਹੀ ਬਾਣੀ ਅਤੇ ਸਰਵ ਵਿਆਪੀ ਸਿਖਿਆਵਾਂ ਦਾ ਮੁਤਾਲਿਆ ਕਰਦੇ ਹੋਏ ਇਹ ਸਪਸ਼ਟ ਹੋ ਜਾਂਦਾ ਹੈ ਕਿ ਅੰਤਰ-ਧਰਮ ਸੰਵਾਦ, ਮਨੁੱਖੀ ਏਕਤਾ, ਇਕ-ਦੂਜੇ ਦਾ ਸਤਿਕਾਰ, ਭਾਈਚਾਰਕ ਸਾਂਝ, ਆਪਸੀ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ ਅਤੇ ਪਰਸਪਰ ਸਹਿਯੋਗ ਨੂੰ ਬੜਾਵਾ ਦੇਣ ਦੇ ਮਨੋਰਥ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਅਜਿਹੇ ਆਦਰਸ਼ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲਾਮਬੰਦ ਅਤੇ ਜਾਗਰੂਕ ਕਰਨ ਲਈ ਇਕ ਅਜਿਹੇ ਨਿਰਾਲੇ ਅਤੇ ਅਜ਼ੀਮੋਸ਼ਾਨ ਪੰਥ ਦੀ ਬੁਨਿਆਦ ਰੱਖੀ, ਜਿਸ ਰਾਹੀਂ ਗਫ਼ਲਤ ਅਤੇ ਵਹਿਮਾਂ-ਭਰਮਾਂ ਵਿਚ ਭਟਕ ਰਹੇ ਲੋਕਾਂ ਨੂੰ ਜ਼ਹਾਲਤ, ਫਿਰਕਾਪ੍ਰਸਤੀ, ਤੰਗਦਿਲ ਸੋਚ ਅਤੇ ਨਿੱਜੀ ਮੁਫ਼ਾਦਾਂ ਦੀ ਦਲਦਲ ਵਿਚੋਂ ਬਾਹਰ ਕੱਢਿਆ ਜਾ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਅਤੇ ਸਰੋਕਾਰਾਂ ਵਿੱਚ ਦੱਬੇ-ਕੁਚਲੇ ਅਤੇ ਸ਼ੋਸ਼ਿਤ ਲੋਕਾਂ ਪ੍ਰਤੀ ਹਮਦਰਦੀ, ਜ਼ੁਲਮ ਦਾ ਟਾਕਰਾ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਨਸਲੀ ਵਿੰਭਿਨਤਾਵਾਂ ਦਾ ਸਤਿਕਾਰ ਸ਼ਾਮਲ ਹਨ। ਗੁਰੂ ਜੀ ਨੇ ਲੋਕਾਈ ਨੂੰ ਇਕ ਅਜਿਹੀ ਨਿਵੇਕਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ, ਜਿਸ ਨੂੰ ਅਪਣਾਉਣ ਪਿਛੋਂ ਇਨਸਾਨ ਸਚਿਆਰਾ, ਨਿਮਰ, ਨਿਰਸਵਾਰਥ, ਨਿਰਛਲ, ਨਿਰਭੈ, ਨਿਰਵੈਰ ਅਤੇ ਰਹਿਮਦਿਲ ਰਹਿੰਦੇ ਹੋਏ ਇਸ ਕਾਇਨਾਤ ਦੇ ਜ਼ਰੇ-ਜ਼ਰੇ ਵਿਚੋਂ ਉਸ ਪਰਵਦਗਾਰ ਦੀ ਹੋਂਦ ਨੂੰ ਮਹਿਸੂਸ ਕਰ ਸਕੇ। ਸ਼ਾਂਤਮਈ ਸਹਿਹੋਂਦ ਦੇ ਸੰਕਲਪ ਉੱਪਰ ਅਧਾਰਿਤ ਨਿਆਂਪੂਰਨ ਬਹੁ-ਸੱਭਿਆਚਾਰਕ ਸਮਾਜ ਦੇ ਸੰਕਲਪ ਦੀ ਪੁਰਜ਼ੋਰ ਵਕਾਲਤ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੇਹਤਰ, ਸੁਰੱਖਿਅਤ, ਸਥਿਰ ਅਤੇ ਉੱਜਵਲ ਭਵਿੱਖ ਲਈ ਰਾਜਸੀ ਅਤਿਆਚਾਰ, ਮਜ਼ਹਬੀ ਮੁੱਤਸਬੀਪੁਣੇ, ਨਾਬਰਾਬਰੀ, ਗੁਲਾਮੀ, ਸਭਿਆਚਾਰਕ ਤੇ ਨਸਲੀ ਟਕਰਾਅ ਦੀ ਸਥਿਤੀ ਨਾਲ ਨਜਿੱਠਣ ਲਈ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਜ਼ਰੀਆਤੀ, ਮਜ਼ਹਬੀ, ਨਸਲੀ, ਭਾਸ਼ਾਈ, ਜਾਤੀ, ਨਫ਼ਸੀਆਤੀ, ਸਕਾਫ਼ਤੀ ਅਤੇ ਇਲਾਕਾਈ ਆਧਾਰ ਉੱਪਰ ਪਾਏ ਜਾਣ ਵਾਲੀ ਕਸ਼ਮਕਸ਼, ਕਸ਼ੀਦਗੀ, ਇਖਤਲਾਫ ਅਤੇ ਆਪਸੀ ਝਗੜਿਆਂ ਨੂੰ ਸਦੀਵੀਂ ਤੌਰ ਉੱਪਰ ਸੁਲਝਾਉਣ ਲਈ ਰਾਹ ਹਮਵਾਰ ਕਰਦੇ ਹੋਏ ਇਕ ਪੁਰਅਮਨ, ਪੁਰਸਕੂਨ, ਇਨਸਾਫ਼ ਪਸੰਦ, ਖੁਸ਼ਹਾਲ, ਮਾਨਵਤਾਵਾਦੀ ਅਤੇ ਬਹੁਲਵਾਦੀ ਸਮਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੁੱਚੀ ਮਾਨਵਤਾ ਨੂੰ ਆਪਣੀ ਇਲਾਹੀ ਬਾਣੀ ਰਾਹੀਂ ਨਵੀਂ ਸੇਧ ਦਿੱਤੀ। ਵਾਸਤਵ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਸਮਾਜ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਆਦਰਸ਼ਾਂ ਨੂੰ ਸਮਰਪਿਤ ਜਾਤ ਰਹਿਤ, ਵਰਗ ਰਹਿਤ, ਭੇਦਭਾਵ ਰਹਿਤ ਅਤੇ ਨਿਆਂ ਉੱਪਰ ਅਧਾਰਿਤ ਇਕ ਅਜਿਹਾ ਆਦਰਸ਼ ਸਮਾਜ ਹੈ, ਜਿਸ ਵਿਚ ਹਰੇਕ ਜਾਤ, ਫ਼ਿਰਕੇ, ਵਰਗ ਜਾਂ ਸ਼੍ਰੇਣੀ ਨਾਲ ਸਬੰਧਤ ਮਰਦ ਅਤੇ ਔਰਤ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕਰਨ ਦੇ ਬਰਾਬਰ ਮੌਕੇ ਹਾਸਲ ਹੋਣ ਅਤੇ ਮਨੁੱਖ ਇਕ ਖੁਸ਼ਹਾਲ ਅਤੇ ਸਨਮਾਨਜਨਕ ਜੀਵਨ ਗੁਜ਼ਾਰਨ ਦੇ ਸਮਰੱਥ ਹੋ ਸਕੇ। ਆਦਰਸ਼ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ-ਪੰਗਤ, ਧਰਮਸਾਲ ਅਤੇ ਦਸਵੰਧ ਵਰਗੀਆਂ ਸੰਸਥਾਵਾਂ ਵੀ ਸਥਾਪਿਤ ਕੀਤੀਆਂ। ਸਮੇਂ ਦੇ ਗੁਜ਼ਰਨ ਦੇ ਨਾਲ-ਨਾਲ ਇਹਨਾਂ ਸੰਸਥਾਵਾਂ ਰਾਹੀਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਦਿੱਤਾ ਜਾਣ ਲੱਗਾ। ਇਹਨਾਂ ਸੰਸਥਾਵਾਂ ਨੇ ਲੋਕਾਂ ਦੀਆਂ ਦੇਹ ਅਤੇ ਰੂਹ ਦੀਆਂ ਲੋੜਾਂ ਨੂੰ ਸਤੁੰਸ਼ਟ ਕਰਨ ਦੇ ਨਾਲ-ਨਾਲ ਲੋਕਾਂ ਨੂੰ ਸੰਗਤੀ ਰੂਪ ਬਰਾਬਰੀ ਦੇ ਦਰਜ਼ੇ ਉੱਪਰ ਇਕ-ਦੂਜੇ ਨਾਲ ਜੁੜਣ, ਸਮਝਣ ਅਤੇ ਵਿਚਰਨ ਦਾ ਮੌਕਾ ਦਿੱਤਾ ਅਤੇ ਸਦੀਆਂ ਤੋਂ ਚਲੀਆਂ ਆ ਰਹੀਆਂ ਉਚ-ਨੀਚ ਤੇ ਭੇਦਭਾਵਾਂ ਦੀਆਂ ਲਕੀਰਾਂ ਨੂੰ ਮਿਟਾਉਣ ਵਿਚ ਅਹਿਮ ਭੂਮਿਕਾ ਨਿਭਾਈ। ਗੁਰੂ ਜੀ ਵਲੋਂ ਸਥਾਪਤ ਇਹਨਾਂ ਸੰਸਥਾਵਾਂ ਨੇ ਵੱਖ-ਵੱਖ ਜਾਤਾਂ, ਵਰਗਾਂ, ਕਿੱਤਿਆਂ ਅਤੇ ਖਿੱਤਿਆਂ ਨਾਲ ਸਬੰਧਤ ਲੋਕਾਂ ਨੂੰ ਗੁਰੂ ਜੀ ਦੀ ਸਰਬਸਾਂਝੀ ਇਲਾਹੀ ਬਾਣੀ ਦੀ ਰੋਸ਼ਨੀ ਵਿਚ ਸਾਂਝੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸਮੂਹਿਕ ਯਤਨ ਕਰਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਲੋਕਾਂ ਵਿਚ ਆਪਸੀ ਪਿਆਰ, ਪਰਸਪਰ ਸਹਿਯੋਗ ਅਤੇ ਆਪਸੀ ਵਿਸ਼ਵਾਸ ਨੂੰ ਬੜਾਵਾ ਦਿੱਤਾ। ਗੁਰੂ ਜੀ ਵਲੋਂ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਗਈ ਉਹ ਅੱਜ ਦੇ ਸਮੇਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਉੱਪਰ ਅਧਾਰਿਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ ਕਿਉਂਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਵਹਾਰ ਨਹੀਂ ਬਦਲਿਆ ਜਾਵੇਗਾ ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਪਾਏਗੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਰਸ਼ ਸਮਾਜ ਦੀ ਸਿਰਜਣਾ ਲਈ ਆਦਰਸ਼ ਮਨੁੱਖ ਦਾ ਸੰਕਲਪ ਵੀ ਪੇਸ਼ ਕੀਤਾ। ਦਰਅਸਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਸਮਾਜ ਦਾ ਸੰਕਲਪ ਉਹਨਾਂ ਵਲੋਂ ਹੀ ਦਿੱਤੇ ਗਏ ਆਦਰਸ਼ ਮਨੁੱਖ ਦੇ ਸੰਕਲਪ ਤੋਂ ਬਿਨਾਂ ਅਧੂਰਾ ਹੈ। ਗੁਰੂ ਨਾਨਕ ਦੇ ਆਦਰਸ਼ ਸਿੱਖ ਤੋਂ ਬੁਨਿਆਦੀ ਤੌਰ ਉੱਪਰ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਦੂਜਿਆਂ ਪ੍ਰਤੀ ਦਿਆਲੂ ਅਤੇ ਹਮਦਰਦੀ ਭਰਿਆ ਰੱਵਈਆ ਰੱਖੇ। ਗੁਰਸਿੱਖ ਆਪਣੇ ਜੀਵਨ ਵਿੱਚ ਹਰੇਕ ਦਾ ਸਤਿਕਾਰ ਕਰੇ ਅਤੇ ਦੂਜਿਆਂ ਦੇ ਵਿਚਾਰਾਂ ਅਤੇ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਸ਼ਿਸ਼ਟਾਚਾਰ ਦੇ ਤਕਾਜ਼ੇ ਪੂਰੇ ਕਰੇ। ਗੁਰਸਿੱਖ ਆਪਣੇ ਅਮਲਾਂ ਵਿਚ ਪੂਰਨ ਤੌਰ ਉੱਪਰ ਈਮਾਨਦਾਰ, ਸੰਵੇਦਨਸ਼ੀਲ, ਭਰੋਸੇਯੋਗ ਹੋਵੇ। ਆਪਣੀ ਨਫ਼ਸ ਨੂੰ ਆਪਣੇ ਕਾਬੂ ਵਿਚ ਰੱਖਣ ਦਾ ਹੁਨਰ ਜਾਣਨ ਵਾਲਾ, ਸਵੈਮਾਣ ਤੇ ਸਵੈਵਿਸਵਾਸ਼ ਦੀ ਭਾਵਨਾ ਨਾਲ ਲਬਰੇਜ਼ ਅਤੇ ਦ੍ਰਿੜ ਇਰਾਦੇ ਵਾਲਾ ਗੁਰੂ ਨਾਨਕ ਦਾ ਆਦਰਸ਼ ਸਿੱਖ ਹਰ ਅਉਖੀ ਘੜੀ ਵਿਚ ਸਾਬਿਤ ਕਦਮੀ ਦਾ ਸਬੂਤ ਦਿੰਦੇ ਹੋਏ ਬਿਨਾਂ ਕਿਸੇ ਭੇਦਭਾਵ ਦੇ ਹਰੇਕ ਦੀ ਮੱਦਦ ਕਰਨ ਲਈ ਤਤਪਰ ਰਹੇ। ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਗੁਰੂ ਨਾਨਕ ਦਾ ਗੁਰਸਿੱਖ ਸੰਤ-ਸਿਪਾਹੀ ਹੈ, ਉਹ ਪਰਮਾਤਮਾ ਦੀ ਰਜ਼ਾ ਵਿਚ ਦੁਨਿਆਵੀ ਅਤੇ ਰੂਹਾਨੀ ਪੱਧਰ ਉੱਪਰ ਵਿਚਰਦੇ ਹੋਏ ਸਦਾਚਾਰਕ ਕਦਰਾਂ ਕੀਮਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਂਦਾ ਹੈ। ਉਹ ਇਕ ਸੱਚਾ ਕਰਮਯੋਗੀ, ਬੌਧਿਕ ਤੌਰ ਉੱਪਰ ਸੁਚੇਤ, ਸਾਕਾਰਾਤਮਕ, ਉਸਾਰੂ ਤੇ ਉਦਾਰ ਸੋਚ ਦਾ ਧਾਰਨੀ ਅਤੇ ਗ੍ਰਿਸਤ ਜੀਵਨ ਬਿਤਾਉਂਦੇ ਹੋਏ ਸੂਰਬੀਰਤਾ ਦਾ ਮੁਜ਼ਾਹਰਾ ਕਰਦਿਆਂ ਦੁਸ਼ਟ ਸ਼ਕਤੀਆਂ ਤੇ ਸਮਾਜਿਕ ਬੁਰਾਈਆਂ ਦੇ ਖਿਲਾਫ ਆਖਰੀ ਸਾਹਾਂ ਤੱਕ ਲੜਦਾ ਹੈ ਅਤੇ ਵਿਅਕਤੀਗਤ ਸੁਤੰਤਰਤਾ, ਮਨੁੱਖੀ ਅਧਿਕਾਰਾਂ ਅਤੇ ਮਜ਼ਲੂਮਾਂ ਦੀ ਰਾਖੀ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਦਾ ਜਜ਼ਬਾ ਰੱਖਦੇ ਹੋਏ ਉਪਕਾਰ, ਸੁਹਿਰਦਤਾ, ਦਿਆਲਤਾ ਅਤੇ ਚੜ੍ਹਦੀ ਕਲਾ ਦੀ ਮੂਰਤ ਬਣਦਾ ਹੈ। ਉਹ ਸਮਾਜ ਵਿਚ ਪਾਈ ਜਾਣ ਵਾਲੀ ਕਾਣੀ ਵੰਡ, ਜ਼ਬਰ-ਜ਼ੁਲਮ, ਸਮਾਜਿਕ-ਸਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖਿਲਾਫ ਗੁਰੂ ਨਾਨਕ ਦੇ ਦੱਸੇ ਰਾਹ ਉੱਪਰ ਬੇਖੌਫ ਤੁਰਦੇ ਹੋਏ ਜ਼ੋਰਦਾਰ ਆਵਾਜ਼ ਬੁਲੰਦ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਰਾਹੀਂ ਇਕ ਅਜਿਹੀ ਆਦਰਸ਼ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਜਿਸ ਵਿਚ ਸਮਾਜ ਦੇ ਦੱਬੇ ਕੁੱਚਲੇ, ਕਮਜ਼ੋਰ ਤੇ ਸ਼ੋਸ਼ਿਤ ਵਰਗਾਂ ਨੂੰ ਸਵੈਮਾਣ ਦੀ ਭਾਵਨਾ ਨਾਲ ਜਿਉਣ ਲਈ ਬੇਹਤਰ ਪ੍ਰਸਥਿਤੀਆਂ ਪ੍ਰਾਪਤ ਹੋ ਸਕਣ। ਨਿਰਭਉ ਦੇ ਭੈਅ ਵਿਚ ਰਹਿੰਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਅਦਲ ਪ੍ਰਦਾਨ ਕਰਨ ਵਾਲੇ ਸ਼ਾਸਕ ਦਾ ਸ਼ਾਸਨ ਹੋਵੇ। ਸੇਵਾ ਤੇ ਸਿਮਰਨ ਦੇ ਰਾਹ ਉੱਪਰ ਚਲਦਿਆਂ ਹੱਕ-ਸੱਚ ਉੱਪਰ ਪਹਿਰਾ ਦੇਣ ਵਾਲੇ ਲੋਕ ਸੱਚੀ ਕਿਰਤ ਕਮਾਉਣ। ਹੱਥੀਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਬਹਾਲ ਹੋਏ। ਇਨਸਾਫ਼ ਪਸੰਦ ਮੁਨਸਿਫ਼ ਸੱਚ ਅਤੇ ਝੂਠ ਦਾ ਨਿਤਾਰਾ ਕਰਨ। ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਤੇ ਪ੍ਰਤੀਬੱਧ ਲੋਕ ਆਪਣੇ ਫ਼ਰਜ਼ਾਂ ਦੀ ਅਦਾਇਗੀ ਈਮਾਨਦਾਰੀ ਨਾਲ ਕਰਨ। ਦੇਸ਼, ਕੌਂਮ ਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਖਵਾਲੇ, ਆਪਣੇ ਦੇਸ਼, ਕੌਮ ਅਤੇ ਅਣਖ਼ ਲਈ ਮਰ ਮਿਟਣ ਵਾਲੇ ਜੁਝਾਰੂ ਅਤੇ ਆਪਣੇ ਰਿਜ਼ਕ ਲਈ ਆਪਣੇ ਰਾਜ਼ਕ ਨੂੰ ਸਦਾ ਰਾਜ਼ੀ ਰੱਖਣ ਵਾਲੇ ਲੋਕ ਸਾਨੂੰ ਚੁਫੇਰੇ ਵਿਚਰਦੇ ਹੋਏ ਦਿਖਾਈ ਦੇਣ। ਵਿਕਾਰਾਂ ਤੋਂ ਦੂਰ ਰਹਿਣ ਨੂੰ ਤਰਜ਼ੀਹ ਦਿੰਦੇ ਹੋਏ ਲੋਕ ਸਾਫ਼ਗੋਈ, ਸਦਾਕਤ, ਦਿਆਨਤਦਾਰੀ, ਸਬਰ, ਸ਼ੁਕਰ, ਸੰਜਮ, ਸਹਿਜ ਅਤੇ ਸੰਤੋਖ ਦੇ ਰਾਹ ਨੂੰ ਅਪਣਾਉਣ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਿਸ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੀ ਰੂਪ-ਰੇਖਾ ਉਲੀਕੀ, ਉਹਨਾਂ ਦੇ ਤਸਵੱਰ ਨੂੰ ਹਕੀਕੀ ਰੂਪ ਦੇਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਉੱਤੇ ਬੈਠ ਕੇ ਰੱਬ ਦੇ ਭਾਣੇ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਅਕਤੀਗਤ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਤਿਲ, ਜਾਬਰ ਅਤੇ ਮਗ਼ਰੂਰ ਹਾਕਮ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰ ਕਰਦਿਆਂ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ। ਸਾਹਿਬ-ਏ-ਕਮਾਲ ਤੇ ਸਰਬੰਸਦਾਨੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਧੀਨ ਨਾ ਕੇਵਲ ਇਸ ਮੁਲਕ ਤੋਂ ਆਪਣਾ ਸਰਬੰਸ ਵਾਰਿਆ ਸਗੋਂ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹੋਏ ਖਾਲਸਾ ਪੰਥ ਦੀ ਬੁਨਿਆਦ ਰੱਖੀ। ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੰਘਾਂ ਤੇ ਸਿੰਘਣੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਨੂੰ ਹਕੀਕੀ ਰੂਪ ਦੇਣ ਲਈ ਸ਼ਹਾਦਤ ਦਾ ਜ਼ਾਮ ਪੀਤਾ।

ਅਜੋਕੇ ਸਮੇਂ ਵਿਚ ਇਸ ਗੱਲ ਨੂੰ ਬੜੀ ਸ਼ਿਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਮੁੱਚੀ ਮਾਨਵ ਜਾਤੀ ਨੂੰ ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, ਜਾਤੀ ਜਾਂ ਸੱਭਿਆਚਾਰਕ ਵਲਗਣਾਂ ਤੋਂ ਨਿਜ਼ਾਤ ਦਿਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਦੁੱਤੀ ਫ਼ਲਸਫ਼ੇ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਦੀ ਬੇਹੱਦ ਲੋੜ ਹੈ। ਅਜੋਕੇ ਸਮੇਂ ਵਿਚ ਅਸੀਂ ਲੋਕ ਗੁਰੂ ਨਾਨਕ ਨੂੰ ਤਾਂ ਆਪਣਾ ਗੁਰੂ ਮੰਨਦੇ ਹਾਂ ਪਰ ਅਫ਼ਸੋਸ ਵਿਵਹਾਰਿਕ ਤੌਰ ਉੱਪਰ ਅਸੀਂ ਗੁਰੂ ਨਾਨਕ ਦੀ ਕੋਈ ਗੱਲ ਵੀ ਨਹੀਂ ਮੰਨਦੇ ਹਾਂ। ਜੇਕਰ ਅਸੀਂ ਆਪਣੇ ਅਮਲਾਂ ਨੂੰ ਗੁਰੂ ਨਾਨਕ ਦੇ ਦੱਸੇ ਰਾਹ ਅਨੁਸਾਰ ਦਰੁਸਤ ਕੀਤਾ ਹੁੰਦਾ ਤਾਂ ਮੌਜੂਦਾ ਸਥਿਤੀ ਕੁਝ ਹੋਰ ਹੁੰਦੀ।

ਵਰਤਮਾਨ ਪ੍ਰਸਥਿਤੀਆਂ ਉੱਪਰ ਗੌਰ ਕਰਦੇ ਹੋਏ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਡੀ ਵਿਅਕਤੀਗਤ ਅਤੇ ਸਮੂਹਿਕ ਤੌਰ ਉੱਪਰ ਇਕ ਬਹੁਤ ਵੱਡੀ ਅਸਫ਼ਲਤਾ ਤੇ ਤ੍ਰਾਸਦੀ ਇਹ ਹੈ ਕਿ ਅਸੀਂ ਅਗਿਆਨਤਾ ਵੱਸ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਿਸ਼ਵਵਿਆਪੀ ਸਿੱਖਿਆਵਾਂ ਅਤੇ ਉਹਨਾਂ ਦੇ ਸਰੋਕਾਰਾਂ ਨੂੰ ਇਕ ਵਿਸ਼ੇਸ਼ ਖਿੱਤੇ, ਭਾਸ਼ਾ, ਕੌਮ, ਸੱਭਿਆਚਾਰ ਜਾਂ ਧਾਰਮਿਕ ਸਮੂਹ ਤੱਕ ਸੀਮਤ ਸਮਝਣ ਦੀ ਭੁੱਲ ਕਰਦੇ ਹੋਏ, ਉਨ੍ਹਾਂ ਦੀਆਂ ਰੂਹਾਨੀ ਸਿੱਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਫੈਲਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੇ ਹਾਂ।

# ਕਹਾਣੀਕਾਰਾ ਗੁਰਮੀਤ ਪਨਾਗ ਨਾਲ ਵਿਪਸਾਅ ਕੈਲੀਫ਼ੋਰਨੀਆ ਵੱਲੋਂ ਰੂਬਰੂ



**ਮਾਰਟੀਨੇਜ-** ਬੀਤੇ ਐਤਵਾਰ ਵਿਸ਼ਵ ਪੰਜਾਬ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਦੇ ਮੈਂਬਰਾਂ ਵੱਲੋਂ ਨਾਮਵਰ ਪੰਜਾਬੀ ਕਨੇਡੀਅਨ ਕਹਾਣੀਕਾਰਾ ਗੁਰਮੀਤ ਪਨਾਗ ਨਾਲ ਰੂਬਰੂ ਕੀਤਾ ਗਿਆ। ਇਹ ਰੂਬਰੂ ਵਿਪਸਾਅ ਪ੍ਰਧਾਨ ਕੁਲਵਿੰਦਰ ਦੇ ਗ੍ਰਿਹਿ ਵਿਖੇ ਆਯੋਜਿਤ ਕੀਤੀ ਗਈ। ਲਾਜ ਨੀਲਮ ਸੈਣੀ ਅਤੇ ਸੁਖਵਿੰਦਰ ਕੰਬੋਜ ਨੇ ਗੁਰਮੀਤ ਪਨਾਗ ਨਾਲ ਸਭ ਦੀ ਜਾਣ ਪਹਿਚਾਣ ਕਰਵਾਈ। ਕੁਲਵਿੰਦਰ ਨੇ ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਗੁਰਮੀਤ ਪਨਾਗ ਨੇ ਆਪਣੇ ਸਾਹਿਤਕ ਸਫਰ ਬਾਰੇ ਵਿਸਥਾਰਿਤ ਜਾਣਕਾਰੀ ਹਾਜ਼ਰ ਮੈਂਬਰਾਂ ਨਾਲ ਸਾਂਝੀ ਕੀਤੀ। ਆਪਣੀ ਲਿਖਣ ਪ੍ਰਕਿਰਿਆ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਉਹ ਕਹਾਣੀ ਲਿਖਣ ਤੋਂ ਪਹਿਲਾਂ ਕਹਾਣੀ ਦੇ ਵਿਸ਼ੇ ਅਤੇ ਪਾਤਰਾਂ ਬਾਰੇ ਡੂੰਘੀ ਖੋਜ ਕਰਦੇ ਹਨ ਤਾਂ ਕਿ ਕਹਾਣੀ ਨੂੰ ਯਥਾਰਥ ਦੇ ਨੇੜ੍ਹੇ ਰੱਖਿਆ ਜਾ ਸਕੇ। ਬੇਸ਼ੱਕ ਉਹਨਾਂ ਕਹਾਣੀ 10-12 ਕੁ ਸਾਲ ਪਹਿਲਾਂ ਹੀ ਲਿਖਣੀ ਸ਼ੁਰੂ ਕੀਤੀ ਹੈ, ਉਹਨਾਂ ਨੂੰ ਸਾਹਿਤਕ ਕਿਤਾਬਾਂ ਪੜ੍ਹਨ ਦਾ ਸ਼ੌਕ ਹਮੇਸ਼ਾ ਸੀ।

ਉਹਨਾਂ ਦੇ ਪਤੀ ਜੰਗ ਪਨਾਗ ਨੇ ਦੱਸਿਆ ਕਿ ਗੁਰਮੀਤ ਹਮੇਸ਼ਾ ਡਾਇਰੀ ਲਿਖਦੇ ਰਹੇ ਹਨ ਜਿਸ ਵਿੱਚ ਉਹ ਰੋਜ਼ ਮਰਾ ਦੀ ਜ਼ਿੰਦਗੀ ਦੀ ਤਫ਼ਸੀਲ ਲਿਖਦੇ ਰਹਿੰਦੇ ਸਨ, ਇਹ ਇੱਕ ਤਰ੍ਹਾਂ ਨਾਲ ਉਹਨਾਂ ਦਾ ਲਿਖਣ ਦਾ ਅਭਿਆਸ ਸੀ। ਗੁਰਮੀਤ ਪਨਾਗ ਦਾ ਕਹਾਣੀ ਸੰਗ੍ਰਹਿ "ਮੁਰਗ਼ਾਬੀਆਂ" ਪੰਜਾਬੀ ਸਾਹਿਤਕ ਜਗਤ ਵਿੱਚ ਕਾਫੀ ਚਰ-ਚਿਤ ਰਿਹਾ ਹੈ। ਉਹਨਾਂ ਦੀਆਂ ਕਹਾਣੀਆਂ ਮੂਲ ਕਨੇਡੀਅਨਾਂ ਅਤੇ ਇੰਮੀਗਰਾਂਟ ਕਨੇਡੀਅਨਾਂ ਦੇ ਜੀਵਨ ਦੁਆਲੇ ਘੁੰਮਦੀਆਂ ਹਨ ਅਤੇ ਉਹਨਾਂ ਦੀ ਪਹਿਚਾਣ, ਸਮਾਜਕ ਹਾਲਾਤਾਂ ਅਤੇ ਆਰਥਿਕਤਾ ਨਾ.ਲ ਸਬੰਧਿਤ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਹਨ। ਇਸ ਰੂ-ਬ-ਰੂ ਬੈਠਕ ਵਿੱਚ ਭਾਰਤ ਤੋਂ ਕਵੀ/ਲੇਖਕ ਜਸਵੰਤ ਜ਼ਫ਼ਰ ਅਤੇ ਉਹਨਾਂ ਦੀ ਪਤਨੀ ਬਲਬੀਰ ਕੌਰ ਪੰਧੇਰ ਅਤੇ ਬੇਟੀ ਕੀਰਤ ਪੰਧੇਰ ਵੀ ਹਾਜ਼ਰ ਸਨ। ਸਾਹਿਤਕ ਗੱਲਬਾਤ ਵਿੱਚ ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ, ਜਸਵੰਤ ਜ਼ਫ਼ਰ, ਸੁਖਵਿੰਦਰ ਕੰਬੋਜ, ਕੁਲਵਿੰਦਰ, ਬਲਜਿੰਦਰ ਸਿੰਘ ਸਵੈਚ, ਤਾਰਾ ਸਾਗਰ ਅਤੇ ਹੋਰ ਦੋਸਤਾਂ ਨੇ ਭਰਪੂਰ ਸ਼ਮੂਲੀਅਤ ਕੀਤੀ।

**ਜਾਰੀ ਕਰਤਾ: ਜਗਜੀਤ ਨੌਸ਼ਹਿਰਵੀ**
**ਜਰਨਲ ਸਕੱਤਰ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ**
**510-676-1565**

## ਸ਼ਰਧਾਂਜਲੀ

# 6 ਦਸੰਬਰ.... ਤੇ ਸੂਰਜ ਛਿਪ ਗਿਆ



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਅੱਜ ਕਿਉਂ ਅੱਖੀਆਂ ਅਥਰੂ ਅਥਰੂ
ਅੱਜ ਕਿਉਂ ਦਿਲ ਭਰ ਆਇਆ
ਅਰਸ਼ੋਂ ਕਿਹੜਾ ਤਾਰਾ ਟੁੱਟਾ
ਕਿਹੜਾ ਫੁੱਲ ਮੁਰਝਾਇਆ।


57 ਸਾਲ ਪਹਿਲਾਂ 6 ਦਸੰਬਰ 1956 ਦਾ ਮਨਹੂਸ ਦਿਨ ਚੜ੍ਹਿਆ, ਆਕਾਸ਼ ਵਿਚ ਸੂਰਜ ਨੇ ਅੱਖੀਆਂ ਖੋਹਲੀਆਂ, 26 ਅਲੀਪੁਰ ਰੋਡ, ਨਵੀਂ ਦਿੱਲੀ ਦੀ ਕੋਠੀ ਵਿਚ ਸੰਨਾਟਾ ਪੱਸਰਿਆ ਹੋਇਆ ਸੀ। ਸੂਰਜ ਥੋੜ੍ਹਾ, ਹੋਰ ਉਚਾ ਉਠਿਆ, ਰੋਸ਼ਨਦਾਨ ਰਾਹੀਂ ਬੈੱਡ ਰੂਮ ਵਿਚ ਕਿਰਨਾਂ ਬਖੇਰੀਆਂ ਤਾਂ ਉਸਦਾ ਸਾਥੀ, ਹਜ਼ਾਰਾਂ ਸਾਲਾਂ ਤੋਂ ਬਾਅਦ ਭਾਰਤ ਦੀ ਭੂਮੀ ਤੇ ਉਗਮਿਆ ਕਰੋੜਾਂ 'ਦਲਿਤਾਂ ਦਾ ਸੂਰਜ' ਹਾਲੇ ਘੂਕ, ਗੂੜ੍ਹੀ ਨੀਂਦਰ ਵਿਚ ਸੁੱਤਾ ਹੋਇਆ ਦ੍ਰਿਸ਼ਟੀਗੋਚਰ ਹੋਇਆ। ਉਹ ਚਕ੍ਰਿਤ ਹੋਇਆ, ਫਿਕਰਮੰਦ ਵੀ, ਪਹਿਲਾਂ ਤਾਂ ਅਜਿਹਾ ਕਦੀ ਨਹੀਂ ਹੋਇਆ। ਭਾਰਤ ਦੇ ਕਰੋੜਾਂ ਦਲਿਤਾਂ ਦੇ ਸੂਰਜ ਦੀ ਚਮਕ ਤਾਂ ਉਸ ਦੀਆਂ ਅੱਖੀਆਂ ਵੀ ਚੁੰਧਿਆ ਦਿੰਦੀ ਸੀ। ਕੋਠੀ ਵਿਚਲੇ 'ਸੂਰਜ' ਦਾ ਸੇਵਾਦਾਰ ਸੁਦਾਮਾ ਵੀ ਤਾਂ ਹਾਲੇ ਆਪਣੇ ਨਿਵਾਸ ਵਿਚੋਂ ਬਾਹਰ ਨਹੀਂ ਸੀ ਆਇਆ ਅਤੇ ਦਲਿਤਾਂ ਦੇ 'ਸੂਰਜ' ਦੀ ਅਰਧਾਂਗਣੀ ਵੀ ਕਿਧਰੇ ਨਜ਼ਰ ਨਹੀਂ ਸੀ ਆ ਰਹੀ।

ਆਕਾਸ਼ ਵਿਚਲਾ ਸੂਰਜ ਥੋੜ੍ਹਾ ਹੋਰ ਉੱਚਾ ਹੋਇਆ, ਉਸਨੇ ਦੇਖਿਆ ਦਲਿਤਾਂ ਦੇ 'ਸੂਰਜ' ਦਾ ਨਿੱਜੀ ਸਹਾਇਕ ਨਾਨਕ ਚੰਦ ਰੱਤੂ ਤੇਜ਼ ਤੇਜ਼ ਸਾਈਕਲ ਚਲਾਉਂਦਾ ਹੋਇਆ ਕੋਠੀ ਦੇ ਗੇਟ ਵੱਲ ਵਧ ਰਿਹਾ ਹੈ। ਸਾਹੋ-ਸਾਹੀ ਹੋਏ ਰੱਤੂ ਨੇ ਕੋਠੀ ਵਿਚ ਪ੍ਰਵੇਸ਼ ਕੀਤਾ। ਉਹ ਸਿੱਧਾ ਆਪਣੇ ਮਸੀਹਾ, ਭਾਰਤ ਦੇ ਕਰੋੜਾਂ ਦਲਿਤਾਂ ਦੇ ਰਹਿਨੁਮਾ ਦੇ ਕਮਰੇ ਵੱਲ ਵਧਿਆ। ਕੋਠੀ ਦੀ ਚੁੱਪ ਉਸ ਦੇ ਦਿਲ ਨੂੰ ਧੂਹ ਪਾ ਰਹੀ ਸੀ। ਆਕਾਸ਼ ਵਿਚਲੇ ਸੂਰਜ ਦੀ ਉਤਸੁਕਤਾ ਹੋਰ ਵੱਧ ਗਈ। ਪਲਕ ਝਪਕਦਿਆਂ ਹੀ ਉਸ ਨੇ ਦੇਖਿਆ, 'ਰੱਤੂ ਕੁਰਲਾ ਰਿਹਾ ਸੀ ਅਤੇ ਫਿਰ 'ਅੱਧੇ ਪੌਣੇ ਘੰਟੇ ਵਿਚ 26 ਅਲੀਪੁਰ ਰੋਡ ਵਾਲੀ ਕੋਠੀ ਭਾਰਤ ਦੇ ਪ੍ਰਧਾਨ ਮੰਤਰੀ ਸਮੇਤ ਚੋਟੀ ਦੇ ਅਨੇਕ ਨੇਤਾਵਾਂ ਅਤੇ ਕਰੋੜਾਂ ਭਾਰਤੀ ਦਲਿਤਾਂ ਦੇ ਦਿਲਾਂ ਦੇ ਬੇਤਾਜ ਬਾਦਸ਼ਾਹ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪੈਰੋਕਾਰਾਂ ਨਾਲ ਭਰੀ ਪਈ ਸੀ। ਹਰ ਕੋਈ ਹੈਰਾਨ ਸੀ, ਕੀ 'ਸੂਰਜ' ਇਸ ਤਰ੍ਹਾਂ ਵੀ ਅਲੋਪ ਹੁੰਦੈ!

1956 ਦੇ ਪੰਜ ਤੇ ਛੇ ਦਸੰਬਰ ਦੀ ਦਰਮਿਆਨੀ ਰਾਤ ਨੂੰ ਸਾਡਾ ਮਸੀਹਾ, ਹਜ਼ਾਰਾਂ ਸਾਲਾਂ ਉਪਰੰਤ ਕਰੋੜਾਂ ਦਲਿਤਾਂ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਰੁਸ਼ਨਾਉਣ ਵਾਲਾ ਸਾਡਾ ਸੂਰਜ ਸਰੀਰਕ ਰੂਪ ਵਿਚ ਬੇਸ਼ੱਕ ਹਮੇਸ਼ਾ ਲਈ ਸਾਥੋਂ ਜੁਦਾ ਹੋ ਗਿਐ, ਪਰ ਬਾਬਾ ਸਾਹਿਬ ਦਾ ਜੀਵਨ-ਚਿੰਤਨ, ਉਨ੍ਹਾਂ ਦਾ ਫਲਸਫਾ ਅਤੇ ਜੀਵਨ ਸੰਘਰਸ਼ ਹਮੇਸ਼ਾ ਲਈ ਸਾਡਾ ਰਾਹ ਰੁਸ਼ਨਾਉਂਦਾ ਰਹੇਗਾ। ਉਨ੍ਹਾਂ ਦੇ ਸਿਧਾਂਤਾਂ ਅਤੇ ਆਦਰਸ਼ਾਂ ਦੀ ਲਟ-ਲਟ ਬਲਦੀ ਮਿਸ਼ਾਲ ਦੁਨੀਆਂ ਭਰ ਦੇ ਪੀੜਤ, ਪਦ-ਦਲਿਤ, ਸਤਾਏ, ਲਤਾੜੇ ਅਤੇ ਪਿਛਾੜੇ ਹੋਏ ਲੋਕਾਂ ਦੇ ਜੀਵਨ ਦੇ ਹਨੇਰੇ ਕੋਨਿਆਂ ਨੂੰ ਨੂਰੋ-ਨੂਰ ਕਰਦੀ ਰਹੇਗੀ।

ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਬਚਪਨ ਤੋਂ ਹੀ ਬੇਪਨਾਹ ਅਪਮਾਨ ਅਤੇ ਨਿਰਾਦਰੀ ਦਾ ਸਾਹਮਣਾ ਕਰਨਾ ਪਿਆ, ਪਰ ਆਪਣੀ ਸਖਤ ਮਿਹਨਤ, ਲਗਨ, ਸਵੈ-ਵਿਸ਼ਵਾਸ, ਸਵੈ-ਸ਼ਕਤੀ, ਮਜ਼ਬੂਤ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਅਧੀਨ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਸਮਾਜ, ਸਿੱਖਿਆ ਤੇ ਅਰਥ ਸ਼ਾਸਤਰੀ, ਕਾਨੂੰਨਦਾਨ, ਲੇਖਕ, ਪ੍ਰੋਫੈਸਰ, ਵਕੀਲ, ਜਾਤੀ ਅਸਮਾਨਤਾ ਵਿਰੁੱਧ ਸੰਘਰਸ਼ ਕਰਨ ਵਾਲੇ ਸੰਗ੍ਰਾਮੀਏ ਅਤੇ ਅਛੂਤ ਤੇ ਇਸਤਰੀ ਵਰਗ ਦੇ ਮੁਕਤੀਦਾਤਾ ਵਜੋਂ ਆਪਣੀ ਨਿਵੇਕਲੀ ਤੇ ਵਿਸ਼ੇਸ਼ ਪਹਿਚਾਣ ਬਣਾਈ।

ਭਾਰਤ ਦੀ ਸਮਾਜਿਕ ਬਣਤਰ ਦੇ ਗਹਿਰੇ ਅਧਿਐਨ ਉਪਰੰਤ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦੇ ਕਰੋੜਾਂ ਪੀੜਤ ਤੇ ਸ਼ੋਸ਼ਿਤ 'ਅਛੂਤ' ਹਿੰਦੂ ਨਹੀਂ ਹਨ, ਰੂੜ੍ਹੀਵਾਦੀਆਂ ਨੇ ਜ਼ਬਰਦਸਤੀ ਇਹ ਵਿਚਾਰਧਾਰਾ ਉਨ੍ਹਾਂ ਉਪਰ ਠੋਸੀ ਹੋਈ ਹੈ। ਸਦੀਆਂ ਤੋਂ ਪੀੜਾਂ ਭੋਗ ਰਿਹਾ ਇਹ ਬਹਿਸ਼ਕ੍ਰਿਤ ਸਮਾਜ ਆਪਣੇ ਮੂਲ ਨੂੰ ਭੁੱਲ ਕੇ ਮਨੂੰਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਿਹਾ ਹੈ। ਬਰਤਾਨਵੀ ਰਾਜ ਅਧੀਨ ਆਪਣੀ ਨਫਰੀ ਵਧਾਉਣ ਲਈ ਹਿੰਦੂਆਂ ਵੱਲੋਂ ਅਛੂਤਾਂ ਨੂੰ ਆਪਣਾ ਅੰਗ ਦਰਸਾ ਕੇ ਸਰਕਾਰੇ-ਦਰਬਾਰੇ ਸ਼ਕਤੀ ਪ੍ਰਾਪਤ ਕਰਨ ਦਾ ਢੌਂਗ ਰਚਿਆ ਗਿਆ ਹੈ। ਆਪ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਸ਼ੂਦਰਾਂ ਅਤੇ ਅਛੂਤਾਂ ਉਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਨਿਸ਼ੇਧ ਕਾਰਜਾਂ ਅਧੀਨ ਦੁਰਕਾਰੇ ਹੋਏ ਇਹ ਲੋਕ ਕਦੇ ਵੀ ਹਿੰਦੂ ਵਜੋਂ ਮਾਨਵੀ ਹੱਕਾਂ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਸ ਲਈ 1935 ਵਿਚ ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਹਿੰਦੂ ਧਰਮ ਦਾ ਤਿਆਗ ਹੀ ਅਛੂਤਾਂ ਦੀ ਅਜ਼ਾਦੀ ਦਾ ਇਕੋ ਇਕ ਰਸਤਾ ਹੈ।



ਡਾ. ਅੰਬੇਡਕਰ ਸਾਹਿਬ ਅਛੂਤਾਂ ਅੰਦਰ ਸਭਿਆਚਾਰਕ, ਸਮਾਜਿਕ ਤੇ ਧਾਰਮਿਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਸਦੀਆਂ ਤੋਂ ਜਿਸ ਬ੍ਰਾਹਮਣਵਾਦੀ ਅਤੇ ਰੂੜ੍ਹੀਵਾਦੀ ਫਲਸਫੇ ਨੇ ਅਛੂਤਾਂ ਨੂੰ ਗੁਲਾਮ ਬਣਾਈ ਰੱਖਿਆ ਸੀ, ਆਪ ਉਸ ਦਾ ਤਿਆਗ ਕਰਵਾ ਕੇ ਅਛੂਤਾਂ ਅੰਦਰ ਇਕ ਨਵੀਂ ਸੋਚ, ਨਵੀਂ ਰੋਸ਼ਨੀ ਅਤੇ ਨਵੇਂ ਆਦਰਸ਼ ਸਥਾਪਿਤ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਸਪਸ਼ਟ ਕਿਹਾ ਕਿ ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਕਿ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਨ੍ਹਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਮਾਰਗ ਤੇ ਚਲਾਉਣਾ। ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ, ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਡਾ. ਅੰਬੇਡਕਰ ਦਾ ਕਥਨ ਸੀ ਕਿ ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ, ਜਿਹੜਾ ਤਰਕ ਦੀ ਕਸੌਟੀ 'ਤੇ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੋਵੇ। ਇਸ ਤਰ੍ਹਾਂ ਅੰਬੇਡਕਰਵਾਦ ਇਕ ਅਗਾਂਹ-ਵਧੂ ਜੀਵਨ ਮਾਰਗ ਹੈ ਅਤੇ ਇਸ ਦਾ ਫਿਰਕੂ, ਪਿਛਾਂਹ-ਖਿੱਚੂ ਅਤੇ ਰੂੜ੍ਹੀਵਾਦੀ ਤਾਕਤਾਂ ਨਾਲ ਟਕਰਾਅ ਹੈ।

ਧਰਮ ਸਬੰਧੀ ਬਾਬਾ ਸਾਹਿਬ ਦਾ ਮੱਤ ਸੀ ਕਿ ਧਰਮ ਮਨੁੱਖ ਲਈ ਹੈ, ਮਨੁੱਖ ਧਰਮ ਲਈ ਨਹੀਂ ਹੈ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸਨੂੰ ਤਰਕਸ਼ੀਲ, ਨੈਤਿਕ ਤੇ ਕਲਿਆਣਕਾਰੀ ਹੋਣਾ ਚਾਹੀਦਾ ਹੈ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਹੀ ਉਸਨੂੰ ਠੀਕ ਦਰਸਾਵੇ। ਡਾ. ਅੰਬੇਡਕਰ ਅਛੂਤਾਂ ਨੂੰ ਵਹਿਮਾਂ, ਭਰਮਾਂ, ਚਮਤਕਾਰਾਂ ਅਤੇ ਅੰਧ-ਵਿਸ਼ਵਾਸਾਂ ਵਰਗੇ ਸੰਕਲਪਾਂ ਤੋਂ ਮੁਕਤ ਕਰਕੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਸਦੀਆਂ ਤੋਂ ਰੂੜ੍ਹੀਵਾਦੀ ਤੇ ਅੰਧ-ਵਿਸ਼ਵਾਸੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਅਛੂਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਸਦੀਆਂ ਤੋਂ ਰੂੜ੍ਹੀਵਾਦ ਦੀ ਮਾਨਸਿਕ ਗੁਲਾਮੀ ਭੋਗ ਰਹੇ ਅਛੂਤ ਸਮਾਜ ਵਿਚ ਵਿਵਸਥਾ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਹੀ ਨਹੀਂ ਹੋਈ। ਹਜ਼ਾਰਾਂ ਸਾਲਾਂ ਤੋਂ ਜਿਹੜਾ ਬ੍ਰਾਹਮਣਵਾਦੀ ਫਲਸਫਾ ਅਛੂਤਾਂ ਦੇ ਜੜ੍ਹੀਂ ਤੇਲ ਪਾਉਂਦਾ ਰਿਹਾ, ਸਾਡਾ ਸਮਾਜ ਹਾਲੇ ਵੀ ਉਸ ਦਾ ਗੁਲਾਮ ਬਣਿਆ ਹੋਇਆ ਹੈ। ਇਸ ਸਥਿਤੀ ਵਿਚੋਂ ਕੱਢਣ ਲਈ ਹੀ ਬਾਬਾ ਸਾਹਿਬ ਨੇ ਭਾਰਤ ਦੇ ਸਮੁੱਚੇ ਦਲਿਤਾਂ ਨੂੰ ਬੁੱਧ ਧੰਮ ਦੇ ਰੂਪ ਵਿਚ ਇਕ ਸਭਿਆਚਾਰਕ ਮੰਚ ਪ੍ਰਦਾਨ ਕੀਤਾ ਸੀ। ਬਾਬਾ ਸਾਹਿਬ ਦੇ ਨਿਰੰਤਰ ਸੰਘਰਸ਼ ਸਦਕਾ ਪੜ੍ਹੇ-ਲਿਖੇ ਵਰਗ ਨੇ ਉਨ੍ਹਾਂ ਦੀਆਂ ਬਖਸ਼ਿਸ਼ਾਂ ਦਾ ਆਨੰਦ ਤਾਂ ਮਾਣਿਆ ਹੈ, ਪਰ ਇਸ ਵਰਗ ਦੀ ਮਾਨਸਿਕਤਾ ਵਿਚ ਹਾਲੇ ਕੋਈ ਪਰਿਵਰਤਨ ਨਹੀਂ ਆਇਆ। 21ਵੀਂ ਸਦੀ ਵਿਚ ਰਹਿੰਦਿਆਂ, ਵਿਗਿਆਨਕ ਯੁੱਗ ਦੀਆਂ ਸੁੱਖ-ਸਹੂਲਤਾਂ ਮਾਣਦਿਆਂ ਪੱਥਰ-ਯੁੱਗ ਦੀਆਂ ਮਿੱਥਾਂ, ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਅੱਜ ਵੀ ਇਨ੍ਹਾਂ ਦੀ ਮਾਨਸਿਕ ਗੁਲਾਮੀ ਦੇ ਪੱਕੇ-ਪੀਡੇ ਅੰਗ ਬਣੇ ਹੋਏ ਹਨ।

ਡਾ. ਅੰਬੇਡਕਰ ਸਾਹਿਬ ਦੀ ਨਿਰੰਤਰ ਮਿਹਨਤ, ਲਗਨ ਅਤੇ ਜ਼ਿੰਦਗੀ ਭਰ ਦੇ ਸੰਘਰਸ਼ ਸਦਕਾ ਕਰੋੜਾਂ ਦਲਿਤਾਂ ਨੂੰ ਭਾਰਤੀ ਸੰਵਿਧਾਨ ਵਿਚ ਬਰਾਬਰੀ, ਸਨਮਾਨ ਤੇ ਵੋਟ ਦਾ ਅਧਿਕਾਰ ਮਿਲਿਐ, ਵਿਦਿਆ ਪ੍ਰਾਪਤੀ ਤੇ ਸਰਕਾਰੀ ਸਰਵਿਸ ਦੇ ਮੌਕੇ ਮਿਲੇ, ਵਗਾਰ ਦਾ ਖਾਤਮਾ ਹੋਇਆ ਅਤੇ ਰਾਜਨੀਤੀ ਵਿਚ ਪੰਚਾਇਤ ਮੈਂਬਰ ਤੋਂ ਲੈ ਕੇ ਰਾਸ਼ਟਰਪਤੀ ਬਣਨ ਤੱਕ ਦੇ ਅਵਸਰ ਪ੍ਰਾਪਤ ਹੋਏ। ਜਿਹੜੇ ਲੋਕ ਚੌਕੀਦਾਰਾ ਕਰਦੇ, ਮਰੇ ਹੋਏ ਡੰਗਰਾਂ ਦੀਆਂ ਖੱਲਾਂ ਲਾਹੁੰਦੇ, ਸਵਰਨ ਜਾਤੀਆਂ ਦਾ ਮੈਲਾ ਸਿਰ ਤੇ ਢੋਂਹਦੇ ਸਨ, ਬਾਬਾ ਸਾਹਿਬ ਦੇ ਯਤਨਾਂ ਸਦਕਾ ਅੱਜ ਉਨ੍ਹਾਂ ਦੇ ਬੱਚੇ ਹਾਈਕੋਰਟਾਂ ਦੇ ਜੱਜ ਤੇ ਵਕੀਲ ਬਣੇ, ਪ੍ਰਸ਼ਾਸਨਿਕ ਅਧਿਕਾਰੀ ਬਣ ਕੇ ਰਾਜਾਂ ਦੇ ਮੁੱਖ ਸਕੱਤਰ, ਡੀ. ਜੀ. ਪੀ., ਕਮਿਸ਼ਨਰ, ਹਾਈ ਕਮਿਸ਼ਨਰ, ਅੰਬੈਸਡਰ, ਮੰਤਰੀ, ਮੁੱਖ ਮੰਤਰੀ, ਗਵਰਨਰ ਤੇ ਰਾਸ਼ਟਰਪਤੀ ਬਣੇ। ਭਾਰਤ ਦੇ ਦਲਿਤਾਂ ਵੱਲੋਂ ਮੁੱਖ ਨਿਆਇਧੀਸ਼ ਅਤੇ ਸਰਬਉੱਚ ਅਹੁਦੇ ਰਾਸ਼ਟਰਪਤੀ ਦੀ ਪਦਵੀ ਤੱਕ ਪਹੁੰਚਣਾ ਆਪ ਦੇ ਸੰਘਰਸ਼ ਤੇ ਕਲਮ ਦਾ ਕਮਾਲ ਹੈ।

ਭਾਰਤ ਵਿਚ ਹਜ਼ਾਰਾਂ ਸਾਲਾਂ ਤੋਂ ਹਾਸ਼ੀਏ ਤੇ ਧੱਕੇ ਗਏ ਸਮਾਜ ਨੂੰ ਇਤਿਹਾਸ ਦੇ ਪੰਨਿਆਂ ਦੀਆਂ ਉਪਰਲੀਆਂ, ਮੁਢਲੀਆਂ ਅਤੇ ਪ੍ਰਮੁੱਖ ਸੱਤਰਾਂ ਵਿਚ ਸ਼ੁਮਾਰ ਕਰਨ ਦਾ ਕਰੈਡਿਟ ਸਿਰਫ ਤੇ ਸਿਰਫ ਬਾਬਾ ਸਾਹਿਬ ਨੂੰ ਹੀ ਜਾਂਦਾ ਹੈ। ਆਪ ਨੇ ਭਾਰਤ ਦੇ ਪਦ-ਦਲਿਤਾਂ ਸਮੇਤ ਇਸਤਰੀ ਵਰਗ ਨੂੰ ਮੂਹਰਲੀਆਂ ਸਫਾਂ ਵਿਚ ਲਿਆਉਣ ਲਈ ਨਾ ਕੇਵਲ ਅਣਥੱਕ ਸੰਘਰਸ਼ ਹੀ ਕੀਤਾ, ਬਲਕਿ ਇਨ੍ਹਾਂ ਨੂੰ ਇਕ ਨਵਾਂ ਫਲਸਫਾ ਵੀ ਪ੍ਰਦਾਨ ਕੀਤਾ। ਪਿਛਲੇ ਕੁਝ ਦਹਾਕਿਆਂ ਵਿਚ ਸਹੀ ਅਰਥਾਂ ਵਿਚ ਜੇਕਰ ਕੋਈ ਅਹਿੰਸਾਤਮਕ ਕ੍ਰਾਂਤੀ ਆਈ ਜਾਂ ਕੋਈ ਚਮਤਕਾਰ ਹੋਇਆ ਤਾਂ ਇਹ ਹਜ਼ਾਰਾਂ ਸਾਲਾਂ ਉਪਰੰਤ ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਹੀ ਕੀਤਾ ਗਿਆ ਕ੍ਰਿਸ਼ਮਾ ਹੈ।

ਦਲਿਤਾਂ ਵਿਚੋਂ ਪੜ੍ਹੇ-ਲਿਖੇ, ਅਧਿਕਾਰੀ ਵਰਗ ਅਤੇ ਰਾਜਨੀਤਿਕਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਹੀਂ ਨਿਭਾਈ। ਬਹੁਤੇ ਦਲਿਤ ਸਿਆਸਤਦਾਨ ਤਾਂ ਸਿਆਸੀ ਮੰਡੀ ਵਿਚ ਸ਼ਰੇਆਮ ਵਿਕਾਊ ਮਾਲ ਬਣੇ ਹੋਏ ਹਨ। ਇਹ ਤਾਂ ਬਾਬਾ ਸਾਹਿਬ ਵੱਲੋਂ ਅਣਥੱਕ ਸੰਘਰਸ਼ ਦੁਆਰਾ ਪ੍ਰਾਪਤ ਹੱਕਾਂ ਦੀ ਸੁਰੱਖਿਆ ਕਰਨ ਤੋਂ ਹੀ ਅਸਮਰੱਥ ਹੋ ਚੁੱਕੇ ਹਨ। ਬਾਬਾ ਸਾਹਿਬ ਵੱਲੋਂ ਲੰਮੇ ਸੰਘਰਸ਼ ਅਤੇ ਵਿਸਤ੍ਰਿਤ ਕਾਨੂੰਨੀ ਬਹਿਸਾਂ ਉਪਰੰਤ ਸੰਵਿਧਾਨ ਵਿਚ ਸਦੀਆਂ ਤੋਂ ਲਤਾੜੇ, ਪਿਛਾੜੇ ਦਲਿਤਾਂ ਅਤੇ ਇਸਤਰੀ ਵਰਗ ਦੀ ਸਮਾਨਤਾ ਤੇ ਸੁਤੰਤਰਤਾ ਲਈ ਕੀਤੇ ਗਏ ਪ੍ਰਾਵਧਾਨਾਂ ਨੂੰ ਅੱਜ ਸਿੱਧੇ ਜਾਂ ਅਸਿੱਧੇ ਢੰਗ ਨਾਲ ਖਤਮ ਜਾਂ ਪਰਿਵਰਤਿਤ ਕੀਤਾ ਜਾ ਰਿਹੈ, ਪਰ ਸਾਡੇ ਸਿਆਸੀ ਆਗੂ ਘੂਕ ਸੁੱਤੇ ਪਏ, ਸੋਸ਼ਲ ਮੀਡੀਏ 'ਤੇ ਹੀ ਖੇਡਾਂ ਖੇਡ ਰਹੇ ਹਨ।

ਉਪਰੋਕਤ ਪ੍ਰਸਥਿਤੀਆਂ ਵਿਚ ਅੱਜ ਬਾਬਾ ਸਾਹਿਬ ਦੇ ਫਲਸਫੇ ਦੀ ਸਾਰਥਕਤਾ ਹੋਰ ਵੀ ਵੱਧ ਗਈ ਹੈ। ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਸਹੀ ਰੂਪ ਵਿਚ ਜਾਨਣ, ਪਛਾਨਣ ਅਤੇ ਵਿਵਹਾਰਕ ਰੂਪ ਵਿਚ ਆਪਣੀ ਜ਼ਿੰਦਗੀ ਵਿਚ ਧਾਰਨ ਕਰਨ ਦੀ ਲੋੜ ਹੈ। ਵਿਸ਼ੇਸ਼ ਦਿਨਾਂ 'ਤੇ ਬਾਬਾ ਸਾਹਿਬ ਦੀ ਮੂਰਤੀ ਨੂੰ ਹਾਰ ਪਹਿਨਾਂ ਦੇਣੇ, ਚੇਤਨਾ ਮਾਰਚ ਕੱਢ ਲੈਣੇ, ਕਾਨਫਰੰਸਾਂ ਕਰਕੇ ਦੂਸਰਿਆਂ ਨੂੰ ਬੁਰਾ-ਭਲਾ ਕਹਿ ਲੈਣਾ ਸਹੀ ਅਰਥਾਂ ਵਿਚ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਨਹੀਂ ਹੈ, ਬਲਕਿ ਆਪਣੇ ਜੀਵਨ ਵਿਚ ਬਾਬਾ ਸਾਹਿਬ ਦੁਆਰਾ ਸਿਰਜੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਅਪਣਾਉਣਾ ਹੀ 6 ਦਸੰਬਰ ਅਰਥਾਤ ਉਨ੍ਹਾਂ ਦੇ ਪ੍ਰੀਨਿਰਵਾਣ ਨੂੰ ਯਾਦ ਕਰਨਾ ਹੈ।

---

**ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਵਿਸ਼ੇਸ਼ ਰਚਨਾ**

## "ਬਾਬਾ ਸਾਹਿਬ ਖੋਲ੍ਹ ਗਏ ਅੱਖਾਂ"

ਅਸੀਂ ਕਿਥੋਂ ਪੜ੍ਹ ਲਿਖ ਜਾਣਾ ਸੀ
ਸਾਡਾ ਕਿਹਨੇ ਦਰਦ ਵੰਡਾਣਾ ਸੀ
ਕਿਸ ਸਾਨੂੰ ਸਮਝਾਉਣੀਆਂ ਸੀ,
ਜੋ ਗੱਲਾਂ ਰਾਜ ਤੇ ਭਾਗ ਦੀਆਂ
ਮੇਰਾ ਭੀਮ ਖੋਲ੍ਹ ਗਿਆ ਅੱਖਾਂ,
ਇਹ ਸੁੱਤੇ ਹੋਏ ਸਮਾਜ ਦੀਆਂ
ਬਾਬਾ ਸਾਹਿਬ ਖੋਲ੍ਹ ਗਏ ਅੱਖਾਂ,
ਇਸ ਸੁੱਤੇ ਹੋਏ ਸਮਾਜ ਦੀਆਂ


ਦਰ ਦਰ ਤੋਂ ਠੋਕਰਾਂ ਪੈਣੀਆਂ ਸੀ
ਜੇ ਤੂੰ ਨਾ ਫੜ੍ਹਦਾ ਬਾਂਹ ਸਾਡੀ
ਸਾਨੂੰ ਕਿੱਧਰੇ ਕੁਰਸੀ ਮਿਲਦੀ ਨਾ
ਜੇ ਦਿੰਦਾ ਨਾ ਤੂੰ ਥਾਂ ਸਾਡੀ
ਤੇਰੀ ਕਲਮ ਨੇ ਖੋਲ੍ਹਕੇ ਭੇਦ ਸਾਰੇ
ਦੱਸ ਦਿੱਤੀਆਂ ਗੱਲਾਂ ਰਾਜ ਦੀਆਂ
ਮੇਰਾ ਭੀਮ ਖੋਲ੍ਹ ....

ਅੱਜ ਅਫ਼ਸਰ ਥਾਂ ਥਾਂ ਲੱਗੇ ਨੇ
ਤੇਰੀ ਕਲਮ ਤੋਂ ਲੈ ਕੇ ਲੋਅ ਬਾਬਾ
ਤੁਸਾਂ ਹੱਕ ਖਾਤੇ ਵਿਚ ਇੰਝ ਪਾਏ
ਕੋਈ ਸਕਦਾ ਨਹੀਂਓ ਖੋਹ ਬਾਬਾ
ਤੇਰਾ ਇੱਕ ਇੱਕ ਅੱਖਰ ਲਾਹੁੰਦਾ ਗਿਆ
ਜੋ ਪਰਤਾਂ ਝੂਠ ਨਕਾਬ ਦੀਆਂ
ਮੇਰਾ ਭੀਮ ਖੋਲ੍ਹ ....

ਤੇਰੀ ਦਿੱਤੀ ਹੋਈ ਹਿੰਮਤ ਨਾਲ
ਅੱਜ ਆਪਣੇ ਪੈਰੀਂ ਖੜ੍ਹੇ ਹੋਏ
ਘੁੱਪ ਨ੍ਹੇਰੇ ਸੀ ਜਿਨ੍ਹਾਂ ਝੁੱਗੀਆਂ ਵਿਚ
ਅੱਜ ਓਹਨਾਂ 'ਚ ਸੂਰਜ ਚੜ੍ਹੇ ਹੋਏ
ਅੱਜ ਕੌਮ ਦੇ ਚੇਹਰੇ ਇੰਝ ਖਿੜ੍ਹੇ
ਜਿਉਂ ਪੱਤੀਆਂ ਸੁਰਖ ਗੁਲਾਬ ਦੀਆਂ
ਮੇਰਾ ਭੀਮ ਖੋਲ੍ਹ ....

ਤੁਸੀਂ ਦਾਤੀ ਰੰਬੇ ਖੋਹ ਹੱਥੋਂ , ਹੱਥਾਂ ਵਿਚ
ਕਲਮ ਫੜਾਈ ਏ
ਤੇਰੀ ਐਸੀ ਹੋ ਗਈ ਮੇਹਰ ਬਾਬਾ ਅੱਜ ਕੌਮ
ਦੀ ਫੁੱਲ ਚੜ੍ਹਾਈ ਏ
'ਚੁੰਬਰਾ'ਸਿਰ ਉੱਤੇ ਸੱਜ ਜਾਵੇ , ਗੱਲਾਂ ਹਰ
ਪਾਸੇ ਤਾਜ ਦੀਆਂ
ਮੇਰਾ ਭੀਮ ਖੋਲ੍ਹ ....

**ਕੁਲਦੀਪ ਚੁੰਬਰ**
**604-902-3237**



## ਜੋਤੀ ਜੋਤਿ ਦਿਵਸ-ਗੁਰੂ ਗੋਬਿੰਦ ਸਿੰਘ ਜੀ

# ਇਤਿਹਾਸ ਨੂੰ ਕੌਣ ਵਿਗਾੜ ਰਿਹਾ ਹੈ?



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ; ਪਰ ਗੁਰੂ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖਾਂ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਆਪਣੇ ਖਿੱਤੇ ਵਿੱਚ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, ਸਾਲ ਦੀ ਲੰਬਾਈ 365।2587 ਦਿਨ) ਮੁਤਾਬਕ ਗੁਰੂ ਗੋਬਿੰਦ ਸਿੰਘ ਜੀ 7 ਕੱਤਕ, ਕੱਤਕ ਸੁਦੀ 5 ਸੰਮਤ 1765 ਬਿਕ੍ਰਮੀ, ਦਿਨ ਵੀਰਵਾਰ ਨੂੰ ਜੋਤੀ ਜੋਤਿ ਸਮਾਏ ਸਨ। ਅੰਗਰੇਜਾਂ ਦੇ ਆਉਣ ਤੋਂ ਪਿਛੋਂ ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ ਤਾਰੀਖ 7 ਅਕਤੂਬਰ 1708 ਈ: (ਜੂਲੀਅਨ) ਲਿਖੀ ਗਈ।

"ਅਗਲੇ ਦਿਨ ਕੱਤਕ ਸੁਦੀ ੫ (੭ ਕੱਤਕ ) ਸੰਮਤ ੧੭੬੫ ਮੁਤਾਬਕ ੭ ਅਕਤੂਬਰ ਸੰਨ ੧੭੦੮ ਨੂੰ ਆਪ ਜੀ ਜੋਤੀ ਜੋਤਿ ਸਮਾ ਗਏ"। (ਪ੍ਰੋ ਕਰਤਾਰ ਸਿੰਘ। ਸਿੱਖ ਇਤਿਹਾਸ ਭਾਗ ੧, ਪੰਨਾ ੪੫੬, ਪ੍ਰਕਾਸ਼ਕ, ਸਕੱਤਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ 10 ਸਾਲਾਂ ਦੇ ਛਾਪੇ ਗਏ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੇ ਨਾਮ ਨਾਲ ਜਾਣੇ ਜਾਂਦੇ 'ਧੁਮੱਕੜਸ਼ਾਹੀ ਕੈਲੰਡਰ' ਦੀ ਜਦੋਂ ਪੜਤਾਲ ਕੀਤੀ ਤਾਂ ਬੜੀ ਹੈਰਾਨੀ ਜਨਕ ਜਾਣਕਾਰੀ ਸਾਹਮਣੇ ਆਈ ਹੈ। ਨੱਥੀ ਕੀਤੀ ਫ਼ੋਟੋ ਨੂੰ ਧਿਆਨ ਨਾਲ ਵੇਖੋ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਇਹ 9 ਕੱਤਕ (25 ਅਕਤੂਬਰ) ਤੋਂ 5 ਮੱਘਰ (19 ਨਵੰਬਰ) ਦੇ ਦਰਮਿਆਨ ਘੁੰਮ ਰਿਹਾ ਹੈ। ਜਦੋਂ ਕਿ ਸਾਰੇ ਪੁਰਾਤਨ ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਹਾੜਾ 7 ਕੱਤਕ, ਸੰਮਤ 1765 ਬਿਕ੍ਰਮੀ ਹੈ।

| ਸੰਮਤ / ਸਾਲ | ਧੁਮੱਕੜਸ਼ਾਹੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| ਨਾਨਕਸ਼ਾਹੀ / ਈ: | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 546 (2014 ਈ:) | 12 ਕੱਤਕ | 28 ਅਕਤੂਬਰ | 7 ਕੱਤਕ | 21 ਅਕਤੂਬਰ |
| 547 (2015 ਈ:) | 1 ਮੱਘਰ | 16 ਨਵੰਬਰ | 7 ਕੱਤਕ | 21 ਅਕਤੂਬਰ |
| 548 (2016 ਈ:) | 21 ਕੱਤਕ | 5 ਨਵੰਬਰ | 7 ਕੱਤਕ | 21 ਅਕਤੂਬਰ |
| 549 ( 2017 ਈ:) | 9 ਕੱਤਕ | 25 ਅਕਤੂਬਰ | 7 ਕੱਤਕ | 21 ਅਕਤੂਬਰ |
| 550 (2018 ਈ:) | 27 ਕੱਤਕ | 12 ਨਵੰਬਰ | 7 ਕੱਤਕ | 21 ਅਕਤੂਬਰ |
| 551 (2019 ਈ:) | 16 ਕੱਤਕ | 1 ਨਵੰਬਰ | 7 ਕੱਤਕ | 21 ਅਕਤੂਬਰ |
| 552 (2020 ਈ:) | 5 ਮੱਘਰ | 19 ਨਵੰਬਰ | 7 ਕੱਤਕ | 21 ਅਕਤੂਬਰ |
| 553 (2021 ਈ:) | 24 ਕੱਤਕ | 9 ਨਵੰਬਰ | 7 ਕੱਤਕ | 21 ਅਕਤੂਬਰ |
| 554 (2022 ਈ:) | 13 ਕੱਤਕ | 29 ਅਕਤੂਬਰ | 7 ਕੱਤਕ | 21 ਅਕਤੂਬਰ |
| 555 (2023 ਈ:) | 3 ਮੱਘਰ | 18 ਨਵੰਬਰ | 7 ਕੱਤਕ | 21 ਅਕਤੂਬਰ |
| 556 (2024 ਈ:) | 21 ਕੱਤਕ | 6 ਨਵੰਬਰ | 7 ਕੱਤਕ | 21 ਅਕਤੂਬਰ |

ਸ਼੍ਰੋਮਣੀ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ ਕੈਲੰਡਰ (ਚੇਤ ਤੋਂ ਫੱਗਣ) ਛਾਪਦੀ ਹੈ। ਸੂਰਜੀ ਕੈਲੰਡਰ ਵਿੱਚ ਹਰ ਸਾਲ, ਹਰ ਦਿਹਾੜਾ ਮੁੜ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇਂ ਇਸ ਕੈਲੰਡਰ ਵਿੱਚ ਵੈਸਾਖੀ ਹਰ ਸਾਲ 1 ਵੈਸਾਖ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਦਾ ਹੀ ਦਰਜ ਹੁੰਦਾ ਹੈ। ਤਾਂ ਸਵਾਲ ਪੈਦਾ ਹੁੰਦਾ ਹੈ।

ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਕਿਉ ਜਾਂਦਾ ਹੈ? ਸ਼੍ਰੋਮਣੀ ਕਮੇਟੀ ਇਹ ਦਿਹਾੜਾ ਹਰ ਸਾਲ ਅਸਲ ਪ੍ਰਵਿਸ਼ਟੇ, 7 ਕੱਤਕ ਨੂੰ ਕਿਉ ਨਹੀਂ ਦਰਜ ਕਰਦੀ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ, ਇਤਿਹਾਸ ਨੂੰ ਵਿਗਾੜਨ ਦੀ ਇਹ ਬੜੀ ਉਘੜਵੀਂ ਮਿਸਾਲ ਹੈ। ਖਾਲਸਾ ਜੀ, ਜਾਗੋ!

# ਗੁਰੂ ਸਾਹਿਬਾਂ ਵੱਲੋਂ ਸੋਧਿਆ ਕੈਲੰਡਰ?

ਗੁਰਚਰਨ ਸਿੰਘ ਸੇਖੋਂ ਜੀ
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ:- ਗੁਰੂ ਸਾਹਿਬਾਂ ਵੱਲੋਂ ਸੋਧਿਆ ਕੈਲੰਡਰ?

ਗੁਰਚਰਨ ਸਿੰਘ ਜੀ, ਆਪ ਜੀ ਵੱਲੋ ਲਿਖੇ ਨਿਮਰਤਾ ਭਰੇ ਸ਼ਬਦਾਂ, "ਇਨਸਾਨ ਭੁੱਲਣਹਾਰ ਹੈ ਅਤੇ ਭੁੱਲਾਂ ਕਰਦਾ ਹੈ। ਇਸ ਲਈ ਸਾਡੇ ਪਾਸੋਂ ਵੀ ਇਸ ਕਿਤਾਬ ਵਿਚ ਭੁੱਲਾਂ ਹੋਈਆਂ ਹੋਣਗੀਆਂ। ਜਿਹੜਾ ਵੀ ਸੁਹਿਰਦ ਹ੍ਰਿਦੇ ਵਾਲਾ ਸੱਜਣ ਉਨ੍ਹਾਂ ਪ੍ਰਤੀ ਸੁਚੇਤ ਕਰਵਾਵੇਗਾ, ਮੈਂ ਉਸਦਾ ਬੇਹੱਦ ਸ਼ੁਕਰਗੁਜਾਰ ਹੋਵਾਗਾ", ਤੋਂ ਪ੍ਰਭਾਵਿਤ ਹੋਕੇ ਇਸ ਪੱਤਰ ਰਾਹੀ, ਤੁਹਾਡੇ ਧਿਆਨ ਵਿੱਚਚ ਇਕ ਨੁਕਤਾ ਲਿਆਉਣਾ ਚਾਹੁੰਦਾ ਹਾਂ।




ਭਾਵੇਂ ਤਤਕਰਾ ਪੜ੍ਹਦੇ ਸਾਰ ਹੀ ਪਤਾ ਲੱਗ ਗਿਆ ਸੀ ਕਿ, ਇਸ ਕਿਤਾਬ ਵਿੱਚ ਕਿਹੜੇ-ਕਿਹੜੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਪਰ ਮੇਰੀ ਦਿਲਚਸਪੀ ਕਿਤਾਬ ਦੇ ਸਿਰਲੇਖ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਕੀਤੇ-ਮੂਲ ਸਿੱਖ ਕੈਲੰਡਰ" ਮੁਤਾਬਕ ਗੁਰੂ ਸਾਹਿਬ ਜੀ ਵੱਲੋਂ ਸੋਧੇ ਅਤੇ ਪਰਵਾਨੇ ਗਏ ਕੈਲੰਡਰਵਿੱਚ ਸੀ। ਜਿਸ ਬਾਰੇ ਮੈਂ ਪਿਛਲੇ ਕਈ ਸਾਲਾਂ ਤੋਂ ਪੜਦਾ/ਸੁਣਦਾ ਆ ਰਿਹਾ ਹਾਂ ਪਰ, ਇਸ ਬਾਰੇ ਕੋਈ ਜਾਕਣਾਰੀ ਨਹੀਂ ਸੀ ਮਿਲੀ। ਤੁਹਾਡੀ ਕਿਤਾਬ ਦੇ ਸੋਧਕਅਨੁਰਾਗ ਸਿੰਘ, ਅਕਸਰ ਆਪਣੀਆਂ ਪੋਸਟਾਂ ਵਿੱਚ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਅਤੇ ਸੋਧੇ ਗਏ ਮੂਲ ਸਿੱਖ ਕੈਲੰਡਰ ਦਾ ਜਿਕਰ ਕਰਦੇ ਰਹਿੰਦੇ ਹਨ। ਜੁਲਾਈ 2017 ਤੋਂ ਮੇਰਾ ਵੀ ਉਨ੍ਹਾ ਨਾਲ ਵਾਹ-ਵਾਸਤਾ ਰਿਹਾ ਹੈ। ਮੈਂ ਉਨ੍ਹਾ ਨੂੰ ਵੀ ਬੇਨਤੀਕੀਤੀ ਸੀ ਕਿ ਗੁਰੂ ਸਾਹਿਬ ਜੀ ਵੱਲੋ ਸੋਧੇ ਅਤੇ ਪ੍ਰਵਾਨ ਕੀਤੇ ਗਏ ਕੈਲੰਡਰਨੂੰ ਸੰਗਤਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਵੇ।ਪਰ ਉਸ ਨੇ ਅਜੇਹਾ ਨਹੀਂ ਕੀਤਾ।

ਪਿਛਲੇ ਦੋ-ਢਾਈ ਸਾਲ ਤੋਂ ਕਿਤਾਬ ਲਿਖਣ/ ਛਪਣ ਦਾ ਜਿਕਰ ਚਲਦਾ ਰਿਹਾ, ਤਾਂ ਮੈਂ ਸੋਚਿਆ ਕਿ ਅਨੁਰਾਗ ਸਿੰਘ ਇਸੇ ਲਈ "ਗੁਰੂ ਸਾਹਿਬ ਜੀ ਵੱਲੋਂ ਪ੍ਰਵਾਨ ਮੂਲ ਸਿੱਖ ਕੈਲੰਡਰ" ਸਾਂਝਾ ਨਹੀਂ ਕਰਦਾ ਕਿ ਕਿਤਾਬ ਵਿੱਚ ਹੀ ਸੰਗਤਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਹੁਣ ਕਿਤਾਬ ਵੀ ਛਪ ਗਈ ਹੈ। ਆਸ ਸੀ ਕਿ ਇਸ ਕਿਤਾਬ 'ਚ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਸੋਧੇ ਹੋਏ ਕੈਲੰਡਰ ਬਾਰੇ ਜਾਣਕਾਰੀ ਹਾਸਲ ਹੋਵੇਗੀ। ਤੁਹਾਡੀ ਕਿਤਾਬ ਦਾ ਨਾਮ ਵੀ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾਮੂਲ ਸਿੱਖ ਕੈਲੰਡਰ"ਹੀ ਹੈ। ਇਸ ਕਿਤਾਬ ਵਿੱਚ ਵੀ "ਮੂਲ ਸਿੱਖ ਕੈਲੰਡਰ" ਦਾ ਜਿਕਰ ਹੈ,

"ਗੁਰੂ ਸਾਹਿਬਾਂ ਵੱਲੋਂ ਅਪਣਾਏ, ਸੋਧੇ ਅਤੇ ਵਰਤੇ ਬਿਕ੍ਰਮੀ ਕੈਲੰਡਰ ਦੀਆਂ ਤਿੱਥਾਂ ਸੁਦੀ-ਵਦੀ ਵਿੱਚ ਹਨ" (ਪੰਨਾ 17)

"ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ ਝੋਹਨ ਭੌਕਏਰ ਇਸ ਤਰ੍ਹਾਂ ਕਰਦੇ ਹਨ: "The Sikh Reiligous Calendari s a moidifed form of the Bikaraim Calendar"। (ਪੰਨਾ 19)

ਗੁਰਚਰਨ ਸਿੰਘ ਜੀ, ਹੈਰਾਨੀ ਦੀ ਗੱਲ ਹੈ ਕਿ ਤੁਹਾਡੀ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ ਹੈ। ਇਸ ਵਿੱਚੋਂ ਵੀ ਗੁਰੂ ਸਾਹਿਬ ਜੀ ਵੱਲੋਂ ਬਣਾਏ/ਅਪਣਾਏ ਸੋਧੇ ਹੋਏ "ਮੂਲ ਸਿੱਖ ਕੈਲੰਡਰ" ਬਾਰੇ ਜਾਣਕਾਰੀ ਨਹੀ ਮਿਲੀ। ਇਸ ਦਾ ਕੀ ਕਾਰਨ ਹੈ, ਆਪ ਜੀ ਕਿਤਾਬ ਛਾਪਣ ਵੇਲੇ ਇਹ ਅਣਗਹਿਲੀ ਕਿਵੇਂ ਕਰ ਗਏ? ਕੀ ਆਪ ਦੇ ਸਲਾਹਕਾਰਾਂ ਨੇ ਜਾਂ ਜਿਨ੍ਹਾਂ ਨੂੰ ਆਪ ਨੇ ਇਹ ਕਿਤਾਬ ਸਮਰਪਣ ਕੀਤੀ ਹੈ, ਕਿਸੇ ਨੇ ਵੀ ਤੁਹਾਡਾ ਧਿਆਨ ਇਸ ਪਾਸੇ ਨਹੀਂ ਦਿਵਾਇਆ? ਤੁਸੀਂ ਆਪਣੀ ਕਿਤਾਬ ਦਾ ਜੋ ਨਾਮ ਰੱਖਿਆ ਹੈ, "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾਮੂਲ ਸਿੱਖ ਕੈਲੰਡਰ", ਉਹ ਵਿਸ਼ਾ ਹੀ ਕਿਤਾਬ ਵਿੱਚ ਸ਼ਾਮਿਲ ਨਹੀਂ ਕੀਤਾ। ਇਹ ਆਮ-ਸਧਾਰਨ ਉਕਾਈ ਤਾਂ ਨਹੀਂ ਮੰਨੀ ਜਾ ਸਕਦੀ। ਪਾਠਕ ਨੇ ਤਾਂ ਕਿਤਾਬ ਦਾ ਨਾਮ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾਮੂਲ ਸਿੱਖ ਕੈਲੰਡਰ", ਵੇਖ ਕੇ ਹੀ ਕਿਤਾਬ ਖਰੀਦਣੀ ਹੈ (350 ਰ:) । ਪਰ ਕਿਤਾਬ ਉੱਪਰ ਛਪੇ ਕਿਤਾਬ ਦੇ ਨਾਮ ਨਾਲ ਸਬੰਧਿਤ ਵਿਸ਼ਾ ਹੀ ਕਿਤਾਬ ਵਿੱਚ ਨਾ ਹੋਵੇ ਤਾਂ ਪਾਠਕ ਤੁਹਾਡੇ ਬਾਰੇ ਕੀ ਸੋਚੇਗਾ?

ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਹੈ ਕਿ ਸਾਡੇ ਪਾਸ ਗੁਰੂ ਸਾਹਿਬ ਜੀ ਵੱਲੋਂ ਸੋਧਿਆ ਅਤੇ ਪ੍ਰਵਾਨਿਤ ਕੈਲੰਡਰ ਹੋਣ ਦੇ ਬਾਵਜੂਦ ਵੀ ਅਸੀਂ ਭਟਕਦੇ ਫਿਰਦੇ ਹਾਂ। ਤੁਹਾਡੇ ਉਸਤਾਦ (ਅਨੁਰਾਗ ਸਿੰਘ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ), ਜਿਹੜੇ 1999 ਤੋਂ ਕੈਲੰਡਰ ਸਬੰਧੀ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੇ ਰਹੇ ਹਨ, ਸਭ ਕੁਝ ਜਾਣਦੇ ਹੋਏ ਵੀ "ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ-ਮੂਲ ਸਿੱਖ ਕੈਲੰਡਰ" ਨੂੰ ਦੱਬੀ ਕਿਉਂ ਬੈਠੇ ਹਨ? ਇਨ੍ਹਾਂ ਨੇ ਅੱਜ ਤੋਂ ਦੋ ਦਹਾਕੇ ਪਹਿਲਾ, ਗੁਰੂ ਸਾਹਿਬ ਜੀ ਵੱਲੋਂ ਸੋਧਿਆ ਹੋਇਆ ਕੈਲੰਡਰ ਕੈਲੰਡਰ ਪੇਸ਼ ਕਿਉ ਨਹੀਂ ਕੀਤਾ?ਕੀ ਇਹ ਕੈਲੰਡਰ ਉਦੋਂ ਇਨ੍ਹਾਂ ਪਾਸ ਨਹੀ ਸੀ? ਗੁਰੂ ਸਾਹਿਬ ਜੀ ਵੱਲੋਂ ਸੋਧੇ ਹੋਏ ਕੈਲੰਡਰ ਦੀ, ਤੁਹਾਡੇ ਉਸਤਾਤ ਨੇ ਕਦੋਂ ਖੋਜ ਕੀਤੀ ਹੈ?

ਗੁਰਚਰਨ ਸਿੰਘ ਜੀ, ਕੋਈ ਗੱਲ ਨਹੀਂ, ਅਜੇ ਵੀ ਕੁਝ ਨਹੀਂ ਵਿਗੜਿਆ।ਜੇ ਤੁਹਾਡੇ ਪੱਲੇ ਸੱਚ ਹੈ ਤਾਂ, ਗੁਰੂ ਸਾਹਿਬ ਜੀ ਵੱਲੋਂ ਸੋਧੇ ਕੇ ਲਾਗੂ ਕੀਤੇ ਗਏ'ਮੂਲ ਸਿੱਖ ਕੈਲੰਡਰ' ਬਾਰੇ ਜਾਣਕਾਰੀ ਸਾਂਝੀ ਕਰਕੇ, ਹੁਣ ਵੀ ਗਲਤੀ ਸੁਧਾਰੀ ਜਾ ਸਕਦੀ ਹੈ। ਗੁਰੂ ਕਾਲ (1526 ਬਿ:- 1765 ਬਿ:) ਤੋਂ ਪਹਿਲਾ,ਪ੍ਰਚੱਲਤ ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਵਿੱਚ, ਗੁਰੂ ਸਾਹਿਬ ਜੀ ਵੱਲੋਂਕਿਹੜੀਆਂ-ਕਿਹੜੀਆਂ ਸੋਧਾਂ ਕੀਤੀਆਂ ਗਈਆਂ ਸਨ? ਸੋਧੇ ਹੋਏ ਕੈਲੰਡਰ ਦੇ ਸਾਲ ਦਾ ਆਰੰਭ, ਸਾਲ ਦੀ ਲੰਬਾਈ, ਮਹੀਨਿਆਂ ਦੀ ਤਰਤੀਬ, ਮਹੀਨੇ ਦਾ ਆਰੰਭ, ਦਿਨਾਂ ਦੀ ਗਿਣਤੀ ਆਦਿ, ਇਹ ਕੈਲੰਡਰ ਕਦੋਂ ਤਾਈ ਆਪਣੇ ਲਾਗੂ ਰਿਹਾ, ਸ਼੍ਰੋਮਣੀ ਕਮੇਟੀ ਵੱਲੋਂ ਉਸ ਕੈਲੰਡਰ ਨੂੰ ਕਦੋਂ ਅਤੇ ਕਿਉਂ ਤਿਆਗਿਆ ਗਿਆ?

ਮੈਨੂੰ ਪੂਰੀ ਆਸ ਹੈ ਕਿ ਤੁਹਾਡੇ ਉਸਤਾਦ ਦੀ ਲਾਇਬਰੇਰੀ ਵਿੱਚ ਗੁਰੂ ਸਾਹਿਬਾਂ ਵੱਲੋਂ ਸੋਧ ਕੇ ਲਾਗੂ ਕੀਤੇ ਗਏ'ਮੂਲ ਸਿੱਖ ਕੈਲੰਡਰ'ਦੀ ਪੁਰਾਣੀ ਕਾਪੀ ਜਰੂਰ ਹੋਵੇਗੀ। ਉਸ ਦੀ ਫ਼ੋਟੋ ਕਾਪੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ।ਤਾਂ ਜੋ ਉਸ ਉੱਪਰ ਵਿਚਾਰ ਕਰਕੇ ਕਿਸੇ ਸਰਬ ਪ੍ਰਮਾਣਿਤ ਨਤੀਜੇ ਤੇ ਪੁੱਜਿਆ ਜਾ ਸਕੇ।

**ਸਰਵਜੀਤ ਸਿੰਘ ਸੈਕਰਾਮੈਂਟੋ**

# 43ਵੀਂਆਂ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਜਰਖੜ ਖੇਡ ਸਟੇਡੀਅਮ ਵਿਖੇ ਧੂਮ ਧੜੱਕੇ ਨਾਲ ਸ਼ੁਰੂ

**ਲੁਧਿਆਣਾ-** ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ 43ਵੀਂਆ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦਾ ਰੰਗਾ ਰੰਗ ਆਗਾਜ਼ ਹੋਇਆ ।ਇਸ ਮੌਕੇ ਜਿੱਥੇ ਨਿੱਕੇ ਨਿੱਕੇ ਬੱਚਿਆਂ ਨੇ ਸੱਭਿਆਚਾਰ ਬੰਨਗੀਆਂ, ਗਿੱਧਾ, ਭੰਗੜਾ ਨਾਲ ਟੂਰਨਾਮੈਂਟ ਦਾ ਰੰਗ ਬੰਨਿਆ, ਉੱਥੇ ਹਲਕਾ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਖੇਡਾਂ ਦਾ ਉਦਘਾਟਨ ਗੁਬਾਰੇ ਉਡਾ ਕੇ ਅਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਉਹਨਾਂ ਨੇ ਬੋਲਦਿਆ ਆਖਿਆ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗਰਾਸ ਰੂਟ ਤੇ ਖੇਡ ਸੱਭਿਆਚਾਰ ਨੂੰ ਮਜਬੂਤ ਕਰਨਾ ਅਤੇ ਬੱਚਿਆਂ





ਨੂੰ ਖੇਡਾਂ ਨਾਲ ਜੋੜਨਾ ਹੈ। ਇੰਨਾ ਸਟੇਟ ਪੱਧਰੀ ਖੇਡਾਂ ਵਿੱਚ ਹਾਕੀ ਅਤੇ ਹੈਂਡਬਾਲ' (ਲੜਕੇ, ਲੜਕੀਆਂ) ਮੁਕਾਬਲੇ ਹੋ ਰਹੇ ਹਨ। ਇਸ ਦੌਰਾਨ ਸ। ਜਗਰੂਪ ਸਿੰਘ ਜਰਖੜ ਵੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜ਼ਿਲਾ ਸਿੱਖਿਆ ਅਫ਼ਸਰ (ਐ.ਸਿੱ) ਸ. ਬਲਦੇਵ ਸਿੰਘ ਜੋਧਾਂ ,ਉਪ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿੱ) ਸ. ਜਸਵਿੰਦਰ ਸਿੰਘ ਬਿਰਕ ਅਤੇ ਉਪ ਜ਼ਿਲਾ ਸਿੱਖਿਆ ਅਫ਼ਸਰ (ਐ) ਸ੍ਰੀ ਮਨੋਜ ਕੁਮਾਰ ਜੀ ਵੱਲੋਂ ਮੁੱਖ ਮਹਿਮਾਨ ਅਤੇ ਲੁਧਿਆਣਾ ਪਹੁੰਚੀਆਂ ਵੱਖ-ਵੱਖ ਜਿਲਿਆਂ ਦੀਆਂ ਟੀਮਾਂ ਨੂੰ ਜੀ ਆਇਆ ਨੂੰ ਆਖਿਆ। ਇਸ ਦੌਰਾਨ ਜ਼ਿਲਾ ਸਪੋਰਟਸ ਕੋਆਰਡੀਨੇਟਰ ਸ. ਕੁਲਵੀਰ ਸਿੰਘ, ਸਰਪੰਚ ਬਲਜਿੰਦਰ ਸਿੰਘ ਸਮੂਹ ਬੀ.ਪੀ.ਈ.ਓ ਸਾਹਿਬਾਨ, ਜ਼ਿਲਾ ਖੇਡ ਕਮੇਟੀ ਦੇ ਮੈਂਬਰ ਹਾਜ਼ਰ ਸਨ। ਮੀਡੀਆ ਕੋਆਰਡੀਨੇਟਰ ਮਨਮੀਤ ਸਿੰਘ ਗਰੇਵਾਲ ਹਾਜ਼ਰ ਸਨ।

ਅੱਜ ਹਾਕੀ ਦੇ ਪਹਿਲੇ ਮੁਕਾਬਲੇ ਵਿੱਚ ਲੁਧਿਆਣਾ ਹਾਕੀ ਲੜਕਿਆਂ ਦੀ ਟੀਮ ਬਰਨਾਲਾ ਦੀ ਟੀਮ ਨੂੰ 9-0 ਨਾਲ ਹਰਾ ਕੇ ਅਗਲੇ ਕ੍ਰਮ ਵਿੱਚ ਪਹੁੰਚੀ। ਇਸ ਤੋਂ ਇਲਾਵਾ ਮੁੰਡਿਆਂ ਦੇ ਵਰਗ ਵਿੱਚ ਜਲੰਧਰ ਨੇ ਹੁਸ਼ਿਆਰਪੁਰ ਨੂੰ 10 -0 ਨਾਲ ਫਿਰੋਜ਼ਪੁਰ ਨੇ ਫਾਜਿਲਕਾ ਨੂੰ 4-0 ਨਾਲ ਤਰਨ ਤਾਰਨ ਨੇ ਮੋਹਾਲੀ ਨੂੰ 2-0 ਨਾਲ, ਬਠਿੰਡਾ ਨੇ ਮਲੇਰਕੋਟਲਾ ਨੂੰ 1-0 ਨਾਲ ਪਟਿਆਲਾ ਨੇ ਫਤਿਹਗੜ੍ਹ ਸਾਹਿਬ ਨੂੰ 6-0 ਨਾਲ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਪਾਇਆ।

ਕੁੜੀਆ ਦੇ ਵਰਗ ਵਿੱਚ ਬਠਿੰਡਾ ਨੇ ਰੂਪ ਨਗਰ ਨੂੰ 5-0 ਨਾਲ, ਮੋਗਾ ਨੇ ਫਰੀਦਕੋਟ ਨੂੰ 6-0 ਨਾਲ, ਮੁਕਤਸਰ ਨੇ ਜਲੰਧਰ ਨੂੰ 2-1 ਨਾਲ, ਸੰਗਰੂਰ ਨੇ ਫਤਿਹਗੜ੍ਹ ਸਾਹਿਬ ਨੂੰ 4-0 ਨਾਲ, ਮਾਨਸਾ ਨੇ ਮਲੇਰਕੋਟਲਾ ਨੂੰ 4-0 ਨਾਲ, ਅੰਮ੍ਰਿਤਸਰ ਨੇ ਮੋਹਾਲੀ ਨੂੰ 5-0 ਨਾਲ, ਲੁਧਿਆਣਾ ਨੇ ਪਟਿਆਲਾ ਨੂੰ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ। ਵੱਖ-ਵੱਖ ਜਿਲਿਆਂ ਤੋਂ ਆਈਆਂ ਸਾਰੀਆਂ ਟੀਮਾਂ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਪ੍ਰਬੰਧ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਪ੍ਰੀਤ ਸਿੰਘ ਸੰਧੂ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ। ਸਾਰੀਆਂ ਟੀਮਾਂ ਨੂੰ ਹਰ ਪੱਖੋਂ ਵਧੀਆ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਇਹਨਾਂ ਰਾਜ ਪੱਧਰੀ ਖੇਡਾਂ ਵਿੱਚ ਹਾਕੀ ਦੇ ਫਾਈਨਲ ਮੁਕਾਬਲੇ 7 ਦਸੰਬਰ ਨੂੰ ਹੋਣਗੇ ਅਤੇ ਹੈਂਡਬਾਲ ਦੇ ਫਾਈਨਲ ਮੁਕਾਬਲੇ 8 ਦਸੰਬਰ ਨੂੰ ਖੇਡੇ ਜਾਣਗੇ।

# 10 ਦਸੰਬਰ ਲਈ ਮਨੁੱਖੀ ਅਧਿਕਾਰ ਦਿਵਸ ਸਬੰਧੀ ਵਿਸ਼ੇਸ਼




ਕੁਲਦੀਪ ਚੰਦ
91-9417563054

10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਮਨੁੱਖੀ ਅਧਿਕਾਰ ਦਾ ਅਰਥ ਹੈ ਸੰਵਿਧਾਨ ਦੁਆਰਾ ਗਾਰੰਟੀਸ਼ੁਦਾ ਵਿਅਕਤੀ ਦੇ ਜੀਵਨ, ਆਜ਼ਾਦੀ, ਬਰਾਬਰੀ ਅਤੇ ਮਾਣ ਨਾਲ ਸਬੰਧਤ ਅਧਿਕਾਰ ਜੋ ਅੰਤਰਰਾਸ਼ਟਰੀ ਇਕਰਾਰਨਾਮਿਆਂ ਵਿੱਚ ਸ਼ਾਮਲ ਅਤੇ ਭਾਰਤ ਵਿੱਚ ਅਦਾਲਤਾਂ ਦੁਆਰਾ ਲਾਗੂ ਕੀਤੇ ਜਾ ਸਕਦੇ ਹਨ। ਮਨੁੱਖੀ ਅਧਿਕਾਰ ਦਾ ਅਰਥ ਵੱਖ-ਵੱਖ ਲੋਕਾਂ ਲਈ ਵੱਖਰੀ ਚੀਜ਼ ਹੈ। ਮਨੁੱਖੀ ਅਧਿਕਾਰ ਕਦੇ ਵੀ ਸਥਿਰ ਨਹੀਂ ਹਨ ਅਤੇ ਸਮੇਂ-ਸਮੇਂ ਤੇ ਨਵੇਂ ਅਧਿਕਾਰਾਂ ਨੂੰ ਮਾਨਤਾ ਦਿੱਤੀ ਅਤੇ ਲਾਗੂ ਕੀਤੀ ਜਾਂਦੀ ਹੈ। ਮਨੁਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁਖੀ ਅਧਿਕਾਰਾਂ ਦੀ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਘੋਸ਼ਣਾ ਪੱਤਰ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨਿਰਧਾਰਤ ਕਰਦਾ ਹੈ ਜਿਸ ਦੇ ਅਸੀਂ ਸਾਰੇ ਹੱਕਦਾਰ ਹਾਂ। ਇਹ ਕੌਮੀਅਤ, ਨਿਵਾਸ ਸਥਾਨ, ਲਿੰਗ, ਰਾਸ਼ਟਰੀ ਜਾਂ ਨਸਲੀ ਮੂਲ, ਧਰਮ, ਭਾਸ਼ਾ, ਜਾਂ ਕਿਸੇ ਹੋਰ ਸਥਿਤੀ ਦੇ ਅਧਾਰ ਤੇ ਭੇਦਭਾਵ ਕੀਤੇ ਬਿਨਾਂ ਹਰ ਵਿਅਕਤੀ ਦੇ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਘੋਸ਼ਣਾ ਪੱਤਰ ਵਿੱਚ ਨਿਰਧਾਰਿਤ ਬੁਨਿਆਦੀ ਮਨੁੱਖੀ ਅਧਿਕਾਰਾਂ ਤੇ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਦੀ ਆਮ ਸਹਿਮਤੀ ਇਸ ਨੂੰ ਹੋਰ ਵੀ ਮਜ਼ਬੂਤ ??ਬਣਾਉਂਦੀ ਹੈ ਅਤੇ ਸਾਡੇ ਰੋਜ਼ਾਨਾ ਜੀਵਨ ਵਿੱਚ ਮਨੁੱਖੀ ਅਧਿਕਾਰਾਂ ਦੀ ਸਾਰਥਕਤਾ ਤੇ ਜ਼ੋਰ ਦਿੰਦੀ ਹੈ। ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਅਧਿਕਾਰਾਂ ਦੇ ਮੁੱਖ ਅਧਿਕਾਰੀ ਵਜੋਂ ਅਤੇ ਹਾਈ ਕਮਿਸ਼ਨਰ ਦਾ ਦੱਫ਼ਤਰ ਮਨੁੱਖੀ ਅਧਿਕਾਰ ਦਿਵਸ ਦੇ ਸਾਲਾਨਾ ਆਯੋਜਨ ਲਈ ਯਤਨਾਂ ਦਾ ਤਾਲਮੇਲ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੀ 75ਵੀਂ ਵਰ੍ਹੇਗੰਢ 10 ਦਸੰਬਰ 2023 ਨੂੰ ਮਨਾਈ ਜਾਵੇਗੀ। ਇਸ ਮੀਲ ਪੱਥਰ ਦੇ ਜਸ਼ਨ ਤੋਂ ਪਹਿਲਾਂ 10 ਦਸੰਬਰ 2022 ਨੂੰ ਮਨੁੱਖੀ ਅਧਿਕਾਰ ਦਿਵਸ ਤੋਂ ਸ਼ੁਰੂ ਹੋ ਕੇ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਨੂੰ ਫੋਕਸ ਕਰਕੇ ਦਿਖਾਉਣ ਲਈ ਇੱਕ ਸਾਲ ਭਰ ਚੱਲਣ ਵਾਲੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਸਾਲ ਲਈ ਮਨੁਖੀ ਅਧਿਕਾਰ ਦਿਵਸ ਸਬੰਧੀ ਮੁੱਖ ਉਦੇਸ਼''ਆਜ਼ਾਦੀ, ਬਰਾਬਰੀ ਅਤੇ ਸਾਰਿਆਂ ਲਈ ਨਿਆਂ ਹੈ।'' ਮਨੁੱਖੀ ਅਧਿਕਾਰ ਦਿਵਸ ਦਾ ਉਦੇਸ਼ ਬਰਾਬਰਤਾ ਅਤੇ ਵਿਸ਼ਵ ਵਿਆਪੀ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਦੇ ਆਰਟੀਕਲ 01 ਨਾਲ ਸਬੰਧਤ ਹੈ ਜਿਸ ਅਨੁਸਾਰ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਸਨਮਾਨ ਅਤੇ ਅਧਿਕਾਰਾਂ ਨਾਲ ਹੀ ਪੈਦਾ ਹੁੰਦੇ ਹਨ।ਸਮਾਨਤਾ ਅਤੇ ਗੈਰ-ਵਿਤਕਰੇ ਦੇ ਸਿਧਾਂਤ ਮਨੁੱਖੀ ਅਧਿਕਾਰਾਂ ਦੇ ਕੇਂਦਰ ਵਿੱਚ ਹਨ। ਸਮਾਨਤਾ 2030 ਦੇ ਏਜੰਡਾ ਦੇ ਨਾਲ ਅਤੇ ਸੰਯੁਕਤ ਰਾਸ਼ਟਰ ਦੀ ਪਹੁੰਚ ਨਾਲ ਜੁੜੀ ਹੋਈ ਹੈ ਜਿਸ ਵਿੱਚ ਕਿਸੇ ਨੂੰ ਪਿੱਛੇ ਨਾ ਛੱਡਣ ਬਾਰੇ ਦਸਤਾਵੇਜ਼ ਸਾਂਝਾ ਫਰੇਮਵਰਕ ਟਿਕਾਊ ਵਿਕਾਸ ਦੇ ਕੇਂਦਰ ਵਿੱਚ ਸਮਾਨਤਾ ਅਤੇ ਗੈਰ-ਵਿਤਕਰੇ ਬਾਰੇ ਦੱਸਿਆ ਗਿਆ ਹੈ। ਇਸ ਵਿੱਚ ਵਿਤਕਰੇ ਦੀਆਂ ਡੂੰਘੀਆਂ ਜੜ੍ਹਾਂ ਵਾਲੇ ਰੂਪਾਂ ਨੂੰ ਸੰਬੋਧਿਤ ਕਰਨਾ ਅਤੇ ਹੱਲ ਲੱਭਣਾ ਸ਼ਾਮਲ ਹੈ ਜਿਨ੍ਹਾਂ ਨੇ ਸਮਾਜ ਵਿੱਚ ਸਭ ਤੋਂ ਕਮਜ਼ੋਰ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ ਜਿਸ ਵਿੱਚ ਔਰਤਾਂ ਅਤੇ ਲੜਕੀਆਂ, ਧਾਰਮਿਕ ਘੱਟ ਗਿਣਤੀਆਂ, ਆਦਿਵਾਸੀ ਲੋਕ, ਐਲਜੀਵੀਟੀ, ਪ੍ਰਵਾਸੀ ਆਦਿ ਸ਼ਾਮਲ ਹਨ।ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਉਣ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ, ਸਮਾਜਿਕ-ਆਰਥਿਕ ਅਧਿਕਾਰ ਆਦਿ ਸ਼ਾਮਲ ਹਨ। ਦੁਨੀਆਂ ਦੀ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਦੀ ਚੱਕੀ ਵਿੱਚ ਪਿਸ ਰਹੀ ਹੈ। ਜੇਕਰ ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਹਾਲਾਤ ਵੇਖੀਏ ਤਾਂ ਕਈ ਦੇਸ਼ਾਂ ਵਿੱਚ ਬਹੁਤ ਮਾੜੀ ਹੈ। ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਲੱਗਭੱਗ 23 ਦੇਸ਼ਾਂ ਵਿੱਚ ਯੁੱਧ ਸਬੰਧੀ ਅਪਰਾਧ ਕੀਤੇ ਗਏ ਅਤੇ 22 ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰਨ ਵਾਲਿਆਂ ਨੂੰ ਹੀ ਮਾਰ ਦਿੱਤਾ ਗਿਆ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਬਿਨਾਂ ਕਿਸੇ ਪੱਖਪਾਤ ਤੋਂ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਾਫ ਕਿਹਾ ਗਿਆ ਹੈ ਕਿ ਹਰ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ ਅਤੇ ਰਾਜ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੌਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਨੂੰਨ ਦਾ ਸਹਾਰਾ ਲੈ ਸਕਦਾ ਹੈ। ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ-ਵਿਰੁੱਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਮਨੁੱਖੀ ਅਧਿਕਾਰਾਂ ਦਾ ਅਨੰਦ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਮੀਡੀਆ ਦੁਆਰਾ ਸਮੇਂ-ਸਮੇਂ ਤੇ ਮਨੁਖੀ ਅਧਿਕਾਰਾਂ ਦੇ ਸ਼ੋਸ਼ਣ ਦੀਆਂ ਕਈ ਘਟਨਾਵਾਂ ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ, ਹਿਰਾਸਤ ਵਿੱਚ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਅਤਿੱਆਚਾਰ, ਸੁਰੱਖਿਆ ਬਲਾਂ ਦੁਆਰਾ ਗੈਰਜ਼ਰੂਰੀ ਦਖਲਅੰਦਾਜ਼ੀ ਆਦਿ ਬਾਰੇ ਦੱਸਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਲੋਕ ਪੱਖੀ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਹੀ ਪਿੱਛੇ ਰਹਿੰਦੀਆਂ ਹਨ। ਸਾਲ 1993 ਵਿੱਚ ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸੱਖਤੀ ਨਾਲ ਨਜੀਠਿਆ ਜਾ ਸਕੇ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਅਪਣੇ ਅਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਇਹ ਆਯੋਗ ਆਪ ਕਈ ਮਸ਼ਕਿਲਾਂ ਦਾ ਸ਼ਿਕਾਰ ਹੋ ਰਹੇ ਹਨ ਜਿਵੇਂ ਕਿ ਕਈ ਵਾਰ ਸਰਕਾਰਾਂ ਨੇ ਇਨ੍ਹਾਂ ਆਯੋਗਾਂ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ, ਗੈਰ ਜਰੂਰੀ ਰਾਜਨੀਤਿਕ ਦਖਲ ਅੰਦਾਜੀ, ਕਰਮਚਾਰੀਆਂ ਦੀ ਘਾਟ, ਫੰਡਾਂ ਦੀ ਘਾਟ ਆਦਿ ਮੁੱਖ ਸਮੱਸਿਆਵਾਂ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਵੱਧ ਰਹੀ ਗਿਣਤੀ ਦੇ ਨਾਲ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੁਆਰਾ ਸਿਫ਼ਾਰਸ਼ ਕੀਤੀ ਮੁਆਵਜ਼ੇ ਦੀ ਕੁੱਲ ਰਕਮ ਵਿੱਚ ਕਮੀ ਵੀ ਚਿੰਤਾ ਦਾ ਕਾਰਨ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਵਿੱਚ 2020-2021 ਅਤੇ 2021-2022 ਵਿਚਕਾਰ ਲਗਭਗ 37% ਦਾ ਵਾਧਾ ਹੋਇਆ ਹੈ। ਆਯੋਗ ਦੁਆਰਾ ਸਿਫ਼ਾਰਸ਼ ਕੀਤੇ ਗਏ ਮੁਆਵਜ਼ੇ ਵਿੱਚ ਇੱਕ ਸਾਲ ਵਿੱਚ 30ਗ਼ ਤੋਂ ਵੱਧ ਕਟੌਤੀ ਹੋਈ ਹੈ। ਰਾਜ ਸਭਾ ਵਿੱਚ ਗ੍ਰਹਿ ਮੰਤਰਾਲੇ ਨੇ ਕਿਹਾ ਸੀ ਕਿ 2018-2019 ਵਿੱਚ ਆਯੋਗ ਦੁਆਰਾ 7.3 ਮਾਮਲਿਆਂ ਵਿੱਚ ਵਿੱਤੀ ਰਾਹਤ ਵਜੋਂ 276754996 ਰੁਪਏ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ ਅਤੇ 2019-2020 ਵਿੱਚ 488 ਮਾਮਲਿਆਂ ਲਈ ਇਹ ਅੰਕੜਾ 150685840 ਰੁਪਏ ਸੀ। ਗ੍ਰਹਿ ਮੰਤਰਾਲੇ ਨੇ ਮੰਨਿਆ ਹੈ ਕਿ 2021-2022 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 64170 ਮਾਮਲੇ ਦਰਜ ਕੀਤੇ ਗਏ ਸਨ। 31 ਅਕਤੂਬਰ ਤੱਕ 64170 ਮਾਮਲਿਆਂ ਵਿੱਚੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 24242 ਕੇਸ (37.7%) ਸਿਰਫ ਉੱਤਰ ਪ੍ਰਦੇਸ਼ ਨਾਲ ਹੀ ਸਬੰਧਿਤ ਸਨ। ਜਿਵੇਂ-ਜਿਵੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਧਦੀ ਜਾ ਰਹੀ ਹੈ ਆਯੋਗ ਦੀ ਕਾਰਗੁਜਾਰੀ ਕਮਜ਼ੋਰ ਹੁੰਦੀ ਜਾਪਦੀ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2022 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਹੱਤਵਪੂਰਨ ਮਾਮਲੇ ਸਾਹਮਣੇ ਆਏ ਜਿਸ ਵਿੱਚ ਗੈਰ ਕਨੂੰਨੀ ਗ੍ਰਿਫਤਾਰੀਆਂ, ਗੈਰ-ਨਿਆਇਕ ਹੱਤਿਆਵਾਂ, ਪ੍ਰੈਸ ਦੀ ਆਜ਼ਾਦੀ ਤੇ ਹਮਲਾ ਅਤੇ ਧਾਰਮਿਕ ਅਤੇ ਨਸਲੀ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਾ ਸ਼ਾਮਲ ਹੈ।ਭਾਰਤ ਨੇ ਅਮਰੀਕੀ ਸਰਕਾਰ ਦੀਆਂ ਅਜਿਹੀਆਂ ਰਿਪੋਰਟਾਂ ਨੂੰ ਖਾਰਜ ਕੀਤਾ ਹੈ। ਕੇਂਦਰ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਭਾਰਤ ਵਿੱਚ ਸਭ ਦੇ ਅਧਿਕਾਰਾਂ ਦੀ ਰਾਖੀ ਲਈ ਲੋਕਤੰਤਰੀ ਅਭਿਆਸ ਅਤੇ ਮਜ਼ਬੂਤ ਸੰਸਥਾਵਾਂ ਹਨ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ 2022 ਵਿੱਚ ਪੁਲਿਸ ਹਿਰਾਸਤ ਵਿੱਚ 147 ਮੌਤਾਂ, ਨਿਆਂਇਕ ਹਿਰਾਸਤ ਵਿੱਚ 1882 ਮੌਤਾਂ ਅਤੇ 119 ਕਥਿਤ ਗੈਰ-ਨਿਆਇਕ ਹੱਤਿਆਵਾਂ ਦਰਜ ਕੀਤੀਆਂ ਹਨ। ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਿਪੋਰਟਰ ਮੈਰੀ ਲਾਲਰ ਨੇ ਗੁਜਰਾਤ ਪੁਲਿਸ ਦੁਆਰਾ ਕਾਰਕੁਨ ਤੀਸਤਾ ਸੇਤਲਵਾੜ ਦੀ ਗ੍ਰਿਫਤਾਰੀ ਉੱਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਸੀ। ਸੇਤਲਵਾੜ ਦੀ ਰਿਹਾਈ ਦੀ ਮੰਗ ਕਰਦੇ ਹੋਏ ਸੰਯੁਕਤ ਰਾਸ਼ਟਰ ਦੇ ਅਧਿਕਾਰੀ ਨੇ ਕਿਹਾ ਕਿ ਤੀਸਤਾ ਨਫ਼ਰਤ ਅਤੇ ਵਿਤਕਰੇ ਵਿਰੁੱਧ ਇੱਕ ਮਜ਼ਬੂਤ ਆਵਾਜ਼ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਕੋਈ ਅਪਰਾਧ ਨਹੀਂ ਹੈ। ਭਾਰਤ ਵਿਚ ਮਨੁੱਖੀ ਅਧਿਕਾਰਾਂ ਬਾਰੇ ਵਰਕਿੰਗ ਗਰੁੱਪ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਸਮੂਹ ਸੰਯੁਕਤ ਰਾਸ਼ਟਰ ਨੇ ਕਿਹਾ ਸੀ ਕਿ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਅਜੇ ਵੀ ਚੁਣੌਤੀਪੂਰਨ ਹੈ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਮਜ਼ਬੂਤੀ ਨਾਲ ਕੰਮ ਨਹੀਂ ਕੀਤਾ ਹੈ। ਕਾਨੂੰਨਾਂ ਦੀ ਸਮੀਖਿਆ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਦੇ ਬਾਵਜੂਦ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਨੇ ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ, ਆਰਮਡ ਫੋਰਸਿਜ਼ ਵਿਸ਼ੇਸ਼ ਸ਼ਕਤੀਆਂ ਐਕਟ ਅਤੇ ਜਨ ਸੁਰੱਖਿਆ ਦੀ ਦੁਰਵਰਤੋਂ ਦੀ ਨਿਗਰਾਨੀ ਨਹੀਂ ਕੀਤੀ ਹੈ। ਇਹ ਬਿਆਨ ਸੰਯੁਕਤ ਮਨੁੱਖੀ ਅਧਿਕਾਰ ਕੌਂਸਲ ਲਈ ਤਿਆਰ ਕੀਤੀ ਗਈ ਸਾਂਝੀ ਰਿਪੋਰਟ ਦੇ ਹਿੱਸੇ ਵਜੋਂ ਦਿੱਤੇ ਗਏ ਹਨ।ਸੰਯੁਕਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਪ੍ਰਦਰਸ਼ਨਾਂ ਦੌਰਾਨ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਨੇ ਹਿੰਸਾ ਲਈ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਪੁਲਿਸ ਦੁਆਰਾ ਤਾਕਤ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਜਾਇਜ਼ ਠਹਿਰਾਇਆ ਸੀ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਪਰ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਨੂੰ ਰੋਕਣ ਵਿੱਚ ਅਸਮਰੱਥ ਸੀ ਜਿਸ ਵਿੱਚ ਲਾਪਰਵਾਹੀ ਕਾਰਨ ਪਿਤਾ ਸਟੈਨ ਸਵਾਮੀ ਦੀ ਦੁਖਦਾਈ ਮੌਤ ਵੀ ਸ਼ਾਮਲ ਹੈ। ਸਾਂਝੀ ਰਿਪੋਰਟ ਨੂੰ 400 ਤੋਂ ਵੱਧ ਸੰਸਥਾਵਾਂ ਅਤੇ ਵਿਅਕਤੀਆਂ ਦ ਆਰਾ ਸਮੱਰਥਨ ਦਿੱਤਾ ਗਿਆ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸੁਤੰਤਰਤਾ ਦੀ ਘਾਟ ਤੇ ਚਿੰਤਾ ਪਹਿਲਾਂ ਵੀ ਕੀਤੀ ਗਈ ਸੀ ਜਦੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਅਰੁਣ ਕੁਮਾਰ ਮਿਸ਼ਰਾ ਨੂੰ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਇਹ ਨਿਯੁਕਤੀ ਕੀਤੀ ਹੈ ਜਦੋਂ ਕਿ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਇਸ ਆਧਾਰ ਤੇ ਨਿਯੁਕਤੀ ਨਾਲ ਅਸਹਿਮਤੀ ਜਤਾਈ ਸੀ ਕਿ ਹਾਸ਼ੀਆਗ੍ਰਸਤ ਭਾਈਚਾਰਿਆਂ ਦੇ ਉਮੀਦਵਾਰ ਜਾਂ ਭਾਰਤ ਦੇ ਸੇਵਾਮੁਕਤ ਚੀਫ਼ ਜਸਟਿਸ ਜਾਂ ਇੱਕ ਸੇਵਾਮੁਕਤ ਜੱਜ ਜੋ ਮਨੁੱਖੀ ਅਧਿਕਾਰਾਂ ਲਈ ਚਿੰਤਾ ਦੇ ਸਾਬਤ ਹੋਏ ਟਰੈਕ ਰਿਕਾਰਡ ਦੇ ਨਾਲ ਸਨ ਨੂੰ ਨਹੀਂ ਚੁਣਿਆ ਹੈ।

ਆਯੋਗ ਦੁਆਰਾ ਜਾਰੀ ਸਾਲਾਨਾ ਰਿਪੋਰਟ ਅਨੁਸਾਰ ਸਾਲ ਵਿੱਚ ਲੱਗਭੱਗ 76628 ਸਿਕਾਇਤਾਂ ਦਰਜ਼ ਹੋਈਆਂ ਹਨ, 431 ਮਾਮਲਿਆਂ ਵਿੱਚ 12.78 ਕਰੋੜ ਰੁਪਏ ਦੀ ਆਰਥਿਕ ਮੁਆਵਜਾ ਦੇਣ ਲਈ ਸਿਫਾਰਿਸ਼ ਕੀਤੀ ਗਈ। ਨਵੰਬਰ 2023 ਦੀ ਰਿਪੋਰਟ ਅਨੁਸਾਰ ਨਵੰਬਰ ਵਿੱਚ 6340 ਕੇਸ ਰਜਿਸਟਰਡ ਹੋਏ ਹਨ ਅਤੇ ਇਸ ਸਮੇਂ ਦੌਰਾਨ 6845 ਕੇਸ ਖਤਮ ਕੀਤੇ ਗਏ ਹਨ ਅਤੇ ਪਿਛਲੇ ਕੇਸਾਂ ਨੂੰ ਮਿਲਾ ਕੇ 7486 ਕੇਸ ਪੈਂਡਿੰਗ ਹਨ। ਇਸ ਰਿਪੋਰਟ ਅਨੁਸਾਰ 31 ਕੇਸਾਂ ਵਿੱਚ ਲੱਗਭੱਗ 13540000/- ਰੁਪਏ ਦਾ ਮੁਆਵਜ਼ਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਅਜੇ ਵੀ ਚੁਣੌਤੀਪੂਰਨ ਹੈ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਮਜ਼ਬੂਤੀ ਨਾਲ ਕੰਮ ਨਹੀਂ ਕੀਤਾ ਹੈ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਜਾਤੀ ਅਧਾਰਤ ਵਿਤਕਰਾ ਅਤੇ ਹਿੰਸਾ ਬੇਰੋਕ ਜਾਰੀ ਹੈ। ਵਿਚਾਰਾਂ ਦੇ ਪ੍ਰਗਟਾਵੇ ਅਤੇ ਇਕੱਠ ਦੀ ਆਜ਼ਾਦੀ ਤੇ ਗੈਰਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਪਾਬੰਦੀਆਂ ਲਗਾਈਆਂ ਗਈਆਂ ਸਨ। ਮੀਡੀਆ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਵਿਆਪਕ ਵਿੱਤੀ ਕਾਨੂੰਨਾਂ ਦੀ ਦੁਰਵਰਤੋਂ ਦੁਆਰਾ ਧਮਕਾਇਆ ਗਿਆ ਹੈ।ਵੱਖ ਵੱਖ ਭਾਗਾਂ ਵਿੱਚ ਇੰਟਰਨੈਟ ਸਹੂਲਤਾਂ ਨੂੰ ਵੀ ਕਈ ਵਾਰ ਬੰਦ ਰੱਖਿਆ ਹੈ। ਇਸ ਕਾਰਨ ਆਰਥਿਕ ਨੁਕਸਾਨ ਹੋਇਆ ਅਤੇ ਸਿੱਖਿਆ ਅਤੇ ਹੋਰ ਜਰੂਰੀ ਸੇਵਾਵਾਂ ਤੇ ਬਹੁਤ ਅਸਰ ਪਿਆ ਹੈ। ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਵਿਰੁੱਧ 50 ਹਜਾਰ ਤੋਂ ਵੱਧ ਅਪਰਾਧ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਰੁੱਧ 8 ਹਜਾਰ ਤੋਂ ਵੱਧ ਅਪਰਾਧ ਦੇ ਮਾਮਲੇ ਦਰਜ ਕੀਤੇ ਗਏ। ਧਰਮ ਪਰਿਵਰਤਨ ਵਿਰੋਧੀ ਕਾਨੂੰਨ ਵਿੱਚ ਸੱਖ਼ਤ ਸੋਧਾਂ ਕੀਤੀਆਂ ਗਈਆਂ ਹਨ। ਅਸਾਮ ਵਿੱਚ ਸਰਕਾਰ ਨੇ ਦੋਬੱਚਿਆਂ ਦੀ ਨੀਤੀ ਪੇਸ਼ ਕੀਤੀ, ਜਿਸ ਵਿੱਚ ਦੋ ਤੋਂ ਵੱਧ ਬੱਚਿਆਂ ਵਾਲੇ ਵੱਡੇ ਪਰਿਵਾਰਾਂ ਵਾਲੇ ਲੋਕਾਂ ਤੇ ਕਈ ਤਰਾਂ ਦੀਆਂ ਰੋਕਾਂ ਲਗਾਈਆਂ ਗਈਆਂ। ਸਮਾਜਿਕ ਸੰਸਥਾ ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਮਨੁਖੀ ਅਧਿਕਾਰਾਂ ਵਿਸ਼ੇਸ਼ ਤੌਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਹੈ। ਏਸ਼ੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੁੰਦੀ ਹੈ। ਪ੍ਰਸ਼ਾਸ਼ਕੀ ਸੁਧਾਰ ਸੰਸਥਾ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫਿਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫਿਸਦੀ ਬੱਚੇ ਜਿਣਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਜਬਰੀ ਮਜਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀਆਂ ਰਿਪੋਰਟਾਂ ਅਨੁਸਾਰਵਿਅਕਤੀਆਂ ਦੀ ਗੁੰਮਸ਼ੁਦਗੀ, ਧਾਰਮਿਕ ਘੱਟ ਗਿਣਤੀਆਂ ਤੇ ਹਮਲੇ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗ੍ਰਿਫਤਾਰੀ, ਫਰਜ਼ੀ ਮੁਠਭੇੜ, ਪੁਲਿਸ ਜਿਆਦਤੀਆਂ, ਮਹਿਲਾਵਾਂ ਦੀ ਬੇਇਜਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿੱਆਚਾਰ, ਬਾਲ ਮਜਦੂਰੀ, ਬਾਲ ਵਿਆਹ, ਬੰਧੂਆ ਮਜਦੂਰੀ, ਕੈਦੀਆਂ ਨਾਲ ਅਣਮਨੁੱਖੀ ਅਤਿੱਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅਤਿੱਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਕਾਫੀ ਜਿਆਦਾ ਹੈ।

ਪੰਜਾਬ ਵਿੱਚ ਮਾਰਚ 1997 ਵਿੱਚ ਮਨੁਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਇਸ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਵੀ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਆਯੋਗ ਵਲੋਂ ਜਾਰੀ ਸਲਾਨਾ ਰਿਪੋਰਟ ਅਨੁਸਾਰ ਆਯੋਗ ਕੋਲ ਲੱਗਭੱਗ 12046 ਸ਼ਿਕਾਇਤਾਂ ਪਹੁੰਚੀਆਂ ਹਨ ਜਿਨ੍ਹਾਂ ਵਿੱਚੋਂ 6309 ਭਾਵ 52 ਫਿਸਦੀ ਪੁਲਿਸ ਵਧੀਕੀਆਂ ਨਾਲ ਸਬੰਧਤ ਸਨ ਜਿਨ੍ਹਾਂ ਵਿੱਚੋਂ 3255 ਕਾਨੂੰਨੀ ਕਾਰਵਾਈ ਕਰਨ ਵਿੱਚ ਅਸਫਲ ਰਹਿਣ, 1333 ਸ਼ਕਤੀ ਦੀ ਦੁਰਵਰਤੋਂ ਅਤੇ 854 ਪੁਲਿਸ ਦੁਆਰਾ ਝੂਠੇ ਉਲੰਘਣ ਨਾਲ ਸਬੰਧਤ ਸਨ। ਕਮਿਸ਼ਨ ਨੇ 53 ਮਾਮਲਿਆਂ ਵਿੱਚ ਖੁਦ-ਬ-ਖੁਦ ਕਾਰਵਾਈ ਕੀਤੀ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ। ਸਭ ਤੋਂ ਵੱਧ 1749 ਸ਼ਿਕਾਇਤਾਂ ਦੇ ਨਾਲ ਲੁਧਿਆਣਾ ਜ਼ਿਲ੍ਹਾ ਸਭ ਤੋਂ ਉੱਪਰ ਹੈ ਅਤੇ ਰੂਪਨਗਰ ਜਿਲ੍ਹੇ ਤੋਂ ਸਭ ਤੋਂ ਘੱਟ 117 ਸਿਕਾਇਤਾਂ ਪ੍ਰਾਪਤ ਹੋਈਆਂ ਹਨ।

ਪਿਛਲੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੇ ਕਈ ਮਾਮਲਿਆਂ ਨੇ ਤਾਂ ਪੂਰੀ ਦੁਨੀਆਂ ਵਿੱਚ ਸਾਨੂੰ ਸ਼ਰਮਸਾਰ ਕਰ ਦਿੱਤਾ ਹੈ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ਼ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁਖੀ ਅਧਿਕਾਰ ਸੁਰਖਿਅੱਤ ਰਹਿ ਸਕਣ ਅਤੇ ਇਸ ਦਿਨ ਨੂੰ ਮਨਾਉਣ ਦਾ ਮਹੱਤਵ ਕਾਇਮ ਰਹਿ ਸਕੇ।




ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਪਰ ਜੇਲ੍ਹਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਨੂੰ ਰੋਕਣ ਵਿੱਚ ਅਸਮਰੱਥ ਸੀ ਜਿਸ ਵਿੱਚ ਲਾਪਰਵਾਹੀ ਕਾਰਨ ਪਿਤਾ ਸਟੈਨ ਸਵਾਮੀ ਦੀ ਦੁਖਦਾਈ ਮੌਤ ਵੀ ਸ਼ਾਮਲ ਹੈ। ਸਾਂਝੀ ਰਿਪੋਰਟ ਨੂੰ 400 ਤੋਂ ਵੱਧ ਸੰਸਥਾਵਾਂ ਅਤੇ ਵਿਅਕਤੀਆਂ ਦੁਆਰਾ ਸਮੱਰਥਨ ਦਿੱਤਾ ਗਿਆ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸੁਤੰਤਰਤਾ ਦੀ ਘਾਟ ਤੇ ਚਿੰਤਾ ਪਹਿਲਾਂ ਵੀ ਕੀਤੀ ਗਈ ਸੀ ਜਦੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਅਰੁਣ ਕੁਮਾਰ ਮਿਸ਼ਰਾ ਨੂੰ ਕਮਿਸ਼ਨ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ।

# ਪੁਸਤਕ ਸਮੀਖਿਆ

## ਅੰਮ੍ਰਿਤ ਕਾਲ ਤੱਕ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਨਵਤੇਜ ਗੜ੍ਹਦੀਵਾਲਾ**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ,**
**ਪੰਨੇ:116, ਮੁੱਲ: 200/-**

ਸਮਿਆਂ ਦੇ ਹਾਣ ਦੀ ਕਵਿਤਾ ਰਚਣ ਵਾਲਾ ਵਿਲੱਖਣ ਸ਼ਾਇਰ ਨਵਤੇਜ ਗੜ੍ਹਦੀਵਾਲਾ ਸਾਹਿਤ ਜਗਤ ਵਿਚ ਨਿਵੇਕਲਾ ਸਥਾਨ ਰੱਖਦਾ ਹੈ। ਉਸਦੀ ਸ਼ਾਇਰੀ ਕਿਸੇ ਹੋਰ ਨਾਲ ਮੇਲ ਨਹੀਂ ਖਾਂਦੀ। ਉਸਨੇ ਧੁੱਪ ਦੀ ਤਲਾਸ਼ ਅਤੇ ਸੂਰਜ ਦਾ ਹਲਫੀਆ ਬਿਆਨ ਦੋ ਕਾਵਿ ਸੰਗ੍ਰਹਿ ਅਤੇ ਸਤਿਗੁਰ ਰਵਿਦਾਸ ਬਾਣੀ: ਕ੍ਰਾਂਤੀਕਾਰੀ ਸੰਦੇਸ਼ ਵੱਡ ਅਕਾਰੀ ਖੋਜ ਭਰਪੂਰ ਪੁਸਤਕ ਵੀ ਪਾਠਕਾਂ ਦੇ ਸਨਮੁੱਖ ਕੀਤੀ ਹੈ। ਇਹਨਾਂ ਪੁਸਤਕਾਂ ਨੂੰ ਸਾਹਿਤ ਜਗਤ ਦੇ ਅਲੋਚਕਾਂ ਨੇ ਦੋਨੀਂ ਹੱਥੀਂ ਕਬੂਲਿਆ ਹੈ। ਤੀਸਰਾ ਕਾਵਿ ਸੰਗ੍ਰਹਿ 'ਅੰਮ੍ਰਿਤ ਕਾਲ ਤਕ' ਸਾਡੇ ਹੱਥਾਂ ਵਿਚ ਹੈ। ਇਸ ਵਿਚ ਸ਼ਾਮਲ ਕਵਿਤਾਵਾਂ ਪੁਰਾਤਨ ਸਮੇਂ ਦੀਆਂ ਸ਼੍ਰੁਤੀਆਂ ਵਿਚ ਛੁਪਿਆ ਪਿਆ ਸਮਾਜਕ ਲੁੱਟ ਦਾ ਸਮਾਨ ਆਧੁਨਿਕ ਸਮੇਂ ਤਕ ਪੈਂਦੇ ਪ੍ਰਛਾਵਿਆਂ ਰਾਹੀਂ ਦਿਖਾਇਆ ਗਿਆ ਹੈ। ਭਾਰਤ ਦੇ ਹਾਸ਼ੀਆਗ੍ਰਸਤ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕੀਤਾ ਗਿਆ ਹੈ। ਰਾਜੇ ਦੀ ਹੁਕਮ ਨੂੰ ਇਲਾਹੀ ਹੁਕਮ ਕਹਿਣਾ ਕਿਥੋਂ ਦਾ ਲੋਕਤੰਤਰ ਹੈ ? ਕੁਝ ਅਜਿਹੇ ਸਵਾਲ ਇਹਨਾਂ ਕਵਿਤਾਵਾਂ ਰਾਹੀਂ ਉਪਜਾਏ ਗਏ ਹਨ। ਰਿਸ਼ੀਆਂ ਮੁਨੀਆਂ ਅਤੇ ਧਾਰਮਿਕ ਗਰੰਥਾਂ ਵਿਚ ਪਾਏ ਮਨੁੱਖੀ ਪਾੜੇ ਨੂੰ ਭੰਡਿਆ ਗਿਆ ਹੈ। ਮਨੁੱਖੀ ਸੋਚ ਨੂੰ ਆਧੁਨਿਕ ਸਮੇਂ ਦੀ ਹਾਣੀ ਬਨਾਉਣ ਲਈ ਨੈਤਿਕਤਾ ਦਾ ਪਾਠ ਪੜ੍ਹਾਇਆ ਗਿਆ ਹੈ।

ਅੰਮ੍ਰਿਤ ਕਾਲ ਤਕ ਦੇ ਸਫਰ ਵਿਚ ਵਾਪਰਦੇ ਸਭ ਵਰਤਾਰਿਆਂ ਨੂੰ ਬੜੀ ਮਹੀਨ ਨਜ਼ਰ ਨਾਲ ਪੜਚੋਲਿਆ ਗਿਆ ਹੈ। ਨਾਰੀ ਤੇ ਹੁੰਦੇ ਅਤਿਆਚਾਰ ਦੇ ਦੋਸ਼ੀਆਂ ਨੂੰ ਵੀ ਕਟਹਿਰੇ ਵਿਚ ਖੜਾ ਕੀਤਾ ਹੈ। ਪ੍ਰਦੇਸੀ ਵਸਦੇ ਪੁੱਤਰਾਂ ਦਾ ਹੇਰਵਾ ਅਤੇ ਮਾਵਾਂ ਦਾ ਦਰਦ ਵੀ ਭਲੀ ਭਾਂਤ ਬਿਆਨਿਆ ਹੈ। ਸਮਾਜ ਵਿਚ ਵਰਤ ਰਹੇ ਪਰਿਵਰਤਨਾਂ ਦਾ ਮੁੱਖ ਕਾਰਨ ਸਾਡੇ ਦਿਲ ਦਿਮਾਗ ਤੇ ਮੰਡੀ ਦਾ ਕਬਜ਼ਾ ਹੋਣਾ ਹੈ। ਸਾਜਿਸ਼ਾਂ ਤਹਿਤ ਮਾਨਵੀ ਕਦਰਾਂ ਕੀਮਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਜਿਸ ਕਾਰਨ ਦੇਸ਼ ਵਾਸੀ ਇਕ ਭਰਮ ਵਿਚ ਜੀਵਨ ਜੀਓ ਰਹੇ ਹਨ। ਇਹ ਗਰੀਬੀ ਉਹਨਾਂ ਦੇ ਕਰਮਾਂ ਦਾ ਸਿੱਟਾ ਨਹੀਂ ਸਗੋਂ ਰਾਜਸੀ ਚਾਲਾਂ ਦੇ ਦੁਖਦਾਈ ਨਤੀਜੇ ਹਨ। ਕਵੀ ਬੜੀ ਦਲੇਰੀ ਨਾਲ ਮੌਕੇ ਦੇ ਹਾਕਮਾਂ ਨੂੰ ਆਪਣੇ ਗਿਰੇਵਾਨ ਅੰਦਰ ਝਾਕਣ ਦੀ ਨਸੀਹਤ ਕਰਦਾ ਹੈ। ਉਸਨੂੰ ਉਹ ਦਿਨ ਦੂਰ ਦਿਖਾਈ ਨਹੀਂ ਦਿੰਦਾ ਜਦੋਂ ਇਹ ਦੱਬੇ ਕੁਚਲੇ ਲੋਕ ਰਾਜ ਸਿੰਘਾਸਣ ਤਕ ਪੁੱਜ ਜਾਣਗੇ। ਇਸ ਵਿਸ਼ੇ ਨੂੰ ਗਊ ਦਾ ਜਾਇਆ ਕਵਿਤਾ ਵਿਚ ਬਾਖੂਬੀ ਨਿਖਾਰਿਆ ਤੇ ਵਿਚਾਰਿਆ ਗਿਆ ਹੈ।




ਸਾਨ੍ਹ ਦਾ ਕੌਣ ਸਾਨੀ ਸੀ
ਗੁੱਝੀ ਪਟਾਰੀ ਚੋਂ ਪੁਜਾਰੀ ਨੇ
ਆਪ ਬਣਾਏ ਰੱਬੀ ਸ਼ਬਦਾਂ ਦੀ ਪੁੜੀ
ਸਾਨ੍ਹ ਦੇ ਕੰਨਾਂ ਵਿਚ
ਧੁਖਾ ਦਿੱਤੀ
ਧਰਮ ਦੀ ਵੰਝਲੀ

ਉਸਦੇ ਮੱਥੇ ਵਿਚ ਗਡਾ ਦਿੱਤੀ
ਅਗਲੇ ਜਨਮ ਪੂਜਨੀਕ ਹੋਣ
ਲਈ
ਉਸਦੇ ਭਗਤੀ ਦੀ ਨੱਥ
ਪਾ ਦਿੱਤੀ
ਨੱਥ ਦੀ ਡੋਰ ਰਾਜੇ ਹੱਥ ਫੜਾ
ਦਿੱਤੀ।

ਇਸ ਤਰ੍ਹਾਂ ਮਨੁੱਖ ਨੂੰ ਰਾਜਿਆਂ ਅਤੇ ਪੁਜਾਰੀਆਂ ਨੇ ਧਰਮ ਦਾ ਡਰ ਪਾ ਕੇ ਉਹਨਾਂ ਨੂੰ ਗਰੀਬ ਹੀ ਰਹਿਣ ਦਿੱਤਾ। ਇਸ ਤਰ੍ਹਾਂ ਕਵੀ ਇਕ ਵਿਗਿਆਨਕ ਸੋਚ ਦਾ ਪ੍ਰਚਾਰ ਅਤੇ ਪ੍ਰਸਾਰ ਵੀ ਕਰਦਾ ਹੈ ਜਿਸ ਨਾਲ ਲੁਕਾਈ ਦੀ ਜਿੰਦ ਜਾਨ ਸੁਖਾਲੀ ਹੋ ਸਕੇ। ਇਕ ਹੋਰ ਕਵਿਤਾ ਮਾਂ ਨੂੰ ਤਾਂ ਸ਼ਰਮ ਆਉਂਦੀ ਹੈ ਦੀਆਂ ਕੁੱਝ ਸਤ੍ਹਰਾਂ ਸਾਨੂੰ ਸੁਚੇਤ ਕਰਦੀਆਂ ਹਨ:


ਪਰ ਅਜਕਲ ਸੁਤੰਤਰਤਾ ਦੀ ਜਾਈ
ਕਿਉਂ ਕਿਸੇ ਇਸ਼ਾਰੇ ਤੇ
ਟੀ.ਵੀ.ਦੀ ਸਕਰੀਨ ਤੇ
ਸਾਬਣ ਮਲ਼ ਮਲ਼ ਪਿੰਡੇ ਨਹਾਉਂਦੀ ਤੇ
ਉਹ ਬੇਸ਼ਰਮ ਜਿਹੀ ਕੁੜਤੀ ਕਿਉਂ ਪਾਉਂਦੀ ਹੈ?

ਵਿਸ਼ਵੀਕਰਨ ਦੀ ਅੰਨ੍ਹੀ ਦੌੜ ਵਿਚ ਗੁਆਚ ਰਹੇ ਮਨੁੱਖੀ ਸੱਭਿਆਚਾਰ ਦੇ ਕੀਮਤੀ ਰਸਮ ਰਿਵਾਜ਼ਾਂ ਦੀ ਸਾਂਭ ਸੰਭਾਲ ਦੀ ਵੀ ਚਿੰਤਾ ਖਾ ਰਹੀ ਹੈ। ਸ਼ਬਦ ਦੀ ਸ਼ਕਤੀ ਨੂੰ ਪਛਾਨਣ ਲਈ ਉਹ ਬਚਪਨ ਨੂੰ ਸੰਭਾਲਣ ਲਈ ਸੁਚੇਤ ਕਰਦਾ ਹੈ। ਪੂਰੇ ਵਿਸ਼ਵ ਦੇ ਵੱਖ-ਵੱਖ ਕੋਨਿਆਂ ਵਿਚ ਹੋ ਰਹੇ ਦੰਗੇ ਫਸਾਦ ਤੇ ਜੰਗਾਂ ਮਨੁੱਖੀ ਨਸਲ ਦਾ ਘਾਣ ਕਰ ਰਹੀਆਂ ਹਨ। ਇਹ ਸਾਰਾ ਕੁੱਝ ਹਕੂਮਤਾਂ ਦੀ ਦੇਣ ਹੈ ਜਦਕਿ ਸਾਰੇ ਮਨੁੱਖ ਸ਼ਾਂਤੀ ਨਾਲ ਜਿਊਣਾ ਚਾਹੁੰਦੇ ਹਨ। ਇਹਨਾਂ ਗੰਭੀਰ ਵਿਸ਼ਿਆਂ ਤੇ ਇਸ ਪੁਸਤਕ ਵਿਚ ਬੜੀ ਗੰਭੀਰਤਾ ਨਾਲ ਚਿੰਤਨ ਅਤੇ ਚਿੰਤਾ ਕੀਤੀ ਗਈ ਹੈ। ਇਹ ਖੁਲ੍ਹੀਆਂ ਕਵਿਤਾਵਾਂ ਪਾਠਕ ਦੇ ਮਨ ਮਸਤਕ ਅੰਦਰ ਕਈ ਸਵਾਲ ਪੈਦਾ ਕਰਦੀਆਂ ਹਨ। ਇਹ ਸਵਾਲ ਪਾਠਕ ਨੂੰ ਕੁੱਝ ਨਵਾਂ ਤੇ ਨਰੋਆ ਸੋਚਣ ਵਿਚਾਰਨ ਅਤੇ ਕੁੱਝ ਕਰਨ ਲਈ ਤਿਆਰ ਕਰਦੇ ਹਨ। ਉਹਨਾਂ ਹੱਥ ਡਾ. ਭੀਮ ਰਾਓ ਦੁਆਰਾ ਦਿੱਤੀ ਸੰਵਿਧਾਨ ਦੀ ਤਾਕਤ ਨੂੰ ਪਛਾਨਣ ਦੀ ਸੋਚ ਉਪਜਾਈ ਗਈ ਹੈ। ਕਵੀ ਨੇ ਪੁਸਤਕ ਵਿਚ ਟੱਪੇ ਸ਼ਾਮਿਲ ਕਰਕੇ ਇਸਦੇ ਵਿਸ਼ੇ ਵਸਤੂ ਵਿਚ ਵੰਨ-ਸੁਵੰਨਤਾ ਲੈ ਆਂਦੀ ਹੈ। ਧਰਮ ਮਨੁੱਖ ਨੂੰ ਜੋੜਦਾ ਹੈ ਨਾ ਕਿ ਤੋੜਦਾ। ਇਸ ਤਰ੍ਹਾਂ ਇਸ ਪੁਸਤਕ ਰਾਹੀਂ ਮਨੁੱਖ ਨੂੰ ਰਾਜਸੀ ਚਾਲਾਂ ਪ੍ਰਤੀ ਸੁਚੇਤ ਕਰਦਿਆ ਉਹਨਾਂ ਦੀ ਅਣਖ ਨੂੰ ਵੰਗਾਰਿਆ ਗਿਆ ਹੈ। ਪੁਸਤਕ ਵਿਚ ਸ਼ਾਮਲ ਹਰ ਕਵਿਤਾ ਕਵੀ ਨਵਤੇਜ ਗੜਦੀਵਾਲਾ ਦੀ ਉੱਚੀ-ਸੁੱਚੀ ਤੇ ਮਾਨਵੀ ਕਲਿਆਣ ਵਾਲੀ ਸੋਚ ਦਾ ਪ੍ਰਗਟਾਵਾ ਕਰਦੀ ਹੈ।

## ਰੁੱਤਾਂ ਦਾ ਗੀਤ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਨਾਟਕਕਾਰ: ਮਦਨ ਵੀਰਾ**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**
**ਪੰਨੇ: 16, ਮੁੱਲ: 120/-**

ਪੰਜਾਬੀ ਸਾਹਿਤ ਜਗਤ ਦੇ ਬੁਲੰਦ ਹਸਤਾਖਰ ਨੇ ਮਦਨ ਵੀਰਾ। ਉਸਨੇ ਕਾਵਿ ਸਿਰਜਣਾ, ਸੰਪਾਦਨਾ, ਅਨੁਵਾਦ ਅਤੇ ਪ੍ਰਕਾਸ਼ਨ ਆਦਿ ਖੇਤਰਾਂ ਵਿਚ ਸੰਦਲੀ ਪੈੜਾਂ ਪਾਈਆਂ ਹਨ। ਉਸਦੀਆਂ ਅੱਧੀ ਦਰਜਨ ਤੋਂ ਵੱਧ ਕਾਵਿ ਪੁਸਤਕਾਂ ਪ੍ਰਕੀਸਤ ਹੋ ਚੁਕੀਆਂ ਹਨ। ਜਿਨ੍ਹਾਂ ਵਿਚੋਂ ਕੁਝ ਨੂੰ ਵੱਕਾਰੀ ਸੰਸਥਾਵਾਂ ਵਲੋਂ ਪੁਰਸਕਾਰ ਵੀ ਮਿਲੇ ਹਨ।ਇਹਨਾਂ ਪੁਸਤਕਾਂ ਨੂੰ ਭਾਰਤ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਵੀ ਸ਼ਾਮਲ ਕੀਤਾ ਗਿਆ ਹੈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਜੁਟੀਆਂ ਸੰਸਥਾਵਾਂ ਵਿਚ ਵੀ ਉਸਦੀ ਅਹਿਮ ਭੂਮਿਕਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਅਸੀਂ ਚਾਰ ਮੈਂਬਰ ਮਦਨ ਵੀਰਾ, ਸਾਂਵਲ ਧਾਮੀ, ਸ਼ਮਸ਼ੇਰ ਮੋਹੀ ਅਤੇ ਬਲਜਿੰਦਰ ਮਾਨ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਦੀ ਅਗਵਾਈ ਹੇਠ 14 ਮੈਂਬਰੀ ਸੰਪਾਦਕੀ ਬੋਰਡ ਵਿਚ ਵੀ ਪੰਜਾਬੀ ਭਾਸ਼ਾ ਅਤੇ ਸਿਲੇਬਸ ਦੀ ਸੋਧ ਸੁਧਾਈ ਦੀਆਂ ਜਿੰਮੇਵਾਰੀਆਂ ਨਿਭਾਉਂਦੇ ਰਹੇ। ਇਸ ਤਰ੍ਹਾਂ ਮਦਨ ਵੀਰਾਂ ਨੇ ਆਪਣੀ ਸਾਹਿਤ ਸਾਧਨਾ ਨਾਲ ਹਰ ਖੇਤਰ ਵਿਚ ਆਪਣੇ ਨਿਵੇਕਲੇ ਰਚਨਾ ਸੰਸਾਰ ਦੀ ਚਰਚਾ ਕਰਵਾਈ ਹੈ। ਹੁਣ ਉਹਨਾਂ ਬਾਲ ਸਾਹਿਤ ਦੇ ਮੈਦਾਨ ਵਿਚ ਵੀ ਪਟਕੇ ਦੀ ਕੁਸ਼ਤੀ ਲੜਨ ਲਈ ਕਮਰ ਕੱਸੇ ਕੱਸ ਲਏ ਹਨ। ਵਿਚਾਰ ਅਧੀਨ ਪੁਸਤਕ 'ਰੁੱਤਾਂ ਦੇ ਗੀਤ' ਵਿਚ ਦੋ ਬਾਲ ਕਾਵਿ ਨਾਟਕ ਸ਼ਾਮਲ ਕੀਤੇ ਗਏ ਹਨ। ਇਹ ਰੰਗਦਾਰ ਪੁਸਤਕ ਆਰਟ ਪੇਪਰ ਤੇ ਕੰਪਿਊਟਰ ਚਿੱਤਰਾਂ ਸਮੇਤ ਛਾਪੀ ਗਈ ਹੈ। ਪਹਿਲੇ ਨਾਟਕ ਵਿਚ ਰੁੱਤਾਂ ਦੇ ਚੱਕਰ ਬਾਰੇ ਰੌਚਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਬਾਲ ਪਾਤਰ ਵੱਖ-ਵੱਖ ਰੁੱਤਾਂ ਦੀ ਮਹੱਤਤਾ ਬਾਰੇ ਰੌਸ਼ਨੀ ਪਾਉਂਦੇ ਹੋਏ ਅਨੰਦ ਮਾਣਦੇ ਹਨ। ਮੀਂਹ ਦੀ ਕਿਣ-ਮਿਣ ਅਤੇ ਬੱਦਲਾਂ ਦੀ ਗੜ੍ਹ ਗੜ੍ਹ ਬੱਚਿਆਂ ਦੇ ਮਨਾ ਅੰਦਰ ਨਵੇਂ ਚਾਅ ਪੈਦਾ ਕਰਦੀ ਹੈ। ਵੱਖ-ਵੱਖ ਰੁੱਤਾਂ ਵਿਚ ਬੱਚੇ ਕਿਵੇਂ ਵਿਚਰਦੇ ਹਨ। ਇਸ ਵਿਸ਼ੇ ਨੂੰ ਵੀ ਬੜੀ ਰੌਚਕ ਕਾਵਿ ਸੰਵਾਦ ਰਾਹੀਂ ਪੇਸ਼ ਕੀਤਾ ਹੈ। ਦੂਸਰਾ ਨਾਟਕ ਹੈ ਪਰੂ ਦਾ ਸੁਪਨਾ। ਜਿਸ ਵਿਚ ਨਿੱਕੀ ਬੱਚੀ ਨੂੰ ਸੁਪਨੇ ਵਿਚ ਇਕ ਭਲਾ ਪੁਰਸ਼ ਧਰਤੀ ਤੇ ਫੈਲ ਰਹੇ ਪ੍ਰਦੂਸ਼ਣ ਬਾਰੇ ਸੁਚੇਤ ਕਰਦਾ ਹੈ।




ਉਹ ਸੁਪਨੇ ਬਾਰੇ ਆਪਣੀ ਮੰਮੀ ਪਾਪਾ ਨੂੰ ਜਾਣਕਾਰੀ ਦਿੰਦੀ ਹੋਈ ਸੁਚੇਤ ਕਰਦੀ ਹੈ ਕਿ ਧਰਤੀ ਤੇ ਜੀਵਨ ਨੂੰ ਬਚਾਉਣ ਵਾਸਤੇ ਸਾਨੂੰ ਬਹੁਤ ਕੁਝ ਨਰੋਆ ਕਰਨ ਦੀ ਜ਼ਰੂਰਤ ਹੈ। ਮਦਨ ਵੀਰਾ ਦੇ ਦੋਨੋਂ ਨਾਟਕ ਬਾਲ ਜੀਵਨ ਨੂੰ ਮਨੋਰੰਜਕ ਢੰਗ ਨਾਲ ਸ਼ਿੰਗਾਰਨ ਅਤੇ ਸੁਆਰਨ ਵਾਲੇ ਹਨ। ਪਰ ਇਹ ਦੋਨੋਂ ਨਾਟਕ ਵਿਸਥਾਰ ਦੀ ਮੰਗ ਕਰਦੇ ਹਨ। ਕਈ ਪੱਖਾਂ ਬਾਰੇ ਅਜੇ ਹੋਰ ਸੰਵਾਦ ਰਚਾਇਆ ਜਾ ਸਕਦਾ ਸੀ। ਰੁੱਤਾਂ ਬਾਰੇ ਵੀ ਕਈ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਜੇਕਰ ਫੌਂਟ ਸਾਈਜ਼ ਥੋੜ੍ਹਾ ਮੋਟਾ ਅਤੇ ਚਿੱਤਰਾਂ ਤੇ ਗੌਰ ਕੀਤੀ ਜਾਂਦੀ ਤਾਂ ਪੁਸਤਕ ਦਾ ਮੁੱਲ ਦੂਣ ਸਵਾਇਆ ਹੋ ਜਾਣਾ ਸੀ। ਇਸ ਸਭ ਕਾਸੇ ਦੇ ਬਾਵਜੂਦ ਮਦਨ ਵੀਰਾ ਦੀ ਇਸ ਪਹਿਲੀ ਪਰੇਠੀ ਪੁਸਤਕ ਦਾ ਬਾਲ ਸਾਹਿਤ ਜਗਤ ਵਿਚ ਨਿੱਘਾ ਸੁਆਗਤ ਹੈ।

# ਕੀ ਵਿਦੇਸ਼ੀ ਯੂਨੀਵਰਸਿਟੀਆਂ ਬਿਹਤਰ ਸਿੱਖਿਆ ਲਈ ਸਭ ਤੋਂ ਵਧੀਆ ਬਾਜ਼ੀ ਹਨ?



ਵਿਜੈ ਗਰਗ

ਭਾਰਤ ਵਿੱਚ ਵਿਦੇਸ਼ੀ ਯੂਨੀਵਰਸਿਟੀ ਕੈਂਪਸ ਕਈ ਕਾਰਨਾਂ ਕਰਕੇ ਚੰਗੇ ਹੋ ਸਕਦੇ ਹਨ ਪਰ ਉੱਚ ਸਿੱਖਿਆ ਵਿੱਚ ਸੁਧਾਰ ਉਨ੍ਹਾਂ ਵਿੱਚੋਂ ਇੱਕ ਨਹੀਂ ਹੈ ਭਾਰਤ ਵਿੱਚ ਸਥਾਪਤ ਕੀਤੀਆਂ ਜਾਣ ਵਾਲੀਆਂ ਵਿਦੇਸ਼ੀ ਯੂਨੀਵਰਸਿਟੀਆਂ ਲਈ ਨਿਯਮਾਂ ਬਾਰੇ ਤਾਜ਼ਾ ਘਛ ਨੋਟੀਫਿਕੇਸ਼ਨ ਦੇ ਨਾਲ, ਕਿਸੇ ਨਾਮਵਰ ਵਿਦੇਸ਼ੀ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰਨਾ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਲਈ ਮੁਸ਼ਕਲ ਨਹੀਂ ਹੋ ਸਕਦਾ ਹੈ। ਹਾਲ ਹੀ ਦੇ ਸਮੇਂ ਵਿੱਚ, ਉੱਚ ਸਿੱਖਿਆ ਅਤੇ ਨੌਕਰੀਆਂ ਲਈ ਭਾਰਤੀ ਵਿਦਿਆਰਥੀਆਂ ਦਾ ਵਿਦੇਸ਼ਾਂ ਵਿੱਚ ਪਲਾਇਨ ਹੋਇਆ ਹੈ। ਕੇਰਲ ਅਤੇ ਪੰਜਾਬ ਵਰਗੇ ਰਾਜਾਂ ਵਿੱਚ ਇਹ ਰੁਝਾਨ ਦਿਨੋ-ਦਿਨ ਵੱਧ ਰਿਹਾ ਹੈ। ਇਹ ਰੁਝਾਨ ਇੰਨਾ ਚਿੰਤਾਜਨਕ ਹੈ ਕਿ ਸਕੂਲੀ ਪੜ੍ਹਾਈ ਤੋਂ ਬਾਅਦ ਵੀ, ਵਿਦਿਆਰਥੀ ਮਾਂ ਦੇ ਦੇਸ਼ ਨੂੰ ਛੱਡ ਦਿੰਦੇ ਹਨ, ਅਤੇ ਬਹੁਤ ਸਾਰੇ ਲੋਕ ਆਲੀਸ਼ਾਨ ਘਰਾਂ ਵਿੱਚ ਰਹਿਣ ਵਾਲੇ ਬਜ਼ੁਰਗ ਜੋੜਿਆਂ ਦੀ ਇੱਕ ਪੀੜ੍ਹੀ ਦੀ ਭਵਿੱਖਬਾਣੀ ਕਰਦੇ ਹਨ। ਲੋਕ ਪਰਦੇਸੀ ਦੇਸ਼ਾਂ ਵੱਲ ਕਿਉਂ ਜਾ ਰਹੇ ਹਨ? ਕੀ ਇਹ ਸਾਡੇ ਦੇਸ਼ ਵਿੱਚ ਮਿਆਰੀ ਸਿੱਖਿਆ ਦੀ ਘਾਟ ਕਾਰਨ ਹੈ? ਕੀ ਇਹ ਸਾਡੇ ਵਿਦਿਅਕ ਅਦਾਰਿਆਂ ਵਿੱਚ ਮਾੜੇ ਬੁਨਿਆਦੀ ਢਾਂਚੇ ਦੀ ਘਾਟ ਹੈ? ਜਾਂ ਕੀ ਇਹ ਬਸਤੀਵਾਦੀ ਮਾਨਸਿਕਤਾ ਹੈ ਜਿਸ ਨੇ ਸਾਨੂੰ ਵਿਦੇਸ਼ਾਂ ਨੂੰ ਆਪਣੇ ਦੇਸ਼ ਨਾਲੋਂ ਬਿਹਤਰ ਸਮਝਿਆ? ਜੇਕਰ ਅਸੀਂ ਇਸ ਕੂਚ ਦੇ ਪਿੱਛੇ ਦੇ ਮੁੱਦਿਆਂ ਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਇੱਥੇ ਬਹੁਤ ਸਾਰੇ ਮੁੱਦੇ ਹਨ, ਅਤੇ ਇੱਕ ਸਮੱਸਿਆ ਨੂੰ ਦਰਸਾਉਣਾ ਚੁਣੌਤੀਪੂਰਨ ਹੈ। ਸਾਡੀ ਉੱਚ ਸਿੱਖਿਆ ਵਿੱਚ ਇੱਕ ਮੁੱਖ ਮੁੱਦਾ ਸਾਡੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਅਪਣਾਈਆਂ ਜਾਣ ਵਾਲੀਆਂ ਬੇਲੋੜੀਆਂ ਪ੍ਰਬੰਧਕੀ ਪ੍ਰਕਿਰਿਆਵਾਂ ਹਨ। ਗੁੰਝਲਦਾਰ ਵਿਸ਼ਿਆਂ ਨੂੰ ਸਿੱਖਣ ਨਾਲੋਂ ਇਨ੍ਹਾਂ ਸੰਸਥਾਵਾਂ ਦੇ ਪ੍ਰਬੰਧਕੀ ਲੋਕਾਂ ਨਾਲ ਨਜਿੱਠਣਾ ਵਧੇਰੇ ਚੁਣੌਤੀਪੂਰਨ ਹੈ। ਇਨ੍ਹਾਂ ਅਦਾਰਿਆਂ ਵਿੱਚ ਡਾਕਟਰੇਟ ਦੀਆਂ ਡਿਗਰੀਆਂ ਕਰਨ ਵਾਲੇ ਵਿਦਿਆਰਥੀਆਂ ਦਾ ਅੱਧਾ ਲਾਭਕਾਰੀ ਸਮਾਂ ਪ੍ਰਸ਼ਾਸਨ ਵਿੱਚ ਲੋਕਾਂ ਨੂੰ ਨੱਥ ਪਾਉਣ ਵਿੱਚ ਬਰਬਾਦ ਹੋ ਜਾਂਦਾ ਹੈ। ਵਿਦਿਆਰਥੀਆਂ ਨੂੰ ਵੱਖ-ਵੱਖ ਸੈਕਸ਼ਨਾਂ ਤੋਂ ਇਤਰਾਜ਼ ਨਹੀਂ ਸਰਟੀਫਿਕੇਟ ਪ੍ਰਾਪਤ ਕਰਨੇ ਚਾਹੀਦੇ ਹਨ, ਇੱਥੋਂ ਤੱਕ ਕਿ ਉਨ੍ਹਾਂ ਦੇ ਕੋਰਸ ਨਾਲ ਸਬੰਧਤ ਨਾ ਹੋਣ ਵਾਲੇ ਭਾਗ ਵੀ। ਪੀਐਚਡੀ ਦੀ ਡਿਗਰੀ ਦੇਣ ਤੋਂ ਬਾਅਦ ਵੀ, ਜੇ ਵਿਦਿਆਰਥੀ ਨੈੱਟ ਛੋਟ ਸਰਟੀਫਿਕੇਟ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ ਕਾਗਜ਼ੀ ਕਾਰਵਾਈ ਦਾ ਪੂਰਾ ਚੱਕਰ ਦੁਹਰਾਉਣਾ ਪੈਂਦਾ ਹੈ। ਇਨ੍ਹਾਂ ਗੁੰਝਲਦਾਰ ਪ੍ਰਬੰਧਕੀ ਪ੍ਰਕਿਰਿਆਵਾਂ ਦੀ ਕੀ ਲੋੜ ਹੈ? ਕੀ ਇਹ ਬੇਰੁਜ਼ਗਾਰ ਸਟਾਫ਼ ਮੈਂਬਰਾਂ ਦੀ ਨੌਕਰੀ ਦੀ ਰੱਖਿਆ ਕਰਨ ਲਈ ਹੈ? ਕੁਝ ਨਵੀਂ ਪੀੜ੍ਹੀ ਦੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਜਿਵੇਂ ਕਿ ਅਕੈਡਮੀ ਆਫ਼ ਸਾਇੰਟਿਫਿਕ ਐਂਡ ਇਨੋਵੇਟਿਵ ਰਿਸਰਚ (ਏਸੀਐਸਆਈਆਰ) ਨੇ ਇਨ੍ਹਾਂ ਗੁੰਝਲਦਾਰ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਇਆ ਹੈ, ਕਾਗਜ਼ੀ ਕਾਰਵਾਈ ਨੂੰ ਘਟਾ ਦਿੱਤਾ ਹੈ ਅਤੇ ਆਪਣੀ ਵੈੱਬਸਾਈਟ 'ਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਕੰਮ ਨੂੰ ਪੂਰਾ ਕੀਤਾ ਹੈ। ਹਾਲਾਂਕਿ, ਬਹੁਗਿਣਤੀ ਅਜੇ ਵੀ ਪੁਰਾਣੇ ਸੱਭਿਆਚਾਰ ਦੀ ਪਾਲਣਾ ਕਰਦੀ ਹੈ। ਬਹੁਤ ਸਾਰੇ ਵਿਦਿਆਰਥੀ ਬਿਨਾਂ ਕਿਸੇ ਮੁਸ਼ਕਲ ਦੇ ਨਿਰਧਾਰਤ ਸਮੇਂ ਵਿੱਚ ਆਪਣੀ ਡਿਗਰੀ ਪੂਰੀ ਕਰਨ ਲਈ ਵਿਦੇਸ਼ਾਂ ਵਿੱਚ ਚਲੇ ਜਾਂਦੇ ਹਨ। ਵੱਡੇ ਪੱਧਰ 'ਤੇ ਪਲਾਇਨ ਦਾ ਦੂਜਾ ਕਾਰਨ ਵਿਦੇਸ਼ਾਂ ਵਿਚ ਉਨ੍ਹਾਂ ਦੀ ਮੁਨਾਫ਼ੇ ਵਾਲੀ ਤਨਖਾਹ ਹੈ। ਉਹ ਦਿਨ ਗਏ ਜਦੋਂ ਵਿਦਿਆਰਥੀ ਨੌਕਰੀਆਂ ਨੂੰ ਸੇਵਾ ਵਜੋਂ ਕੰਮ ਕਰਦੇ ਸਨ। ਅੱਜ ਕੱਲ੍ਹ, ਮਾਮੂਲੀ ਸਹਾਇਤਾ ਲਈ ਵੀ, ਇੱਕ ਵਿਦਿਆਰਥੀ ਮਿਹਨਤਾਨੇ ਦੀ ਉਮੀਦ ਕਰਦਾ ਹੈ। ਜਦੋਂ ਅਸੀਂ ਵਿਦਿਆਰਥੀ ਸਾਂ ਤਾਂ ਵਿਭਾਗੀ ਲਾਇਬ੍ਰੇਰੀਆਂ ਅਤੇ ਬਗੀਚਿਆਂ ਦੀ ਸਾਂਭ-ਸੰਭਾਲ ਲਈ ਆਪਣੇ ਅਧਿਆਪਕਾਂ ਦੀ ਮਦਦ ਕਰਦੇ ਸੀ। ਉੱਚ ਟਿਊਸ਼ਨ ਫੀਸਾਂ ਕਾਰਨ ਸਿਰਫ਼ ਅਮੀਰ ਵਰਗ ਦੇ ਲੋਕ ਹੀ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਲੈ ਸਕਦੇ ਸਨ। ਇਸ ਤੋਂ ਵੱਧ, ਭਾਵੇਂ ਕੋਈ ਵਿਦਿਆਰਥੀ ਭਾਰਤ ਵਿੱਚ ਕੈਂਪਸ ਵਾਲੀ ਵਿਦੇਸ਼ੀ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰਦਾ ਹੈ, ਤਾਂ ਵੀ ਉਸ ਦਾ ਸਬੰਧਤ ਦੇਸ਼ਾਂ ਵਿੱਚ ਆਪਣੇ ਮੁੱਖ ਕੈਂਪਸ ਵਿੱਚ ਪੜ੍ਹਾਈ ਕਰਨ ਦੇ ਬਰਾਬਰ ਭਾਰ ਨਹੀਂ ਹੋਵੇਗਾ। ਕਿਸੇ ਯੂਨੀਵਰਸਿਟੀ ਦੀ ਸੰਸਕ੍ਰਿਤੀ ਦਾ ਸਿੱਧਾ ਸਬੰਧ ਸਮਾਜ ਵਿੱਚ ਚੱਲ ਰਹੇ ਸੱਭਿਆਚਾਰ ਨਾਲ ਹੁੰਦਾ ਹੈ। ਇਸ ਲਈ, ਭਾਵੇਂ ਕੋਈ ਵਿਦੇਸ਼ੀ ਯੂਨੀਵਰਸਿਟੀ ਇੱਕ ਪਰਦੇਸੀ ਸੱਭਿਆਚਾਰ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦੀ ਹੈ, ਮੂਲ ਸਮਾਜਕ ਸੱਭਿਆਚਾਰ ਉਹਨਾਂ ਦੇ ਕੈਂਪਸ ਵਿੱਚ ਪ੍ਰਤੀਬਿੰਬਤ ਹੁੰਦਾ ਹੈ। ਹਾਲਾਂਕਿ ਵਿਦੇਸ਼ੀ ਯੂਨੀਵਰਸਿਟੀ ਕੈਂਪਸ ਸ਼ੁਰੂ ਕਰਨਾ ਇੱਕ ਸਵਾਗਤਯੋਗ ਕਦਮ ਹੈ, ਇਹ ਲੰਬੇ ਸਮੇਂ ਲਈ ਲਾਭ ਨਹੀਂ ਲਿਆਏਗਾ। ਇਸ ਦੀ ਬਜਾਏ, ਸਾਨੂੰ ਆਪਣੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਵਿੱਚ ਸਿੱਖਿਆ ਅਤੇ ਖੋਜ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਾਰਤ ਵੱਲ ਆਕਰਸ਼ਿਤ ਕਰਨਾ ਚਾਹੀਦਾ ਹੈ। ਦੀ ਮੌਜੂਦਗੀਸਾਡੇ ਕੈਂਪਸ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਸਾਡੀ ਅਕਾਦਮਿਕ ਗੁਣਵੱਤਾ ਵਿੱਚ ਵਾਧਾ ਕਰਨਗੇ ਅਤੇ ਸਰਕਾਰੀ ਖਜ਼ਾਨੇ ਵਿੱਚ ਪੈਸਾ ਲਿਆਉਣਗੇ। ਸਿੰਧੂ ਘਾਟੀ ਦੀ ਸਭਿਅਤਾ ਤੋਂ ਲੈ ਕੇ, ਭਾਰਤੀ ਉਪ-ਮਹਾਂਦੀਪ ਵਿੱਚ ਸਿੱਖਿਆ ਅਤੇ ਸਿੱਖਣ ਦੀ ਡੂੰਘਾਈ ਨਾਲ ਜੜ੍ਹ ਰਹੀ ਹੈ। ਸਾਡੀਆਂ ਪ੍ਰਾਚੀਨ ਯੂਨੀਵਰਸਿਟੀਆਂ, ਜਿਵੇਂ ਕਿ ਤਕਸ਼ਿਲਾ ਅਤੇ ਨਾਲੰਦਾ, ਨੇ ਦੁਨੀਆ ਭਰ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ ਹੈ। ਸਾਨੂੰ ਉਸ ਦਿਨ ਦੀ ਕਲਪਨਾ ਕਰਨੀ ਪਵੇਗੀ ਜਦੋਂ ਵਿਦੇਸ਼ਾਂ ਦੇ ਵਿਦਿਆਰਥੀ ਸਾਡੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਵਿੱਚ ਆਉਂਦੇ ਹਨ, ਅਤੇ ਅਸੀਂ ਦੂਜੇ ਦੇਸ਼ਾਂ ਵਿੱਚ ਆਪਣੇ ਯੂਨੀਵਰਸਿਟੀ ਕੈਂਪਸ ਸ਼ੁਰੂ ਕਰਦੇ ਹਾਂ। ਇੱਕ ਡ੍ਰਾਈਵਿੰਗ ਫੋਰਸ ਦੇ ਰੂਪ ਵਿੱਚ, ਇਹ ਵਿਸ਼ਵ ਭਰ ਵਿੱਚ ਭਾਰਤੀ ਕਦਰਾਂ-ਕੀਮਤਾਂ ਅਤੇ ਦਰਸ਼ਨ ਦਾ ਪ੍ਰਚਾਰ ਕਰਨ ਵਿੱਚ ਵੀ ਮਦਦ ਕਰੇਗਾ।



## ਵਿਸ਼ਵ ਗਿਆਨ ਦੇ ਪ੍ਰਤੀਕ

# ਪਹਿਲੀ ਪੰਸਦ ਕਿਵੇਂ ਬਣੇ ਗਲੋਬਲ ਸ਼ਖ਼ਸੀਅਤ ਬਾਬਾ ਸਾਹਿਬ ਡਾ. ਅੰਬੇਡਕਰ

## ਸ਼ੋਸ਼ਿਤ ਸਮਾਜ ਦੇ ਮਹਾਨ ਆਗੂ ਅਤੇ ਜਾਤ ਵਿਰੋਧੀ ਸੰਘਰਸ਼ ਦੇ ਮਹਾਂਨਾਇਕ



ਸੰਤੋਖ ਸਿੰਘ ਜੱਸੀ
91-70876-19800

ਵਿਸ਼ਵ ਦੀ 8 ਅਰਬ 3 ਕਰੋੜ ਆਬਾਦੀ ਵਿੱਚੋਂ ਭਾਰਤ ਦੀ 1 ਅਰਬ 42 ਕਰੋੜ ਆਬਾਦੀ ਵਿੱਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਇੱਕ ਕੋਹਿਨੂਰ ਹੀਰਾ ਹਨ। ਜਿਹਨਾਂ ਨੇ ਦੁਨੀਆਂ ਦੇ 195 ਦੇਸ਼ਾਂ, 7 ਮਹਾਂਦੀਪਾਂ, 4 ਦਿਸ਼ਾਵਾਂ 'ਚ ਇੱਕ ਮਹਾਨ ਵਿਦਵਾਨ, ਦਾਰਸ਼ਨਿਕ, ਅਰਥ ਸ਼ਾਸਤਰੀ, ਔਰਤਾਂ ਦੇ ਮਸੀਹਾ ਅਤੇ ਕਾਨੂੰਨ, ਸਮਾਜ, ਮਾਨਵ, ਭਾਸ਼ਾ, ਰਾਜਨੀਤਿਕ ਵਿਗਿਆਨੀ, 64 ਵਿਸ਼ਿਆਂ ਤੇ 9 ਭਾਸ਼ਾਵਾਂ ਦੇ ਮਾਹਿਰ, ਆ-ਧੁਨਿਕ ਭਾਰਤ ਦੇ ਬਾਨੀ, ਪਿਤਾਮਾ ਅਤੇ ਭਾਰਤੀ ਸੰਵਿਧਾਨ ਦੇ ਮੁੱਖ ਕਰਤਾ ਬਣ ਕੇ ਆਪਣੀ ਅਦੁੱਤੀ ਤੇ ਬੇਮਿਸਾਲ ਪ੍ਰਤਿਭਾ ਨਾਲ਼ ਦੁਨੀਆਂ ਨੂੰ ਸੁੱਖਮਈ ਬਣਾਉਣ ਲਈ ਜ਼ਿੰਦਗੀ ਦਾ ਸੁਨਹਿਰੀ ਸਮਾਂ ਕੁਰਬਾਨ ਕਰਕੇ ਇਤਿਹਾਸ ਦੇ ਸੁਨਹਿਰੇ ਪੰਨੇ ਆਪਣੇ ਨਾਮ ਦਰਜ ਕਰਵਾ ਲਿਆ।

ਸਦੀਆਂ ਦੇ ਲਤਾੜੇ, ਪਛਾੜੇ, ਮਜ਼ਲੂਮ ਲੋਕਾਂ ਦੀ ਦਰਦਭਰੀ ਪੁਕਾਰ ਰੰਗ ਲਿਆਈ, ਜਦੋਂ ਭਾਰਤ ਭੂਮੀ 'ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਪੈਦਾ ਹੋਏ। ਉਹਨਾਂ ਕਠਿਨ ਹਾਲਾਤਾਂ ਦੇ ਬਾਵਜੂਦ ਵਿਸ਼ਵ ਪੱਧਰ ਦਾ ਉਚਤਮ ਗਿਆਨ ਪ੍ਰਾਪਤ ਕੀਤਾ ਅਤੇ ਆਪਣਾ ਸਭ ਕੁਛ ਸ਼ੋਸ਼ਿਤ, ਪੀੜਤ, ਜਾਤੀਵਾਦ ਦੇ ਸ਼ਿਕਾਰ ਲੋਕਾਂ ਦੇ ਹਿੱਤ-ਸੁੱਖ ਲਈ ਕੁਰਬਾਨ ਕਰ ਦਿੱਤਾ। ਉਹ ਪੈਰ-ਪੈਰ 'ਤੇ ਅਪਮਾਨਿਤ ਕੀਤੇ ਗਏ, ਫਿਰ ਵੀ ਮਨੁੱਖਤਾ ਦੇ ਇਤਿਹਾਸ ਅੰਦਰ ਏਨੀਆਂ ਪ੍ਰਾਪਤੀਆਂ ਕਰ ਗਏ ਕਿ ਦੁਨੀਆਂ ਅੱਜ ਉਹਨਾਂ ਦੇ ਨਾਂਅ ਦੀ ਮਿਸਾਲ ਦਿੰਦੀ ਹੈ। ਉਹਨਾਂ ਦੀਆਂ ਲਿਖਤਾਂ, ਉਹਨਾਂ ਦੇ ਵਿਚਾਰ, ਉਹਨਾਂ ਦੇ ਅਨੁਭਵ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਹਮੇਸ਼ਾਂ ਪ੍ਰੇਰਣਾਦਾਇਕ ਬਣੇ ਰਹਿਣਗੇ। ਉਹ ਰਾਜਨੀਤਿਕ, ਸਮਾਜਿਕ, ਧਾਰਮਿਕ ਤਬਦੀਲੀ ਲਈ ਪ੍ਰਚਾਰ ਕਰਨ ਵਾਲ਼ੇ, ਸਮਾਜਿਕ ਨਿਆਂ ਤੇ ਸਮਾਜਿਕ ਸਮਾਨਤਾ ਲਈ ਬੇਖ਼ੌਫ਼ ਨਿਡਰ ਯੋਧੇ ਸਨ।



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਲੱਗਾ ਆਦਮਕੱਦ ਬੁੱਤ ਸੰਸਦ ਵੱਲ ਇਸ਼ਾਰਾ ਕਰਦਾ ਹੋਇਆ।

ਬਾਬਾ ਸਾਹਿਬ ਆਪਣੇ ਸਮਾਜ ਦੀਆਂ ਜੜ੍ਹਾਂ ਨਾਲ਼ ਮੁੱਢ ਤੋਂ ਜੁੜ੍ਹੇ ਹੋਏ ਸਨ। ਉਹਨਾਂ ਨੇ ਇੱਕ ਗਰੀਬ ਅਤੇ ਅਖੌਤੀ ਅਛੂਤ ਪਰਿਵਾਰ ਵਿੱਚ ਪੈਦਾ ਹੋ ਕੇ ਵੱਧ ਪੜ੍ਹ-ਲਿਖ ਕੇ ਆਪਣੇ ਸਮਾਜ ਦੇ ਕਲਿਆਣ ਲਈ ਬਹੁਤ ਵੱਡਾ ਸੰਘਰਸ਼ ਕੀਤਾ। ਬਾਬਾ ਸਾਹਿਬ ਨੂੰ ਬਚਪਨ ਤੋਂ ਹੀ ਧਰਤੀ ਦਾ ਮਨਹੂਸ ਕਿਹਾ ਜਾਣ ਲੱਗਾ ਸੀ। ਉਹਨਾਂ ਨੇ 40 ਸਾਲ ਲਗਾਤਾਰ ਸੰਘਰਸ਼ ਕੀਤਾ ਅਤੇ 65 ਸਾਲ ਜ਼ਿੰਦਾ ਰਹੇ। ਬਾਬਾ ਸਾਹਿਬ ਨੇ ਜਾਤੀ ਦੇ ਖ਼ਾਤਮੇ ਲਈ ਇੱਕ ਮਾਨਵਵਾਦੀ ਲੋਕਤੰਤਰ ਸਥਾਪਿਤ ਕਰਨ ਦੀ ਗੱਲ ਕੀਤੀ।

ਮਨੁੱਖੀ ਇਤਿਹਾਸ ਦੇ 10 ਹਜ਼ਾਰ ਸਾਲਾਂ 'ਚ ਭਾਰਤ ਦੇ 3 ਹਜ਼ਾਰ ਤੋਂ ਕਰੀਬ 5 ਹਜ਼ਾਰ ਸਾਲਾਂ ਤੱਕ ਚੱਲੀ ਗ਼ੈਰ-ਬਰਾਬਰੀ ਵਾਲ਼ੀ ਵਿਵਸਥਾ ਖ਼ਿਲਾਫ ਸਭ ਤੋਂ ਵੱਧ ਕਾਨੂੰਨੀ ਤੇ ਮਨੁੱਖੀ ਹੱਕਾਂ ਲਈ ਲੜਨ ਵਾਲ਼ੀ ਕੋਈ ਕ੍ਰਾਂਤੀਕਾਰੀ ਸ਼ਖ਼ਸੀਅਤ ਹੈ ਜਿਸ ਨੂੰ ਰਾਸ਼ਟਰੀ, ਅੰਤਰ-ਰਾਸ਼ਟਰੀ ਭਾਈਚਾਰਾ ਯਾਦ ਕਰਦਾ ਹੈ ਉਹ ਸ਼ਖ਼ਸੀਅਤ ਬਾਬਾ ਸਾਹਿਬ ਡਾ. ਅੰਬੇਡਕਰ ਹੈ, ਜਿਹਨਾਂ ਨੂੰ ਅੱਜ ਕੁੱਲ ਆਲਮ ਉਹਨਾਂ ਦੀ ਵਿਲੱਖਣ ਕਾਬਲੀਅਤ, ਵਿਵੇਕ, ਲਿਆਕਤ, ਫ਼ਲਸਫ਼ੇ, ਦੂਰ-ਅੰਦੇਸ਼ੀ, ਵਿਦਵਤਾ ਕਾਰਨ ਗਿਆਨ ਦੇ ਵੱਡੇ ਚੈਂਪੀਅਨ ਵਜੋਂ ਯਾਦ ਕਰਦਾ ਹੈ।

14 ਅਪ੍ਰੈਲ 1891 ਈ: ਨੂੰ ਮਹੂ ਛਾਉਣੀ (ਮਿਲਟਰੀ ਹੈੱਡਕੁਆਰਟਰ ਆੱਫ ਵਾਰ) ਅਜੋਕੇ ਮੱਧ ਪ੍ਰਦੇਸ਼ ਵਿੱਚ ਪਿਤਾ ਸ਼੍ਰੀ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਸ਼੍ਰੀਮਤੀ ਭੀਮਾ ਬਾਈ ਦੀ ਕੁੱਖੋਂ ਬਾਲਕ ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ। ਵਿਦਿਅਕ ਅਦਾਰਿਆਂ ਵਿੱਚ ਉਹਨਾਂ ਦਾ ਪੂਰਾ ਨਾਮ ਭੀਮ ਰਾਓ ਰਾਮਜੀ ਅੰਬੇਡਕਰ ਦਰਜ ਹੈ। ਉਹਨਾਂ ਨੇ ਐਮ.ਏ., ਪੀ.ਐੱਚ.ਡੀ., ਐਮ.ਐਸ.ਸੀ., ਡੀ.ਐੱਸ.ਸੀ., ਐੱਲ.ਐੱਲ.ਡੀ., ਡੀ. ਲਿੱਟ, ਬਾਰ ਐਟ ਲਾਅ ਵਰਗੀਆਂ ਉੱਚਤਮ ਵਿਸ਼ਵ ਪੱਧਰ ਦੀਆਂ ਡਿਗਰੀਆਂ ਹਾਸਲ ਕਰਕੇ ਭਾਰਤ ਦਾ ਨਾਂਅ ਅੰਤਰ-ਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।

ਡਾ. ਅੰਬੇਡਕਰ ਨੂੰ ਭਾਰਤ ਰਤਨ, ਦਿ ਗ੍ਰੇਟੈਸਟ ਮੈਨ ਇਨ ਦਿ ਵਰਲਡ, ਯੂਨੀਵਰਸਲ ਮੇਕਰ, ਗਿਆਨ ਤੇ ਸਮਾਨਤਾ ਦੇ ਪ੍ਰਤੀਕ, ਆਧੁਨਿਕ ਭਾਰਤ ਦੇ ਨਿਰਮਾਤਾ, ਮਹਾਨ ਭਾਰਤੀ, ਬਾਬਾ ਸਾਹਿਬ (ਜਿਸ ਦਾ ਮਰਾਠੀ ਭਾਸ਼ਾ 'ਚ ਅਰਥ ਮਹਾਨ, ਸਤਿਕਾਰਯੋਗ ਅਤੇ ਰਹਿਨੁਮਾ ਹੈ) ਆਦਿ ਸਨਮਾਨਯੋਗ ਉਪਾਧੀਆਂ ਗਲੋਬਲ ਸ਼ਖ਼ਸੀਅਤ ਨੂੰ ਸਮਰਪਿਤ ਕੀਤੀਆਂ ਗਈਆਂ ਹਨ। ਉਹਨਾਂ ਦੇ ਨਾਮ 'ਤੇ ਹੀ ਸਤਿਕਾਰ ਵਜੋਂ ਜੈ ਭੀਮ ਦਾ ਨਾਅਰਾ ਅੱਜ ਕੌਮੀ ਨਾਅਰੇ ਤੋਂ ਬਾਅਦ ਸਭ ਤੋਂ ਵੱਧ ਲਿਆ ਅਤੇ ਬੋਲਿਆ ਜਾਂਦਾ ਹੈ।

ਉਹ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੀ ਉਹ ਪਹਿਲੀ ਇੱਕੋ-ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਹਨਾਂ ਨੇ ਕੋਲੰਬੀਆ ਯੂਨੀਵਰਸਿਟੀ, ਅਮਰੀਕਾ ਤੋਂ ਅਰਥ ਸ਼ਾਸਤਰ ਦੀ ਪੀ.ਐੱਚ.ਡੀ. ਕੀਤੀ। ਇਸੇ ਯੂਨੀਵਰਸਿਟੀ ਨੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੂੰ ਭਾਰਤੀ ਸੰਵਿਧਾਨ ਦੇ ਸ਼ਿਲਪਕਾਰ, ਮਹਾਨ ਸਮਾਜ ਸੁਧਾਰਕ, ਮਨੁੱਖੀ ਅਧਿਕਾਰਾਂ ਲਈ ਸੰਘਰਸ਼ਸ਼ੀਲ ਹੋਣ ਅਤੇ ਬਤੌਰ ਬੈਰਿਸਟਰ ਸੇਵਾਵਾਂ ਦੇਣ ਕਰਕੇ 5 ਜੂਨ 1952 ਈ: ਨੂੰ ਐੱਲ.ਐੱਲ.ਡੀ. ਦੀ ਆਨਰੇਰੀ ਡਿਗਰੀ ਭੇਂਟ ਕੀਤੀ। ਇਸ ਯੂਨੀਵਰਸਿਟੀ ਨੇ ਸਾਲ 2004 ਵਿੱਚ ਆਪਣੇ 250 ਸਾਲਾਂ ਸਥਾਪਨਾ ਦਿਵਸ ਮਨਾਉਣ ਸਮੇਂ ਸਭ ਤੋਂ ਹੋਣਹਾਰ ਤੇ ਮਨੁੱਖਤਾ ਲਈ ਕੰਮ ਕਰਨ ਵਾਲ਼ੇ 100 ਵਿਦਿਆਰਥੀਆਂ ਦੀ ਸੂਚੀ ਤਿਆਰ ਕੀਤੀ। ਇਸ ਸੂਚੀ ਵਿੱਚ ਵੀ ਬਾਬਾ ਸਾਹਿਬ ਡਾ. ਅੰਬੇਡਕਰ ਪਹਿਲੇ ਸਥਾਨ 'ਤੇ ਰਹੇ। ਕੋਲੰਬੀਆ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰੀ ਹੋਇਆ ਕਿ ਜਿਸ ਨੇ ਆਪਣੇ ਕਿਸੇ ਵਿਦਿਆਰਥੀ ਦੀ ਸਵੈ-ਜੀਵਨੀ "ਵੇਟਿੰਗ ਫਾਰ ਵੀਜ਼ਾ" (ਰਾਹਦਾਰੀ ਦੀ ਉਡੀਕ ਵਿੱਚ) ਯੂਨੀਵਰਸਿਟੀ 'ਚ ਟੈਕਸਟ ਬੁੱਕ ਵਜੋਂ ਪੜ੍ਹਾਈ ਜਾਂਦੀ ਹੈ। ਇਨਸਾਈਡ ਏਸ਼ੀਆ ਦੇ ਲੇਖਕ ਲਾਰਡ ਗੁੰਥਰ ਨੇ ਬਾਬਾ ਸਾਹਿਬ ਨੂੰ ਦੁਨੀਆਂ ਭਰ ਦੇ ਛੇ ਮਹਾਨ ਵਿਅਕਤੀਆਂ ਵਿੱਚੋਂ ਇੱਕ ਮੰਨਿਆ ਹੈ। ਅੰਗਰੇਜ਼ ਵਿਦਵਾਨ ਬੇਵਰਲੇ ਲਿੰਕਸਸ ਨੇ ਸੁਕਰਾਤ, ਕਾਰਲ ਮਾਰਕਸ, ਮਾਊ ਜੇ ਤੁੰਗ, ਮਾਰਟਿਨ ਲੂਥਰ ਕਿੰਗ, ਇਬਰਾਹਿਮ ਲਿੰਕਨ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੂੰ ਵਿਸ਼ਵ ਭਰ 'ਚੋਂ ਮਹਾਨ ਮੰਨਿਆ ਹੈ। ਨੋਬਲ ਪੁਰਸਕਾਰ ਜੇਤੂ ਅੰਮ੍ਰਿਤਆ ਸੇਨ ਨੇ ਬਾਬਾ ਸਾਹਿਬ ਨੂੰ ਅਰਥ ਸ਼ਾਸਤਰ ਵਿਸ਼ੇ ਵਿੱਚ ਆਪਣਾ ਪਿਤਾ ਮੰਨਿਆ ਹੈ। ਭਾਰਤੀ ਵਾਇਸਰਾਏ ਰਹੇ ਲਾਰਡ ਲਿਨਲਿਥਗੋ ਨੇ ਮੰਨਿਆ ਕਿ ਬਾਬਾ ਸਾਹਿਬ ਇਕੱਲੇ 500 ਗ੍ਰੈਜੂਏਟਾਂ/ਸਕਾਲਰਾਂ ਦੇ ਬਰਾਬਰ ਹਨ। ਵੀਹਵੀਂ ਸਦੀ ਦੇ ਮਹਾਨ ਦਾਰਸ਼ਨਿਕ ਓਸ਼ੋ ਰਜਨੀਸ਼ ਨੇ ਕਿਹਾ ਕਿ ਉਹ ਜਿਹਨਾਂ ਵੀ ਸ਼ਖ਼ਸੀਅਤਾਂ ਨੂੰ ਮਿਲੇ ਉਹਨਾਂ ਵਿੱਚੋਂ ਬਾਬਾ ਸਾਹਿਬ ਸਰਵਸ਼੍ਰੇਸ਼ਟ ਸਨ। ਇੱਕ ਸਾਬਕਾ ਸੀਨੀਅਰ ਆਈ.ਏ.ਐਸ. ਅਧਿਕਾਰੀ ਕੁਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਭਾਰਤ ਵਿੱਚ ਵੀਹਵੀਂ ਸਦੀ ਵਿੱਚ 2 ਹੀ ਮੌਲਿਕ ਫ਼ਿਲਾਸਫ਼ਰ ਹੋਏ ਹਨ ਇੱਕ ਓਸ਼ੋ, ਦੂਜੇ ਡਾਕਟਰ ਅੰਬੇਡਕਰ। ਇਹ ਦੋਵੇਂ ਮਾਨਵਤਾਪੱਖੀ ਅਤੇ ਯੁੱਗ ਪਲਟਾਊ ਹੋਏ ਹਨ। ਅਮਰੀਕਾ ਦੇ ਰਹਿ ਚੁੱਕੇ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੇ ਕਿਹਾ ਕਿ ਜੇਕਰ ਬਾਬਾ ਸਾਹਿਬ ਉਹਨਾਂ ਦੇ ਦੇਸ਼ ਵਿੱਚ ਪੈਦਾ ਹੁੰਦੇ ਤਾਂ ਉਹ ਉਹਨਾਂ ਨੂੰ ਸੂਰਜ ਕਹਿੰਦੇ, ਇੱਕ ਐਸਾ ਸੂਰਜ ਜਿਸ ਨੇ ਰਾਜਨੀਤਿਕ, ਸਮਾਜਿਕ, ਧਾਰਮਿਕ ਤੌਰ 'ਤੇ ਪੂਰੇ ਵਿਸ਼ਵ ਨੂੰ ਆਪਣੇ ਗਿਆਨ ਨਾਲ਼ ਪ੍ਰਭਾਵਿਤ ਕੀਤਾ। ਪੰਜਾਬੀ ਦੇ ਪ੍ਰਸਿੱਧ ਲੇਖਕ ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੀ ਸਵੈ-ਜੀਵਨੀ 'ਚ ਲਿਖਿਆ ਕਿ "ਬਾਬਾ ਸਾਹਿਬ ਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ, ਗਿਆਨ ਨਾਲ਼ ਛਲਕਦੀਆਂ ਤੇ ਸੋਚ ਨੂੰ ਟੁੰਬਦੀਆਂ ਸਨ। ਡਾ. ਗੁਰਤੇਜ ਸਿੰਘ ਨੇ ਲਿਖਿਆ ਕਿ "ਜਿਸ ਦਿਨ ਭਾਰਤੀ ਸੰਵਿਧਾਨ ਦੇ ਬੱਚੇ ਡਾ. ਅੰਬੇਡਕਰ ਵਰਗੇ ਸੰਘਰਸ਼ੀ ਬਣ ਗਏ, ਵਿਦਿਆ ਪ੍ਰਾਪਤੀ ਲਈ ਜਨੂੰਨੀ ਹੋ ਗਏ ਤਾਂ ਪਦਵੀਆਂ ਇਹਨਾਂ ਦੇ ਮਗਰ ਘੁੰਮਣਗੀਆਂ। ਉਸ ਤੋਂ ਵੀ ਜ਼ਿਆਦਾ "ਪੇਅ ਬੈਕ ਟੂ ਸੁਸਾਇਟੀ" ਦਾ ਅਨਮੋਲ ਨੁਕਤਾ ਜੇਕਰ ਫੜ੍ਹ ਲਿਆ ਤਾਂ ਮਨੁੱਖਾਂ ਦੀ ਗੱਲ ਤਾਂ ਛੱਡੋ, ਕੁਦਰਤ ਦਾ ਹਰ ਜੀਅ ਉੱਥਾਨ ਵੱਲ ਰੁਖ ਕਰ ਲਵੇਗਾ। ਬਾਬਾ ਸਾਹਿਬ ਡਾ. ਅੰਬੇਡਕਰ ਦਾ 125ਵਾਂ ਜਨਮ ਦਿਹਾੜਾ ਯੂ.ਐਨ.ਓ. (ਯੂਨਾਈਟਿਡ ਨੇਸ਼ਨ ਆਰਗੇਨਾਈਜ਼ੇਸ਼ਨ) 'ਚ "ਵਿਸ਼ਵ ਪ੍ਰੇਰਣਾ ਸਰੋਤ" ਵਜੋਂ ਪਹਿਲੀ ਵਾਰ ਵੱਡੇ ਪੱਧਰ 'ਤੇ ਮਨਾਇਆ ਗਿਆ। ਉਸ ਵੇਲੇ ਦੀ ਸੰਗਠਨ ਦੀ ਪ੍ਰਸ਼ਾਸਕ ਹੈਲਨ ਕਲਾਰਕ ਨੇ ਕਿਹਾ ਕਿ ੨ਅਸੀਂ ਭਾਰਤ ਨਾਲ਼ ਮਿਲ਼ ਕੇ ਡਾ. ਅੰਬੇਡਕਰ ਦੇ ਦੱਸੇ ਰਸਤੇ 'ਤੇ ਚੱਲਣ ਲਈ ਵਚਨਬੱਧ ਹਾਂ। ਸਾਡੀ 2030 ਦੀ ਵਰਕਲਿਸਟ ਵਿੱਚ ਇਹ ਸੰਕਲਪ ਸ਼ਾਮਿਲ ਕੀਤਾ ਗਿਆ ਹੈ। ਇਸ ਮੌਕੇ 'ਤੇ ਪ੍ਰਮੁੱਖ ਬੁਲਾਰਿਆਂ ਨੇ ਕਿਹਾ ਕਿ "ਬਾਬਾ ਸਾਹਿਬ ਡਾ. ਅੰਬੇਡਕਰ ਸਿਰਫ਼ ਭਾਰਤ ਦੇ ਲਈ ਹੀ ਨਹੀਂ, ਬਲਕਿ ਵਿਸ਼ਵ ਦੇ ਉਹਨਾਂ ਸਾਰੇ ਦੇਸ਼ਾਂ ਲਈ ਪ੍ਰੇਰਣਾਦਾਇਕ ਸ਼ਖ਼ਸੀਅਤ ਹਨ, ਜਿੱਥੋਂ ਦੀ ਵੱਡੀ ਆਬਾਦੀ ਗਰੀਬੀ, ਭੁੱਖਮਰੀ, ਪਿੱਛੜੇਪਨ ਅਤੇ ਗ਼ੈਰ-ਬਰਾਬਰੀ ਦੀ ਸ਼ਿਕਾਰ ਹੈ। ਉਹਨਾਂ ਦੇਸ਼ਾਂ ਦੀ ਜਨਤਾ ਵੀ ਆਪਣੇ ਨੇਤਾਵਾਂ ਵਿੱਚੋਂ ਡਾ. ਅੰਬੇਡਕਰ ਦੀ ਛਵੀ ਲੱਭ ਰਹੀ ਹੈ। ਪ੍ਰਸਿੱਧ ਅਫ਼ਰੀਕੀ-ਅਮਰੀਕੀ ਦਾਰਸ਼ਨਿਕ, ਰਾਜਨੀਤਿਕ, ਨਾਗਰਿਕ ਅਧਿਕਾਰ ਕਾਰਕੁੰਨ ਅਤੇ ਲੇਖਕ ਡਾ. ਕਾਰਨੇਲ ਰੋਨਾਲਡ ਵੈਸਟ ਨੇ ਕਿਹਾ ਕਿ ਡਾ. ਅੰਬੇਡਕਰ ਦੋਹਰੀ ਚੇਤੰਨਤਾ ਵਾਲ਼ੇ ਮਹਾਨ ਬੁੱਧੀਜੀਵੀ ਸਿਰਫ਼ ਭਾਰਤ ਦੇ ਹੀ ਨਹੀਂ, ਸਗੋਂ ਇਤਿਹਾਸ ਵਿੱਚ ਸਭ ਤੋਂ ਵੱਧ ਮਹਾਨ ਬੁੱਧੀਜੀਵੀ ਰਹੇ ਹਨ। ਉਹਨਾਂ ਕਿਹਾ ਕਿ ਡਾ. ਅੰਬੇਡਕਰ ਦਾ ਰੁਤਬਾ ਅਮਰੀਕਾ ਵਿੱਚ ਵੀ ਬਹੁਤ ਵੱਡਾ ਹੈ ਅਤੇ ਭਾਰਤ ਵਿੱਚ ਤਾਂ ਹੈ ਹੀ। ਬਾਬਾ ਸਾਹਿਬ ਆਪਣੇ ਸਮਾਜ ਦੀਆਂ ਜੜ੍ਹਾਂ ਨਾਲ਼ ਮੁੱਢ ਤੋਂ ਜੁੜ੍ਹੇ ਹੋਏ ਸਨ। ਭਾਰਤ ਦੀ ਮੌਜੂਦਾ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਬਾਬਾ ਸਾਹਿਬ ਦੇ ਜਨਮ-ਦਿਹਾੜੇ 'ਤੇ ਕਿਹਾ ਕਿ "ਉਹਨਾਂ ਲਈ ਬਾਬਾ ਸਾਹਿਬ ਭਗਵਾਨ ਬਰਾਬਰ ਹਨ। ਭਾਰਤ ਦੀ ਸਭ ਤੋਂ ਕਠਿਨ ਪ੍ਰੀਖਿਆ ਯੂ.ਪੀ.ਐੱਸ.ਸੀ. ਵਿੱਚ ਟੱਪਰ 2015 ਰਹੀ ਆਈ.ਏ.ਐਸ. ਅਫ਼ਸਰ ਟੀਨਾ ਡਾਬੀ ਨੇ ਕਿਹਾ ਕਿ ੨ਜੇ ਉਹ ਅੱਜ ਜ਼ਿਲ੍ਹਾ ਮੈਜਿਸਟਰੇਟ ਹੈ ਤਾਂ ਉਹ ਸਿਰਫ ਡਾ. ਅੰਬੇਡਕਰ ਦੀ ਬਦੌਲਤ ਹੈ। ਭਾਰਤ ਦੇ ਸਭ ਤੋਂ ਨੌਜਵਾਨ, ਹਰਮਨ ਪਿਆਰੇ, ਅਧਿਆਪਕ ਖ਼ਾਨ ਸਰ (ਫ਼ੈਜ਼ਲ ਖ਼ਾਨ) ਨੇ ਕਿਹਾ ਕਿ "ਬਾਬਾ ਸਾਹਿਬ ਇੱਕ ਹਿਮਾਲਿਆ ਪਰਬਤ ਵਾਂਗ ਹਨ ਅਤੇ ਉਹਨਾਂ ਵਾਰੇ ਵਰਣਨ ਕਰਨਾ ਰੁਮਾਲ ਨਾਲ਼ ਹਿਮਾਲਿਆ ਨੂੰ ਢਕਣ ਦੇ ਬਰਾਬਰ ਹੈ।

ਅੱਧੀ ਦੁਨੀਆਂ ਨੂੰ ਪ੍ਰਭਾਵਿਤ ਕਰਨ ਵਾਲ਼ੇ ਕਾਰਲ ਮਾਰਕਸ ਦਾ ਲੰਡਨ (ਇੰਗਲੈਂਡ) ਦੇ ਮਿਊਜ਼ੀਅਮ 'ਚ ਲੱਗੇ ਪੋਰਟਰੇਟ ਨਾਲ਼ ਬਾਬਾ ਸਾਹਿਬ ਭਾਰਤ ਦੇ ਇਕਲੌਤੇ ਵਿਅਕਤੀ ਹਨ, ਜਿਹਨਾਂ ਦਾ ਪੋਰਟਰੇਟ ਉਹਨਾਂ ਦੇ ਨਾਲ਼ ਬਰਾਬਰ ਲੱਗਾ ਹੋਇਆ ਅੱਜ ਵੀ ਨਜ਼ਰ ਆਉਂਦਾ ਹੈ।




ਵਿਸ਼ਵ ਪ੍ਰਸਿੱਧ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ (ਅਮਰੀਕਾ) ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਬਸਟ ਹੇਠਾਂ ਲਿਖੇ ਗਏ ਇਤਿਹਾਸਕ ਸ਼ਬਦ ਕਿ ਉਹ ਆਧੁਨਿਕ ਭਾਰਤ ਦੇ ਨਿਰਮਾਤਾ ਅਤੇ ਕਰੋੜਾਂ ਲੋਕਾਂ ਦੇ ਮਨੁੱਖੀ ਹੱਕਾਂ ਦੇ ਅਲੰਬਰਦਾਰ।

ਅਮਰੀਕਾ ਲਈ ਜੋ ਲਿੰਕਨ ਹੈ, ਰੂਸ ਲਈ ਲੈਨਿਨ, ਮਿਸਰੀਆਂ ਲਈ ਜੋ ਮੂਸਾ ਹੈ, ਅਫ਼ਰੀਕਾ ਲਈ ਨੈਲਸਨ ਮੰਡੇਲਾ ਹੈ, ਭਾਰਤ ਦੇ ਕਰੋੜਾਂ ਸ਼ੋਸ਼ਿਤ ਲੋਕਾਂ ਅਤੇ ਔਰਤਾਂ ਲਈ "ਟਾਈ ਵਾਲ਼ਾ ਬਾਬਾ ਸਾਹਿਬ ਡਾ. ਅੰਬੇਡਕਰ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਉੱਚਤਮ ਸਿੱਖਿਆ ਅਮਰੀਕਾ, ਇੰਗਲੈਂਡ ਅਤੇ ਜ਼ਰਮਨ ਦੀਆਂ ਸੁਪ੍ਰਸਿੱਧ ਯੂਨੀਵਰਸਿਟੀਆਂ ਤੋਂ ਹਾਸਲ ਕੀਤੀ, ਉੱਥੇ ਉਹਨਾਂ ਨੇ ਸਾਲ 1930-1932 'ਚ ਤਿੰਨੇ ਗੋਲਮੇਜ਼ ਕਾਨਫ਼ਰੰਸਾਂ (ਰਾਊਂਡ ਟੇਬਲ ਕਾਨਫ਼ਰੰਸ, ਲੰਡਨ) 'ਚ ਡਿਪ੍ਰੈੱਸਡ ਕਲਾਸਾਂ (ਸ਼ੋਸ਼ਿਤ ਜਮਾਤਾਂ) ਦਾ ਜ਼ੋਰਦਾਰ ਮਜ਼ਬੂਤ ਤੱਥਾਂ ਦੇ ਆਧਾਰ 'ਤੇ ਮਜਬੂਤ ਪੱਖ ਰੱਖਿਆ ਅਤੇ ਦੁਨੀਆਂ ਨੂੰ ਜਾਣੂੰ ਕਰਵਾਇਆ ਕਿ ਭਾਰਤ ਦੇ ਦਲਿਤ, ਸ਼ੋਸ਼ਿਤ, ਬਹੁਜਨ ਸਮਾਜ ਦੇ ਲੋਕ ਜਿੱਥੇ ਅੰਗਰੇਜ਼ ਸਰਕਾਰ ਦੇ ਗੁਲਾਮ ਹਨ, ਉੱਥੇ ਹੀ ਉਹ ਹਿੰਦੂਆਂ ਦੇ ਵੀ ਗੁਲਾਮ ਹਨ ਭਾਵ ਗੁਲਾਮਾਂ ਦੇ ਵੀ ਗੁਲਾਮ ਹਨ। ਇਹਨਾਂ ਕਾਨਫ਼ਰੰਸਾਂ ਦੇ ਸਿੱਟੇ ਵਜੋਂ ਪੂਨਾ ਪੈਕਟ ਸਮਝੌਤਾ ਹੋਇਆ ਸੀ। ਜਿਸ ਕਾਰਨ ਲੱਖਾਂ ਮੁਲਾਜ਼ਿਮ, ਅਫ਼ਸਰ ਤੇ ਉੱਚ ਅਹੁੱਦਿਆਂ 'ਤੇ ਤਾਇਨਾਤ ਹਨ ਜੋ ਪ੍ਰਸ਼ਾਸਨ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ ਅਤੇ ਭਾਰਤ ਦੀ ਰਾਜਨੀਤੀ ਵਿੱਚ ਆਗੂਆਂ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ।

ਇਤਿਹਾਸ ਵਿੱਚ ਸਿੰਕਦਰ ਨਾਲ਼ ਮਹਾਨ ਸ਼ਬਦ ਜੁੜਿਆ ਹੋਇਆ ਹੈ, ਜਦੋਂ ਗਿਆਨ ਦੀ ਗੱਲ ਸ਼ੁਰੂ ਹੁੰਦੀ ਹੈ ਤਾਂ ਉਹ ਸੁਕਰਾਤ ਤੋਂ ਸ਼ੁਰੂ ਹੋ ਕੇ ਸੁਕਰਾਤ 'ਤੇ ਹੀ ਖ਼ਤਮ ਹੋ ਜਾਂਦੀ ਹੈ। ਇਵੇਂ ਭਾਰਤ ਦੇ ਕਰੋੜਾਂ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਪਹਿਚਾਣ "ਗਿਆਨ ਦੇ ਪ੍ਰਤੀਕ" ਵਜੋਂ ਵਿਸ਼ਵ ਵਿੱਚ ਬਣ ਚੁੱਕੀ ਹੈ।

ਦੁਨੀਆਂ ਦੇ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਹੀ ਇੱਕ ਅਜਿਹੇ ਵਿਅਕਤੀ ਹਨ, ਜਿਹਨਾਂ ਦਾ ਜਨਮ-ਦਿਨ ਅਤੇ ਮਹਾਂ ਪਰਿਨਿਰਵਾਣ ਦਿਵਸ ਸਿਰਫ ਇੱਕ ਦਿਨ ਹੀ ਨਹੀਂ, ਸਗੋਂ ਕਈ-ਕਈ ਮਹੀਨੇ ਭਾਰਤ ਹੀ ਨਹੀਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਡੇ ਪੱਧਰ 'ਤੇ ਵੱਖ-ਵੱਖ ਰੂਪਾਂ ਵਿੱਚ ਮਨਾਇਆ ਜਾਂਦਾ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਗੀਤ-ਸੰਗੀਤ, ਰਚਨਾਵਾਂ, ਨਾਟਕਾਂ, ਕੋਰਿਓਗ੍ਰਾਫੀਆਂ ਕਰਨ ਦਾ ਇਤਿਹਾਸ ਵੀ ਬਾਬਾ ਸਾਹਿਬ ਨਾਲ਼ ਹੀ ਸਾਰਾ ਸਾਲ ਜੁੜਿਆ ਰਹਿੰਦਾ ਹੈ। ਬਾਬਾ ਸਾਹਿਬ ਦੀਆਂ ਪ੍ਰਤਿਮਾਵਾਂ/ਬਸਟ (ਬੁੱਤ) ਵੀ ਭਾਰਤ ਸਮੇਤ ਦੁਨੀਆਂ ਵਿੱਚ ਸਭ ਤੋਂ ਵੱਧ ਸਥਾਪਿਤ ਹਨ।

ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ, ਇੰਗਲੈਂਡ ਨੇ ਪਿਛਲੇ 10 ਹਜ਼ਾਰ ਸਾਲਾਂ ਦੇ ਮਾਨਵ ਇਤਿਹਾਸ ਦੇ ਅਧਿਐਨ ਤੋਂ ਬਾਅਦ ਨਿਰਣਾ ਲਿਆ ਕਿ ਡਾ. ਅੰਬੇਡਕਰ ਆਪਣੀ ਮਿਸਾਲ ਆਪ ਹਨ। ਉਹ ਦੇਸ਼ ਭਗਤ, ਆਰਥਿਕ ਮਾਹਿਰ, ਉੱਚ ਕੋਟੀ ਦੇ ਮਾਹਿਰ ਵਕੀਲ, ਸੰਵਿਧਾਨਿਕ ਮਾਹਿਰ, ਰਾਜਨੀਤਿਕ ਮੁੱਦਿਆਂ ਦੇ ਮਾਹਿਰ, ਸਿਆਸਤਦਾਨ, ਲੇਖਕ, ਸੰਘਰਸ਼ਸ਼ੀਲ ਯੋਧੇ, ਕਾਨੂੰਨ ਨਿਰਮਾਤਾ, ਮੁਕਤੀਦਾਤਾ, ਸ਼ੋਸ਼ਿਤ ਪੀੜਤ ਲੋਕਾਂ ਦੇ ਆਗੂ ਸਨ। ਉਹ ਭਾਰਤੀ ਸਮਾਜ ਦੇ ਸਭ ਤੋਂ ਹੇਠਲੇ ਵਰਗ ਵਿੱਚ ਪੈਦਾ ਹੋਏ। ਇਹਨਾਂ ਵਰਗਾਂ ਨਾਲ਼ ਇੱਕ ਕੋਹੜੀ ਦੀ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਰਿਹਾ। ਜਿਹਨਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ। ਇਹਨਾਂ ਦੇ ਦੁੱਖਾਂ ਦਰਦਾਂ ਅਤੇ ਕੀਤੇ ਗਏ ਜ਼ੁਲਮ ਤਸ਼ੱਦਦ ਤੋਂ ਨਿਜ਼ਾਤ ਦਿਵਾਉਣ ਲਈ ਆਪਣੇ ਬਾਲਕ ਗੰਗਾਧਰ, ਰਮੇਸ਼, ਰਾਜ ਰਤਨ ਅਤੇ ਪੁੱਤਰੀ ਇੰਦੂ ਜਿਹਨਾਂ ਦੀ ਉਮਰ ਦੋ ਸਾਲਾਂ ਤੋਂ ਵੀ ਘੱਟ ਸੀ ਦੀ ਕੁਰਬਾਨੀ ਦਿੱਤੀ। ਉਹਨਾਂ ਨੇ ਆਪਣੀ ਪਤਨੀ ਸ਼੍ਰੀਮਤੀ ਰਮਾਬਾਈ ਅੰਬੇਡਕਰ ਨੂੰ ਇੱਕ ਪੁਸਤਕ ਸਮਰਪਿਤ ਕਰਦੇ ਹੋਏ ਇਹ ਬਹੁਮੁੱਲੇ ਸ਼ਬਦ ਕਹੇ ਕਿ ਮੈਂ ਇਹ ਪੁਸਤਕ ਰਾਮੂੰ (ਰਮਾਬਾਈ ਅੰਬੇਡਕਰ) ਨੂੰ ਉਸਦੇ ਦਿਲ ਦੀ ਚੰਗਿਆਈ, ਮਨ ਦੀ ਨੀਤੀ, ਸਦਾਚਾਰ ਦੀ ਪਵਿੱਤਰਤਾ ਅਤੇ ਮੇਰੇ ਨਾਲ਼ ਦੁੱਖ ਕੱਟਣ ਵਿੱਚ, ਥੁੜ ਅਤੇ ਪਰੇਸ਼ਾਨੀ ਦੇ ਦਿਨਾਂ ਵਿੱਚ ਜਦ ਸਾਡਾ ਕੋਈ ਵੀ ਮੱਦਦਗਾਰ ਨਹੀਂ ਸੀ, ਅੱਤ ਦੀ ਸਹਿਣਸ਼ੀਲਤਾ ਅਤੇ ਰਜ਼ਾਮੰਦੀ ਦਿਖਾਉਣ ਦੀ ਪ੍ਰਸ਼ੰਸਾ ਵਜੋਂ ਭੇਂਟ ਕਰਦਾ ਹਾਂ।"

ਬਾਬਾ ਸਾਹਿਬ ਦੀਆਂ ਪ੍ਰਤਿਮਾਵਾਂ ਦੁਨੀਆਂ ਦੀਆਂ ਵੱਖ-ਵੱਖ ਯੂਨੀਵਰਸਿਟੀਆਂ, ਦੂਤਾਵਾਸ, ਅੰਬੇਡਕਰੀ, ਬੁੱਧਿਸਟ ਸੰਸਥਾਵਾਂ ਵਲੋਂ ਸੁਸ਼ੋਭਿਤ ਹਨ। ਜਿਹਨਾਂ ਵਿੱਚੋਂ ਪ੍ਰਮੁੱਖ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ (ਅਮਰੀਕਾ), ਲੰਡਨ ਸਕੂਲ ਆੱਫ ਇਕਨਾਮਿਕਸ ਲੰਡਨ (ਯੂ.ਕੇ.), ਵੁਲਵਰਹੈਂਪਟਨ ਬੁੱਧ ਵਿਹਾਰ ਯੂ.ਕੇ., ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਬਰਨਾਬੀ ਕਨੇਡਾ, ਕੋਆਸਨ ਯੂਨੀਵਰਸਿਟੀ ਜਾਪਾਨ, ਡਾ. ਭੀਮਰਾਓ ਰਾਮਜੀ ਅੰਬੇਡਕਰ ਮੈਮੋਰੀਅਲ ਲੰਡਨ (ਯੂ.ਕੇ.), ਡਾ. ਭੀਮ ਰਾਓ ਅੰਬੇਡਕਰ ਸਮਾਰਕ ਯੂ.ਕੇ., ਯਾਰਕ ਯੂਨੀਵਰਸਿਟੀ ਟੋਰਾਂਟੋ (ਕਨੇਡਾ), ਯੂਨਾਈਟਿਡ ਨੇਸ਼ਨ ਆਰਗੇਨਾਈਜ਼ੇਸ਼ਨ (ਯੂ.ਐਨ.ਓ.) ਮਿਡਟਾਊਨ ਮੈਨਹੈਂਟਨ, ਨਿਊਯਾਰਕ ਸਿਟੀ, ਅਮਰੀਕਾ, ਡਾ. ਅੰਬੇਡਕਰ ਸਕੂਲ ਹੰਗਰੀ, ਯੂਨੀਵਰਸਿਟੀ ਆੱਫ ਵੈਸਟਰਨ ਸਿਡਨੀ (ਅਸਟ੍ਰੇਲੀਆ), ਬ੍ਰੈਂਡਿਸ ਯੂਨੀਵਰਸਿਟੀ ਬੋਸਟਨ (ਅਮਰੀਕਾ), ਮੈਲਬੋਰਨ ਯੂਨੀਵਰਸਿਟੀ ਅਸਟਰੇਲੀਆ, ਯੂਨੀਵਰਸਿਟੀ ਆੱਫ ਮੇਸਾਚੁਸੇਟਸ ਐਮਹਰਸਟ (ਅਮਰੀਕਾ), ਦੱਖਣੀ ਅਫ਼ਰੀਕਾ, ਇੰਡੀਅਨ ਹਾਈ ਕਮਿਸ਼ਨ ਹਾਊਸ ਲੰਡਨ (ਯੂ.ਕੇ.), ਭਾਰਤੀ ਦੂਤਾਵਾਸ ਬਾਕੂ (ਅਜਰਬੈਜਾਨ), ਮਹਾਤਮਾ ਗਾਂਧੀ ਇੰਸਟੀਚਿਊਟ ਮੋਕਾ (ਮੌਰੀਸ਼ਸ), ਥਾਈਲੈਂਡ, ਵੀਅਤਨਾਮ ਅਤੇ ਹੋਰ ਦੇਸ਼ਾਂ ਵਿੱਚ ਦੁਰਲਭ ਸਥਾਨਾਂ 'ਤੇ ਮਿਲਦੇ ਹਨ।

ਰਾਜਧਾਨੀ ਦਿੱਲੀ ਦੀ ਸੰਸਦ ਸਾਹਮਣੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦ ਹੱਥ ਵਿੱਚ ਫੜ੍ਹੇ ਸੰਵਿਧਾਨ ਵਾਲ਼ਾ ਆਦਮਕੱਦ ਬੁੱਤ ਸੰਦੇਸ਼ ਦਿੰਦਾ ਹੈ ਕਿ ਤੁਹਾਡੀਆਂ ਦੁੱਖ-ਤਕਲੀਫ਼ਾਂ ਦਾ ਹੱਲ ਸਿਰਫ ਸੰਸਦ ਵਿੱਚ ਹੀ ਹੈ।

ਭਾਰਤ ਦੀ ਵਿਸ਼ਵ ਵਿੱਚ ਪਹਿਚਾਣ ਤਥਾਗਤ ਬੁੱਧ ਕਰਕੇ ਹੀ ਹੈ। ਦੁਨੀਆਂ ਵਿੱਚ ਪ੍ਰਸਿੱਧ ਕਥਨ ਹੈ ਕਿ ਦੁਨੀਆਂ ਨੂੰ ਬੁੱਧ ਚਾਹੀਦਾ ਹੈ, ਯੁੱਧ ਨਹੀਂ। ਇਸੇ ਲਈ ਬਾਬਾ ਸਾਹਿਬ ਨੇ ਭਾਰਤੀ ਮੂਲ ਬੁੱਧ ਧਰਮ ਨੂੰ ਅਪਣਾਇਆ। ਬਾਬਾ ਸਾਹਿਬ ਨੇ ਤਥਾਗਤ ਬੁੱਧ ਦੀਆਂ ਖੁੱਲ੍ਹੀਆਂ ਅੱਖਾਂ ਵਾਲ਼ਾ ਪਹਿਲਾ ਚਿੱਤਰ ਬਣਾ ਕੇ ਵੱਡਾ ਮਾਣ ਹਾਸਲ ਕੀਤਾ।

ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਿਊਂਦੇ ਜੀਅ ਉਹਨਾਂ ਦੀ ਜੀਵਨੀ ਲਿਖਣ ਵਾਲ਼ੇ ਪ੍ਰਸਿੱਧ ਲੇਖਕ ਧਨੰਜੇਕੀਰ ਲਿਖਦੇ ਹਨ ਕਿ "ਡਾ. ਅੰਬੇਡਕਰ ਦਾ ਜੀਵਨ ਏਨਾ ਸ਼ਾਨਦਾਰ, ਅਲੌਕਿਕ, ਬਹੁਭਾਂਤੀ ਅਤੇ ਅਦਭੁੱਤ ਸੀ ਕਿ ਇਸ ਦੇਸ਼ ਦੇ ਜਾਂ ਵਿਦੇਸ਼ ਦੇ ਕਿਸੇ ਵੀ ਵਿਅਕਤੀ ਨਾਲ਼ ਉਹਨਾਂ ਦੀ ਤੁਲਨਾ ਹੋ ਹੀ ਨਹੀਂ ਸਕਦੀ।"

ਭਾਰਤ ਵਿੱਚ ਬਾਬਾ ਸਾਹਿਬ ਦੇ ਨਾਮ 'ਤੇ 3 ਸੰਸਥਾਵਾਂ ਜਿਹਨਾਂ ਨੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਚੱਲਦੀ ਫਿਰਦੀ ਯੂਨੀਵਰਸਿਟੀ ਵਾਂਗ ਮਾਣ ਹਾਸਲ ਕੀਤਾ, ਭਾਵ ਪੰਜਾਬ ਦੇ ਜੰਮਪਲ਼ ਤੇ ਕੌਮੀ ਅਤੇ ਕੌਮਾਂਤਰੀ ਆਗੂ ਮਾਨਿਅਵਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਕਰਕੇ ਅੱਜ ਭਾਰਤ ਦਾ ਬੱਚਾ-ਬੱਚਾ ਹੀ ਨਹੀਂ ਸਗੋਂ ਹਰ ਭਾਰਤੀ ਅਤੇ ਵਿਦੇਸ਼ੀ ਆਪਣੇ ਆਪ ਨੂੰ ਬਾਬਾ ਸਾਹਿਬ ਦੇ ਪੈਰੋਕਾਰ ਅਖਵਾ ਕੇ ਮਾਣ ਮਹਿਸੂਸ ਕਰਦਾ ਹੈ।

ਬਾਬਾ ਸਾਹਿਬ ਭਾਰਤ ਦੀ ਧਰਤੀ 'ਤੇ ਸਭ ਤੋਂ ਵੱਧ ਅਪਮਾਨਿਤ ਹੋਣ ਵਾਲ਼ੇ ਸਮਾਜ ਵਿੱਚ ਪੈਦਾ ਹੋ ਕੇ ਅਤੇ ਵਿਸ਼ਵ ਵਿੱਚ ਸਭ ਤੋਂ ਵੱਧ ਮਿਹਨਤ, ਲਿਆਕਤ ਕਰਕੇ ਸਨਮਾਨ ਪ੍ਰਾਪਤ ਕਰਨ ਵਾਲ਼ੇ ਭਾਰਤ ਦੇ ਇੱਕੋ-ਇੱਕ ਚਮਕਦੇ ਹੋਏ ਹੀਰੇ ਵਾਂਗ ਹਨ। ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਉਹਨਾਂ ਦੀਆਂ ਮਨੁੱਖਤਾਂ ਪ੍ਰਤੀ ਘਾਲਣਾਵਾਂ ਕਰਕੇ ਲੱਖ-ਲੱਖ ਪ੍ਰਣਾਮ।

***ਜੈ ਭੀਮ-ਜੈ ਭਾਰਤ।***

# ਨੌਜਵਾਨਾਂ ਨੂੰ ਨਵੇਂ ਹੁਨਰ ਨਾਲ ਲੈਸ ਕਰਨਾ




ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਪਰਿਵਰਤਨਸ਼ੀਲ ਪਹੁੰਚ ਅਪਣਾ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਉਹ ਨਾ ਸਿਰਫ਼ ਪ੍ਰਫੁੱਲਤ ਹੋਣ ਸਗੋਂ ਸਾਨੂੰ ਇੱਕ ਹੋਰ ਟਿਕਾਊ ਭਵਿੱਖ ਵੱਲ ਵੀ ਲੈ ਜਾਣ। ਤੇਜ਼ੀ ਨਾਲ ਵਿਕਾਸ ਅਤੇ ਨਿਰੰਤਰ ਤਬਦੀਲੀ ਦੁਆਰਾ ਚਿੰਨ੍ਹਿਤ ਸੰਸਾਰ ਵਿੱਚ, ਸਾਡੇ ਨੌਜਵਾਨਾਂ ਨੂੰ ਭਵਿੱਖ ਲਈ ਤਿਆਰ ਕਰਨ ਦੇ ਮਹੱਤਵ ਨੂੰ ਪਛਾਣਨਾ ਲਾਜ਼ਮੀ ਹੈ। 10 ਤੋਂ 24 ਸਾਲ ਦੀ ਉਮਰ ਦੇ 1.8 ਬਿਲੀਅਨ ਤੋਂ ਵੱਧ ਵਿਅਕਤੀਆਂ ਦੇ ਨਾਲ, ਜਿਵੇਂ ਕਿ ਸੰਯੁਕਤ ਰਾਸ਼ਟਰ ਦੁਆਰਾ ਉਜਾਗਰ ਕੀਤਾ ਗਿਆ ਹੈ, ਇਸ ਜਨਸੰਖਿਆ ਦੀ ਤਰੱਕੀ ਅਤੇ ਪਰਿਵਰਤਨ ਨੂੰ ਚਲਾਉਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਪਰ ਇਹ ਉਹਨਾਂ ਚੁਣੌਤੀਆਂ ਨੂੰ ਸਵੀਕਾਰ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ ਜੋ ਉਹਨਾਂ ਨੂੰ ਇੱਕ ਨੌਕਰੀ ਦੀ ਮਾਰਕੀਟ ਵਿੱਚ ਦਰਪੇਸ਼ ਹਨ ਜੋ ਲਗਾਤਾਰ ਪ੍ਰਵਾਹ ਵਿੱਚ ਹਨ। ਅੰਕੜੇ ਪ੍ਰਗਟ ਕਰ ਰਹੇ ਹਨ: 92 ਦੇਸ਼ਾਂ ਵਿੱਚ, ਸਿੱਖਿਆ ਕਮਿਸ਼ਨ ਅਤੇ ਯੂਨੀਸੈਫ ਦੇ ਅਨੁਮਾਨਾਂ ਅਨੁਸਾਰ, 15-24 ਸਾਲ ਦੀ ਉਮਰ ਦੇ ਚਾਰ ਵਿੱਚੋਂ ਤਿੰਨ ਨੌਜਵਾਨਾਂ ਵਿੱਚ ਰੁਜ਼ਗਾਰ ਲਈ ਲੋੜੀਂਦੇ ਉੱਭਰ ਰਹੇ ਹੁਨਰਾਂ ਦੀ ਘਾਟ ਹੈ। ਇਹ ਚੁਣੌਤੀ ਵਿਸ਼ੇਸ਼ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਉਚਾਰੀ ਜਾਂਦੀ ਹੈ ਜਿੱਥੇ ਸਿੱਖਿਆ ਅਤੇ ਸਰੋਤਾਂ ਤੱਕ ਪਹੁੰਚ ਸੀਮਤ ਹੋ ਸਕਦੀ ਹੈ। ਇਹ ਸਪੱਸ਼ਟ ਅਸਮਾਨਤਾ ਸਾਡੇ ਨੌਜਵਾਨਾਂ ਨੂੰ ਹੁਨਰ ਪ੍ਰਦਾਨ ਕਰਨ ਦੀ ਜ਼ਰੂਰੀਤਾ ਨੂੰ ਰੇਖਾਂਕਿਤ ਕਰਦੀ ਹੈ ਜੋ ਨਾ ਸਿਰਫ਼ ਢੁਕਵੇਂ ਹਨ, ਸਗੋਂ ਅਨੁਕੂਲ ਹੋਣ, ਸਰਹੱਦਾਂ ਤੋਂ ਪਾਰ ਅਤੇ ਸ਼ਕਤੀਕਰਨ ਵੀ ਹਨ। ਆਉ ਭਾਰਤ, ਸੂਚਨਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਇੱਕ ਵਿਸ਼ਾਲ ਪ੍ਰਤਿਭਾ ਪੂਲ ਵਾਲਾ ਇੱਕ ਦੇਸ਼ 'ਤੇ ਵਿਚਾਰ ਕਰੀਏ। ਭਾਰਤ ਕੋਲ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੇ ਆਈਟੀ ਨਿਰਯਾਤਕਾਂ ਵਿੱਚੋਂ ਇੱਕ ਵਜੋਂ ਆਪਣੀ ਭੂਮਿਕਾ ਤੋਂ ਅੱਗੇ ਵਧਦੇ ਹੋਏ, ਤਕਨਾਲੋਜੀ ਅਤੇ ਨਵੀਨਤਾ ਦਾ ਕੇਂਦਰ ਬਣਨ ਦੀ ਸਮਰੱਥਾ ਹੈ। ਹਾਲਾਂਕਿ, ਸਮਾਜਿਕ ਮੁੱਦਿਆਂ ਨੂੰ ਹੱਲ ਕਰਨ ਦੀ ਸਮਰੱਥਾ ਵਾਲੇ ਚੰਗੇ-ਗੋਲੇ ਵਿਅਕਤੀਆਂ ਨੂੰ ਬਣਾਉਣ ਲਈ ਸਿਰਫ਼ ਨਵੇਂ ਹੁਨਰ ਹਾਸਲ ਕਰਨ ਤੋਂ ਤਬਦੀਲੀ ਕਰਨਾ ਲਾਜ਼ਮੀ ਹੈ। ਚੇਂਜਮੇਕਰਸ ਮਾਈਂਡਸੈੱਟ: 21ਵੀਂ ਸਦੀ ਦੀਆਂ ਚੁਣੌਤੀਆਂ ਅਤੇ ਮੌਕਿਆਂ ਲਈ ਅਗਲੀ ਪੀੜ੍ਹੀ ਨੂੰ ਤਿਆਰ ਕਰਨ ਲਈ ਉੱਦਮੀ ਸੋਚ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਚੇਂਜਮੇਕਰ ਮਾਨਸਿਕਤਾ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਗਲੋਬਲ ਲੀਡਰਸ਼ਿਪ ਪ੍ਰੋਗਰਾਮ ਅਤੇ ਪਹਿਲਕਦਮੀਆਂ ਨੌਜਵਾਨ ਵਿਦਿਆਰਥੀਆਂ ਵਿੱਚ ਇਸ ਮਾਨਸਿਕਤਾ ਨੂੰ ਪੈਦਾ ਕਰਨ ਲਈ ਇੱਕ ਵਿਲੱਖਣ ਪਲੇਟਫਾਰਮ ਪੇਸ਼ ਕਰਦੀਆਂ ਹਨ। ਉਹਨਾਂ ਨੂੰ ਇੱਕ ਪਾਠਕ੍ਰਮ ਵਿੱਚ ਲੀਨ ਕਰਕੇ ਜੋ ਕੁਝ ਅਸਲ ਜੀਵਨ ਦੀਆਂ ਚੁਣੌਤੀਆਂ ਦੇ ਆਲੇ ਦੁਆਲੇ ਨਵੀਨਤਾ ਅਤੇ ਉੱਦਮੀ ਸੋਚ 'ਤੇ ਜ਼ੋਰ ਦਿੰਦਾ ਹੈ, ਅਸੀਂ ਵਿਦਿਆਰਥੀਆਂ ਨੂੰ ਚੌਥੀ ਉਦਯੋਗਿਕ ਕ੍ਰਾਂਤੀ ਵਿੱਚ ਉੱਤਮਤਾ ਲਈ ਤਿਆਰ ਕਰ ਸਕਦੇ ਹਾਂ। ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਨਾਲ ਜੁੜੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਦੇਸ਼ ਅਤੇ ਜ਼ਿੰਮੇਵਾਰੀ ਦੀ ਭਾਵਨਾ ਪ੍ਰਦਾਨ ਕਰਦੇ ਹਨ, ਇੱਕ ਵਧੇਰੇ ਟਿਕਾਊ ਅਤੇ ਸਮਾਜਕ ਤੌਰ 'ਤੇ ਚੇਤੰਨ ਭਵਿੱਖ ਬਣਾਉਣ ਵਿੱਚ ਤਬਦੀਲੀ ਦੀ ਮਹ-ੱਤਤਾ ਨੂੰ ਮਜ਼ਬੂਤ ਕਰਦੇ ਹਨ। ਡਿਜੀਟਲ ਹੁਨਰਾਂ ਦਾ ਪਾਲਣ ਪੋਸ਼ਣ: ਤਕਨਾਲੋਜੀ ਪਰਿਵਰਤਨਸ਼ੀਲ ਸਿੱਖਿਆ ਲਈ ਇੱਕ ਮਹੱਤਵਪੂਰਨ ਸਾਧਨ ਹੈ। ਇਹ ਵਿਦਿਆਰਥੀਆਂ ਨੂੰ ਵਿਸ਼ਵ ਭਰ ਦੇ ਗਿਆਨ ਅਤੇ ਮਾਹਰਾਂ ਨਾਲ ਜੋੜਦਾ ਹੈ, ਜਿਸ ਨਾਲ ਨਵੀਨਤਾਕਾਰੀ ਸਮੱਸਿਆ-ਹੱਲ ਕਰਨ ਦੇ ਯੋਗ ਹੁੰਦਾ ਹੈ। ਨੌਕਰੀ ਦੀ ਤਿਆਰੀ ਤੋਂ ਪਰੇ, ਇਹ ਨੌਜਵਾਨਾਂ ਨੂੰ ਨਕਲੀ ਬੁੱਧੀ (AI), ਔਗਮੈਂਟੇਡ ਰਿਐਲਿਟੀ (AR), ਅਤੇ ਵਰਚੁਅਲ ਰਿਐਲਿਟੀ (VR) ਵਰਗੇ ਉੱਨਤ ਸਾਧਨਾਂ ਦੀ ਵਰਤੋਂ ਕਰਕੇ ਦਬਾਉਣ ਵਾਲੇ ਮੁੱਦਿਆਂ ਨੂੰ ਹੱਲ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਫੋਕਸ ਨੂੰ ਇੱਕ ਸੰਪੂਰਨ, ਅੰਤਰ-ਅਨੁਸ਼ਾਸਨੀ ਸਿੱਖਿਆ ਵੱਲ ਬਦਲਣਾ ਚਾਹੀਦਾ ਹੈ, ਜੋ ਕਿ ਵੱਖ-ਵੱਖ ਖੇਤਰਾਂ ਵਿੱਚ ਇੱਕ ਤਕਨੀਕੀ-ਕੇਂਦ੍ਰਿਤ ਭਵਿੱਖ ਲਈ ਨੌਜਵਾਨਾਂ ਨੂੰ ਤਿਆਰ ਕਰਨਾ ਹੈ, ਭਾਵੇਂ ਕਿ ਰਵਾਇਤੀ ਤੌਰ 'ਤੇ ਦਵਾਈ ਜਾਂ ਮਨੋਵਿਗਿਆਨ ਵਰਗੇ ਗੈਰ-ਤਕਨੀਕੀ ਖੇਤਰਾਂ ਵਿੱਚ ਵੀ। ਕਲਾਸਰੂਮ ਤੋਂ ਪਰੇ: ਸਿਖਲਾਈ ਇੱਕ ਰਵਾਇਤੀ ਕਲਾਸਰੂਮ ਦੀਆਂ ਸੀਮਾਵਾਂ ਤੋਂ ਪਰੇ ਹੈ। ਵਿਦਿਆਰਥੀ ਅਨੁਭਵੀ ਮੌਕਿਆਂ ਰਾਹੀਂ ਗਿਆਨ ਅਤੇ ਹੁਨਰ ਹਾਸਲ ਕਰਦੇ ਹਨ, ਜਿਵੇਂ ਕਿ ਵਾਤਾਵਰਣ ਸਥਿਰਤਾ, ਸਮਾਜਿਕ ਨਿਆਂ, ਅਤੇ ਭਾਈਚਾਰਕ ਸ਼ਮੂਲੀਅਤ ਦੇ ਆਲੇ-ਦੁਆਲੇ ਕੇਂਦਰਿਤ ਪ੍ਰੋਜੈਕਟਾਂ ਵਿੱਚ ਸ਼ਾਮਲ ਹੋਣਾ। ਨੌਜਵਾਨਾਂ ਦਾ ਸਸ਼ਕਤੀਕਰਨ: ਨੌਜਵਾਨਾਂ ਨੂੰ ਆਪਣੀ ਸਿੱਖਿਆ ਨੂੰ ਰੂਪ ਦੇਣ ਵਿੱਚ ਸ਼ਾਮਲ ਕਰਨਾ ਮਹੱਤਵਪੂਰਨ ਹੈ। ਇੱਕ ਸਖ਼ਤ, ਉੱਪਰ-ਹੇਠਾਂ ਪਹੁੰਚ ਨੂੰ ਲਾਗੂ ਕਰਨ ਦੀ ਬਜਾਏ, ਇੱਕ ਵਧੇਰੇ ਲਚਕਦਾਰ, ਹੇਠਾਂ-ਉੱਪਰ ਦਾ ਤਰੀਕਾ ਫਾਇਦੇਮੰਦ ਹੈ। ਇਸਦਾ ਮਤਲਬ ਹੈ ਕਿ ਉਹ ਜੋ ਸਿੱਖ ਰਹੇ ਹਨ ਉਸ ਬਾਰੇ ਨੌਜਵਾਨਾਂ ਦੇ ਵਿਚਾਰਾਂ ਅਤੇ ਵਿਚਾਰਾਂ ਨੂੰ ਸੁਣਨਾ। ਨੌਜਵਾਨਾਂ ਨੂੰ ਨਵੇਂ ਹੁਨਰਾਂ ਨਾਲ ਲੈਸ ਕਰਕੇ, ਅਸੀਂ ਉਹਨਾਂ ਨੂੰ ਉਹਨਾਂ ਦਾ ਗਿਆਨ ਉਹਨਾਂ ਤੱਕ ਪਹੁੰਚਾਉਣ ਲਈ ਸ਼ਕਤੀ ਪ੍ਰਦਾਨ ਕਰਦੇ ਹਾਂਉਨ੍ਹਾਂ ਦੇ ਭਾਈਚਾਰਿਆਂ ਵਿੱਚ ਅਗਲੀ ਪੀੜ੍ਹੀ। ਇਸਦਾ ਨਤੀਜਾ ਇੱਕ ਸਹਿਯੋਗੀ ਪ੍ਰਣਾਲੀ ਵਿੱਚ ਹੁੰਦਾ ਹੈ ਜਿੱਥੇ ਇਹ ਯਕੀਨੀ ਬਣਾਉਣ ਵਿੱਚ ਹਰ ਇੱਕ ਦੀ ਭੂਮਿਕਾ ਹੁੰਦੀ ਹੈ ਕਿ ਨੌਜਵਾਨ ਕੀਮਤੀ ਹੁਨਰ ਹਾਸਲ ਕਰਦੇ ਹਨ। ਸਾਡੇ ਨੌਜਵਾਨਾਂ ਨੂੰ ਭਵਿੱਖ ਲਈ ਤਿਆਰ ਕਰਨ ਦਾ ਰਸਤਾ ਬਹੁਪੱਖੀ ਹੈ। ਇਸ ਵਿੱਚ ਇੱਕ ਚੇਂਜਮੇਕਰ ਮਾਨਸਿਕਤਾ ਨੂੰ ਉਤਸ਼ਾਹਿਤ ਕਰਨਾ, ਡਿਜੀਟਲ ਹੁਨਰਾਂ ਦਾ ਪਾਲਣ ਪੋਸ਼ਣ ਕਰਨਾ, ਸਮਾਜਿਕ ਭਾਵਨਾਤਮਕ ਵਿਕਾਸ 'ਤੇ ਜ਼ੋਰ ਦੇਣਾ, ਨੌਜਵਾਨਾਂ ਨੂੰ ਆਪਣੀ ਸਿੱਖਿਆ ਦੀ ਜ਼ਿੰਮੇਵਾਰੀ ਸੰਭਾਲਣ ਲਈ ਸ਼ਕਤੀ ਪ੍ਰਦਾਨ ਕਰਨਾ, ਅਤੇ ਕਲਾਸਰੂਮ ਤੋਂ ਬਾਹਰ ਸਿੱਖਣ ਨੂੰ ਵਧਾਉਣਾ ਸ਼ਾਮਲ ਹੈ। ਸਾਡੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਇਹਨਾਂ ਪਰਿਵਰਤਨਸ਼ੀਲ ਪਹੁੰਚਾਂ ਨੂੰ ਅਪਣਾ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਉਹ ਸਾਨੂੰ ਇੱਕ ਚਮਕਦਾਰ, ਵਧੇਰੇ ਟਿਕਾਊ ਭਵਿੱਖ ਵੱਲ ਲੈ ਜਾਣਗੇ।

*ਵਿਜੈ ਗਰਗ ਸੇਵਾਮੁਕਤ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ*

# ਯੂਪੀਐਸਸੀ ਸੀਐਸਈ 2024 ਲਈ ਸੰਪੂਰਨ ਦਿਸ਼ਾ-ਨਿਰਦੇਸ਼ ਪਹਿਲੀ ਕੋਸ਼ਿਸ਼ ਵਿੱਚ ਪ੍ਰੀਲਿਮਜ਼ ਪ੍ਰੀਖਿਆ ਨੂੰ ਪਾਸ ਕਰਨ ਲਈ ਤਿਆਰੀ

**ਵਿਜੈ ਗਰਗ**

ਯੂਪੀਐਸਸੀ ਪ੍ਰੀਲਿਮਜ਼ 2024: ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਸਿਵਲ ਸਰਵਿਸਿਜ਼ ਪ੍ਰੀਖਿਆ ਭਾਰਤ ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚੋਂ ਇੱਕ ਹੈ। ਯੂਪੀਐਸਸੀ ਆਈਏਐਸ ਪ੍ਰੀਲਿਮਜ਼ ਇਮਤਿਹਾਨ ਨੂੰ ਪੂਰਾ ਕਰਨਾ ਆਈਏਐਸ, ਆਈਪੀਐਸ, ਜਾਂ ਆਈਐਫਐਸ ਅਧਿਕਾਰੀ ਬਣਨ ਵੱਲ ਪਹਿਲਾ ਕਦਮ ਹੈ। ਹਾਲਾਂਕਿ ਇਮਤਿਹਾਨ ਬਿਨਾਂ ਸ਼ੱਕ ਸਖ਼ਤ ਹੈ, ਪਰ ਪਹਿਲੀ ਕੋਸ਼ਿਸ਼ ਵਿੱਚ ਇਸ ਨੂੰ ਪਾਸ ਕਰਨਾ ਅਸੰਭਵ ਨਹੀਂ ਹੈ। ਸ਼ੁਰੂਆਤੀ ਕੋਸ਼ਿਸ਼ ਵਿੱਚ ਯੂਪੀਐਸਸੀ ਪ੍ਰੀਲਿਮਜ਼ ਇਮਤਿਹਾਨ ਨੂੰ ਪਾਸ ਕਰਨ ਲਈ ਇੱਕ ਵਿਆਪਕ ਅਤੇ ਰਣਨੀਤਕ ਪਹੁੰਚ ਦੀ ਲੋੜ ਹੁੰਦੀ ਹੈ ਜੋ ਸਿਰਫ਼ ਯਾਦ ਕਰਨ ਤੋਂ ਪਰੇ ਹੈ। ਇਸ ਚੁਣੌਤੀਪੂਰਨ ਪ੍ਰੀਖਿਆ ਨੂੰ ਸਫਲਤਾਪੂਰਵਕ ਨੈਵੀਗੇਟ ਕਰਨ ਲਈ, ਉਮੀਦਵਾਰਾਂ ਨੂੰ ਇਮਤਿਹਾਨ ਦੇ ਪੈਟਰਨ ਦੀ ਪੂਰੀ ਸਮਝ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ, ਜਿਸ ਵਿੱਚ ਦੋ ਉਦੇਸ਼-ਕਿਸਮ ਦੇ ਪੇਪਰ ਸ਼ਾਮਲ ਹਨ: ਜਨਰਲ ਸਟੱਡੀਜ਼ ਪੇਪਰ I ਅਤੇ ਜਨਰਲ ਸਟੱਡੀਜ਼ ਪੇਪਰ II (ਸੀਸੈਟ)। ਸਿਲੇਬਸ ਨਾਲ ਜਾਣੂ ਹੋਣਾ ਸਭ ਤੋਂ ਮਹੱਤਵਪੂਰਨ ਹੈ, ਕਿਉਂਕਿ ਇਹ ਇਤਿਹਾਸ ਅਤੇ ਭੂਗੋਲ ਤੋਂ ਲੈ ਕੇ ਵਰਤਮਾਨ ਮਾਮਲਿਆਂ ਅਤੇ ਯੋਗਤਾ ਤੱਕ ਵਿਸ਼ਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸ਼ਾਮਲ ਕਰਦਾ ਹੈ। ਪ੍ਰੀਖਿਆਰਥੀਆਂ ਨੂੰ ਪ੍ਰੀਖਿਅਕ ਦੀਆਂ ਉਮੀਦਾਂ ਬਾਰੇ ਸਮਝ ਪ੍ਰਾਪਤ ਕਰਨ ਲਈ, ਪੈਟਰਨਾਂ ਅਤੇ ਰੁਝਾਨਾਂ ਨੂੰ ਸਮਝਣ ਲਈ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਅਗਲੇ ਸਾਲ, ਯੂਪੀਐਸਸੀ 26 ਮਈ, 2024 ਨੂੰ ਸੀਐਸਈ ਪ੍ਰੀਲਿਮਜ਼ 2024 ਦਾ ਆਯੋਜਨ ਕਰਨ ਵਾਲੀ ਹੈ। ਉਹ ਉਮੀਦਵਾਰ ਜੋ ਪਹਿਲੀ ਵਾਰ ਸਿਵਲ ਸਰਵਿਸਿਜ਼ (ਪ੍ਰੀਲੀਮਿਨਰੀ) ਪ੍ਰੀਖਿਆ, 2024 ਲਈ ਬੈਠਣ ਦੀ ਤਿਆਰੀ ਕਰ ਰਹੇ ਹਨ, ਉਹ 10 ਰਣਨੀਤੀਆਂ ਦੀ ਜਾਂਚ ਕਰ ਸਕਦੇ ਹਨ ਜੋ ਉਹਨਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਟੀਚਾ; 1। ਸਿਲੇਬਸ ਅਤੇ ਪ੍ਰੀਖਿਆ ਪੈਟਰਨ ਨੂੰ ਚੰਗੀ ਤਰ੍ਹਾਂ ਸਮਝੋ ਕਿਸੇ ਵੀ ਇਮਤਿਹਾਨ ਨੂੰ ਪਾਸ ਕਰਨ ਦਾ ਪਹਿਲਾ ਕਦਮ ਹੈ ਸਿਲੇਬਸ ਅਤੇ ਪ੍ਰੀਖਿਆ ਪੈਟਰਨ ਨੂੰ ਚੰਗੀ ਤਰ੍ਹਾਂ ਸਮਝਣਾ। ਯੂਪੀਐਸਸੀ ਪ੍ਰੀਲਿਮਸ ਸਿਲੇਬਸ ਵਿਸ਼ਾਲ ਹੈ, ਜਿਸ ਵਿੱਚ ਇਤਿਹਾਸ, ਭੂਗੋਲ, ਰਾਜਨੀਤੀ, ਅਰਥ ਸ਼ਾਸਤਰ, ਵਿਗਿਆਨ ਅਤੇ ਵਰਤਮਾਨ ਮਾਮਲਿਆਂ ਸਮੇਤ ਬਹੁਤ ਸਾਰੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਮਤਿਹਾਨ ਦਾ ਪੈਟਰਨ ਹਰ ਵਿਸ਼ੇ ਤੋਂ ਬਹੁ-ਚੋਣ ਵਾਲੇ ਪ੍ਰਸ਼ਨਾਂ ਦੇ ਨਾਲ ਉਦੇਸ਼ਪੂਰਨ ਹੁੰਦਾ ਹੈ। 2. ਇੱਕ ਅਧਿਐਨ ਯੋਜਨਾ ਬਣਾਓ ਅਤੇ ਇਸ ਨਾਲ ਜੁੜੇ ਰਹੋ ਇੱਕ ਵਾਰ ਜਦੋਂ ਤੁਸੀਂ ਸਿਲੇਬਸ ਅਤੇ ਇਮਤਿਹਾਨ ਦੇ ਪੈਟਰਨ ਨੂੰ ਸਮਝ



ਲੈਂਦੇ ਹੋ, ਤਾਂ ਇੱਕ ਅਧਿਐਨ ਯੋਜਨਾ ਬਣਾਉਣਾ ਮਹੱਤਵਪੂਰਨ ਹੁੰਦਾ ਹੈ ਜੋ ਤੁਹਾਡੀ ਸਿੱਖਣ ਦੀ ਸ਼ੈਲੀ ਅਤੇ ਕਾਰਜਕ੍ਰਮ ਦੇ ਅਨੁਕੂਲ ਹੋਵੇ। ਸਿਲੇਬਸ ਨੂੰ ਪ੍ਰਬੰਧਨਯੋਗ ਹਿੱਸਿਆਂ ਵਿੱਚ ਵੰਡਣਾ ਯਕੀਨੀ ਬਣਾਓ ਅਤੇ ਹਰੇਕ ਵਿਸ਼ੇ ਲਈ ਉਸ ਅਨੁਸਾਰ ਸਮਾਂ ਨਿਰਧਾਰਤ ਕਰੋ। ਆਪਣੀ ਅਧਿਐਨ ਯੋਜਨਾ 'ਤੇ ਬਣੇ ਰਹੋ ਅਤੇ ਧਿਆਨ ਭਟਕਣ ਤੋਂ ਬਚੋ। 3. ਐਨਸੀਈਆਰਟੀ ਪਾਠ ਪੁਸਤਕਾਂ ਦੀ ਵਰਤੋਂ ਕਰੋ ਐਨਸੀਈਆਰਟੀ ਪਾਠ ਪੁਸਤਕਾਂ ਯੂਪੀਐਸਸੀ ਪ੍ਰੀਲਿਮਜ਼ ਲਈ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਹਨ। ਉਹ ਇੱਕ ਸਰਲ ਅਤੇ ਸਮਝਣ ਵਿੱਚ ਆਸਾਨ ਭਾਸ਼ਾ ਵਿੱਚ ਲਿਖੇ ਗਏ ਹਨ ਅਤੇ ਸਿਲੇਬਸ ਦੇ ਸਾਰੇ ਮਹੱਤਵਪੂਰਨ ਵਿਸ਼ਿਆਂ ਨੂੰ ਕਵਰ ਕਰਦੇ ਹਨ। 4. ਆਪਣੀ ਐਨਸੀਈਆਰਟੀ ਰੀਡਿੰਗ ਨੂੰ ਹੋਰ ਮਿਆਰੀ ਪਾਠ-ਪੁਸਤਕਾਂ ਅਤੇ ਹਵਾਲਾ ਸਮੱਗਰੀ ਨਾਲ ਪੂਰਕ ਕਰੋ ਜਦੋਂ ਕਿ ਐਨਸੀਈਆਰਟੀ ਪਾਠ-ਪੁਸਤਕਾਂ ਇੱਕ ਵਧੀਆ ਬੁਨਿਆਦ ਹਨ, ਤੁਹਾਨੂੰ ਹੋਰ ਮਿਆਰੀ ਪਾਠ-ਪੁਸਤਕਾਂ ਅਤੇ ਸੰਦਰਭ ਸਮੱਗਰੀਆਂ ਦੇ ਨਾਲ ਆਪਣੇ ਪੜ੍ਹਨ ਨੂੰ ਪੂਰਕ ਕਰਨ ਦੀ ਲੋੜ ਹੋ ਸਕਦੀ ਹੈ। ਇਹ ਵਿਸ਼ੇਸ਼ ਤੌਰ 'ਤੇ ਇਤਿਹਾਸ ਅਤੇ ਭੂਗੋਲ ਵਰਗੇ ਵਿਸ਼ਿਆਂ ਲਈ ਸੱਚ ਹੈ, ਜਿੱਥੇ ਐਨਸੀਈਆਰਟੀ ਪਾਠ ਪੁਸਤਕਾਂ ਸਾਰੇ ਵੇਰਵਿਆਂ ਨੂੰ ਕਵਰ ਨਹੀਂ ਕਰ ਸਕਦੀਆਂ। 5। ਮੌਜੂਦਾ ਮਾਮਲਿਆਂ ਨਾਲ ਅਪਡੇਟ ਰਹੋ ਵਰਤਮਾਨ ਮਾਮਲੇ ਯੂਪੀਐਸਸੀ ਪ੍ਰੀਲਿਮਸ ਸਿਲੇਬਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਮੌਜੂਦਾ ਘਟਨਾਵਾਂ 'ਤੇ ਅਪਡੇਟ ਰਹਿਣ ਲਈ ਰੋਜ਼ਾਨਾ ਅਖਬਾਰ ਪੜ੍ਹਨਾ ਅਤੇ ਖਬਰਾਂ ਨੂੰ ਨਿਯਮਿਤ ਤੌਰ 'ਤੇ ਦੇਖਣਾ ਯਕੀਨੀ ਬਣਾਓ। ਤੁਸੀਂ ਕਿਸੇ ਚੰਗੇ ਮੌਜੂਦਾ ਮਾਮਲਿਆਂ ਦੇ ਮੈਗਜ਼ੀਨ ਜਾਂ ਵੈਬਸਾਈਟ ਦੀ ਗਾਹਕੀ ਵੀ ਲੈ ਸਕਦੇ ਹੋ। 6. ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਨ ਦਾ ਅਭਿਆਸ ਕਰੋ ਯੂਪੀਐਸਸੀ ਪ੍ਰੀਲਿਮਜ਼ ਦੀ ਤਿਆਰੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਨ ਦਾ ਅਭਿਆਸ ਕਰਨਾ। ਇਹ ਤੁਹਾਨੂੰ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਕਿਸਮ ਦਾ ਅਹਿਸਾਸ ਕਰਵਾਉਣ ਅਤੇ ਤੁਹਾਡੇ ਸਮਾਂ ਪ੍ਰਬੰਧਨ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ। 7. ਨਿਯਮਿਤ ਤੌਰ 'ਤੇ ਮੌਕ ਟੈਸਟ ਲਓ ਮੌਕ ਟੈਸਟ ਤੁਹਾਡੀ ਤਰੱਕੀ ਦਾ ਮੁਲਾਂਕਣ ਕਰਨ ਅਤੇ ਉਹਨਾਂ ਖੇਤਰਾਂ ਦੀ ਪਛਾਣ ਕਰਨ ਦਾ ਇੱਕ ਵਧੀਆ ਤਰੀਕਾ ਹੈ ਜਿੱਥੇ ਤੁਹਾਨੂੰ ਸੁਧਾਰ ਕਰਨ ਦੀ ਲੋੜ ਹੈ। ਆਪਣੀ ਅਧਿਐਨ ਯੋਜਨਾ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਨਿਯਮਿਤ ਤੌਰ 'ਤੇ ਮੌਕ ਟੈਸਟ ਲਓ ਅਤੇ ਆਪਣੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰੋ। 8. ਇੱਕ ਮਜ਼ਬੂਤ ਜਵਾਬ ਲਿਖਣ ਦਾ ਅਭਿਆਸ ਵਿਕਸਿਤ ਕਰੋ ਉੱਤਰ ਲਿਖਣਾ ਇੱਕ ਮਹੱਤਵਪੂਰਨ ਹੈ।

ਯੂਪੀਐਸਸੀ ਮੁੱਖ ਪ੍ਰੀਖਿਆ ਦਾ ਹਿੱਸਾ। ਪਿਛਲੇ ਸਾਲਾਂ ਦੇ ਪੇਪਰਾਂ ਅਤੇ ਮੌਕ ਟੈਸਟਾਂ ਦੇ ਸਵਾਲਾਂ ਦੇ ਜਵਾਬ ਲਿਖਣ ਦਾ ਅਭਿਆਸ ਕਰਨਾ ਯਕੀਨੀ ਬਣਾਓ। ਤੁਸੀਂ ਉੱਤਰ ਲਿਖਣ ਦੀ ਵਰਕਸ਼ਾਪ ਵਿੱਚ ਵੀ ਸ਼ਾਮਲ ਹੋ ਸਕਦੇ ਹੋ ਜਾਂ ਕਿਸੇ ਸਲਾਹਕਾਰ ਤੋਂ ਮਾਰਗਦਰਸ਼ਨ ਲੈ ਸਕਦੇ ਹੋ। 9. ਸਕਾਰਾਤਮਕ ਅਤੇ ਪ੍ਰੇਰਿਤ ਰਹੋ ਯੂਪੀਐਸਸੀ ਪ੍ਰੀਲਿਮਜ਼ ਇੱਕ ਸਖ਼ਤ ਪ੍ਰੀਖਿਆ ਹੈ, ਅਤੇ ਇਸ ਤੋਂ ਨਿਰਾਸ਼ ਹੋਣਾ ਆਸਾਨ ਹੈ। ਹਾਲਾਂਕਿ, ਤੁਹਾਡੀ ਤਿਆਰੀ ਦੌਰਾਨ ਸਕਾਰਾਤਮਕ ਅਤੇ ਪ੍ਰੇਰਿਤ ਰਹਿਣਾ ਮਹੱਤਵਪੂਰਨ ਹੈ। ਯਾਦ ਰੱਖੋ ਕਿ ਸਖਤ ਮਿਹਨਤ ਅਤੇ ਸਮਰਪਣ ਅੰਤ ਵਿੱਚ ਫਲ ਦੇਵੇਗਾ। 10. ਆਪਣੇ ਆਪ ਵਿੱਚ ਵਿਸ਼ਵਾਸ ਕਰੋ ਯਾਦ ਰੱਖਣ ਵਾਲੀ ਸਭ ਤੋਂ ਮਹੱਤਵਪੂਰਣ ਚੀਜ਼ ਆਪਣੇ ਆਪ ਵਿੱਚ ਵਿਸ਼ਵਾਸ ਕਰਨਾ ਹੈ। ਤੁਹਾਡੇ ਕੋਲ ਆਪਣੀ ਪਹਿਲੀ ਕੋਸ਼ਿਸ਼ ਵਿੱਚ ਯੂਪੀਐਸਸੀ ਪ੍ਰੀਲਿਮਜ਼ ਨੂੰ ਪਾਸ ਕਰਨ ਦੀ ਸਮਰੱਥਾ ਹੈ। ਤੁਹਾਨੂੰ ਸਿਰਫ਼ ਸਖ਼ਤ ਮਿਹਨਤ ਕਰਨ ਦੀ ਲੋੜ ਹੈ ਅਤੇ ਆਪਣੇ ਸੁਪਨਿਆਂ ਨੂੰ ਕਦੇ ਵੀ ਹਾਰ ਨਾ ਮੰਨੋ।

# ਅੰਤਰਰਾਸ਼ਟਰੀ ਗਤੀਸ਼ੀਲਤਾ ਅਤੇ ਸਟੈਮ ਅਧਿਐਨਾਂ ਵਿੱਚ ਲਿੰਗ ਅੰਤਰ ਨੂੰ ਸੰਬੋਧਿਤ ਕਰਨਾ ਮਹੱਤਵਪੂਰਨ ਕਿਉਂ ਹੈ

**ਵਿਜੈ ਗਰਗ**

ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਜੈਂਡਰ ਗੈਪ ਰਿਪੋਰਟ, 2023, ਲਿੰਗ ਸਮਾਨਤਾ ਦੇ ਮਾਮਲੇ ਵਿੱਚ ਭਾਰਤ 146 ਦੇਸ਼ਾਂ ਵਿੱਚੋਂ 127ਵੇਂ ਸਥਾਨ 'ਤੇ ਸੀ - ਪਿਛਲੇ ਸਾਲ ਨਾਲੋਂ ਅੱਠ ਸਥਾਨਾਂ ਦਾ ਸੁਧਾਰ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੇ 64.3% ਸਮੁੱਚੇ ਲਿੰਗ ਪਾੜੇ ਨੂੰ ਬੰਦ ਕਰ ਦਿੱਤਾ ਹੈ; ਇਹ ਆਰਥਿਕ ਭਾਗੀਦਾਰੀ ਅਤੇ ਮੌਕਿਆਂ 'ਤੇ ਸਿਰਫ 36.7% ਬਰਾਬਰੀ 'ਤੇ ਪਹੁੰਚਿਆ ਸੀ। ਇੱਕ ਸਦਾ-ਵਿਕਸਤ ਗਲੋਬਲ ਕਾਰਜਬਲ ਵਿੱਚ, ਸਿੱਖਿਆ ਅਤੇ ਰੁਜ਼ਗਾਰ ਦੋਵਾਂ ਵਿੱਚ ਲਿੰਗ ਪਾੜੇ ਦੀ ਸਥਿਰਤਾ ਇੱਕ ਚੁਣੌਤੀ ਬਣੀ ਹੋਈ ਹੈ ਜੋ ਭੂਗੋਲਿਕ ਸੀਮਾਵਾਂ ਨੂੰ ਪਾਰ ਕਰਦੀ ਹੈ। ਦੁਨੀਆ ਭਰ ਵਿੱਚ, ਸਿੱਖਿਆ ਵਿੱਚ ਲਿੰਗ-ਅਧਾਰਤ ਅਸਮਾਨਤਾਵਾਂ ਜਾਰੀ ਹਨ, ਜਟਿਲ ਚੁਣੌਤੀਆਂ ਪੈਦਾ ਕਰਦੀਆਂ ਹਨ। ਸਿੱਖਿਆ ਦਾਖਲਾ ਦਰਾਂ, ਸੰਪੂਰਨਤਾ ਦੇ ਅੰਕੜੇ, ਅਕਾਦਮਿਕ ਪ੍ਰਾਪਤੀਆਂ, ਅਤੇ ਵਿਅਕਤੀਆਂ ਦੁਆਰਾ ਚੁਣੇ ਗਏ ਅਧਿਐਨ ਦੇ ਖੇਤਰਾਂ ਵਿਚਕਾਰ ਗੱਠਜੋੜ ਉਹਨਾਂ ਦੇ ਕੈਰੀਅਰ ਦੇ ਚਾਲ-ਚਲਣ ਨੂੰ ਆਕਾਰ ਦੇਣ ਵਿੱਚ ਸਹਾਇਕ ਹੈ। ਇਸ ਸੰਦਰਭ ਵਿੱਚ ਇੱਕ ਉਦਾਹਰਨ ਸਟੈਮ ਵਿਸ਼ਿਆਂ ਵਿੱਚ ਔਰਤਾਂ ਦੀ ਘੱਟ ਪੇਸ਼ਕਾਰੀ ਹੈ - ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਅਤੇ ਗਣਿਤ। ਇਹ ਖੇਤਰ ਨਾ ਸਿਰਫ਼ ਉੱਚੇ ਮਿਹਨਤਾਨੇ ਦੀ ਪੇਸ਼ਕਸ਼ ਕਰਦੇ ਹਨ ਬਲਕਿ ਸਥਿਰਤਾ ਅਤੇ ਵਿਕਾਸ ਦਾ ਵਾਅਦਾ ਵੀ ਕਰਦੇ ਹਨ। ਹਾਲਾਂਕਿ, ਵਿਭਿੰਨਤਾ ਦੀ ਇਹ ਘਾਟ ਕੁਝ ਖਾਸ ਨੌਕਰੀਆਂ ਨੂੰ ਵਿਸ਼ੇਸ਼ ਰੱਖਦੀ ਹੈ, ਜੋ ਬਦਲੇ ਵਿੱਚ ਲੋਕਾਂ ਲਈ ਖਾਸ ਨੌਕਰੀਆਂ ਦੀਆਂ ਕਿਸਮਾਂ ਵਿੱਚ ਰਹਿਣ ਦੀ ਸੰਭਾਵਨਾ ਬਣਾਉਂਦੀ ਹੈ। ਬਦਲਦੇ ਰੁਝਾਨ ਉੱਚ ਸਿੱਖਿਆ ਦਾ ਲੈਂਡਸਕੇਪ ਔਰਤਾਂ ਦੀ ਵਧਦੀ ਮੌਜੂਦਗੀ ਦੁਆਰਾ ਸੰਚਾਲਿਤ ਇੱਕ ਤਬਦੀਲੀ ਦਾ ਅਨੁਭਵ ਕਰ ਰਿਹਾ ਹੈ। ਇਤਿਹਾਸਕ ਤੌਰ 'ਤੇ, ਉੱਚ ਸਿੱਖਿਆ ਵਿੱਚ ਔਰਤਾਂ ਦਾ ਦਾਖਲਾ ਚਿੰਤਾ ਦਾ ਕਾਰਨ ਰਿਹਾ ਹੈ, ਖਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਸਮਾਜਿਕ-ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਰੁਕਾਵਟਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਉਹਨਾਂ ਦੀ ਪਹੁੰਚ ਨੂੰ ਸੀਮਤ ਕਰਦੀਆਂ ਹਨ। ਹਾਲਾਂਕਿ, ਇੱਕ ਉਤਸ਼ਾਹਜਨਕ ਤਬਦੀਲੀ ਹੋ ਰਹੀ ਹੈ ਕਿਉਂਕਿ ਪਿਛਲੇ ਚਾਰ ਦਹਾਕਿਆਂ ਵਿੱਚ ਉੱਚ ਸਿੱਖਿਆ ਵਿੱਚ ਔਰਤਾਂ ਦੇ ਦਾਖਲੇ ਨੇ ਮਰਦਾਂ ਨਾਲੋਂ ਵੱਧ ਗਏ ਹਨ। ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਐਜੂਕੇਸ਼ਨ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਵਿਸ਼ਵ ਭਰ ਵਿੱਚ ਉੱਚ ਸਿੱਖਿਆ ਵਿੱਚ ਔਰਤਾਂ ਦੇ ਦਾਖਲੇ ਵਿੱਚ ਮਰਦਾਂ ਦੇ ਦਾਖਲੇ ਨਾਲੋਂ ਲਗਭਗ ਦੁੱਗਣਾ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਵਾਧੇ ਦਾ ਕਾਰਨ ਇਕੁਇਟੀ ਅਤੇ ਪਹੁੰਚ ਵਿੱਚ ਸੁਧਾਰ, ਆਮਦਨੀ ਦੀਆਂ ਵਧੀਆਂ ਸੰਭਾਵਨਾਵਾਂ, ਅਤੇ ਸਾਰੇ ਸਿੱਖਿਆ ਪੱਧਰਾਂ ਵਿੱਚ ਲਿੰਗ ਅਸਮਾਨਤਾ ਨੂੰ ਘਟਾਉਣ ਲਈ ਅੰਤਰਰਾਸ਼ਟਰੀ ਤੌਰ 'ਤੇ ਸਵੀਕਾਰ ਕੀਤੀ ਗਈ ਜ਼ਰੂਰਤ ਨੂੰ ਮੰਨਿਆ ਜਾ ਸਕਦਾ ਹੈ। ਆਰਥਿਕ ਵਿਕਾਸ ਦੀ ਭੂਮਿਕਾ ਆਰਥਿਕ ਵਿਕਾਸ ਲਿੰਗ ਸਮਾਨਤਾ ਨੂੰ ਉਤਸ਼ਾਹਤ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਅਦਾ ਕਰਦਾ ਹੈ ਅਤੇ ਭਾਰਤ ਅਤੇ ਚੀਨ ਵਰਗੇ ਦੇਸ਼ ਪ੍ਰਮੁੱਖ ਉਦਾਹਰਣਾਂ ਵਜੋਂ ਕੰਮ ਕਰਦੇ ਹਨ। ਇਹਨਾਂ ਦੇਸ਼ਾਂ ਦੇ ਆਰਥਿਕ ਵਿਕਾਸ ਨੇ ਘਰੇਲੂ ਅਤੇ ਅੰਤਰਰਾਸ਼ਟਰੀ ਉੱਚ ਸਿੱਖਿਆ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਔਰਤਾਂ ਦੇ ਦਾਖਲੇ ਨੂੰ ਪ੍ਰੇਰਿਆ ਹੈ। ਭਾਰਤ ਨੇ ਉੱਚ ਸਿੱਖਿਆ ਵਿੱਚ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਆਲ-ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ 2019-20 ਦੇ ਅਨੁਸਾਰ, ਪੁਰਸ਼ਾਂ ਲਈ 26.9% ਦੇ ਮੁਕਾਬਲੇ 27.3% ਦੇ ਕੁੱਲ ਦਾਖਲੇ ਅਨੁਪਾਤ ਦੇ ਨਾਲ, ਔਰਤਾਂ ਦਾ ਦਾਖਲਾ ਹੁਣ ਮਰਦਾਂ ਨਾਲੋਂ ਵੱਧ ਗਿਆ ਹੈ। ਇਹ 2015-16 ਤੋਂ 2019-20 ਤੱਕ ਔਰਤਾਂ ਦੇ ਦਾਖਲੇ ਵਿੱਚ 18% ਵਾਧਾ ਦਰਸਾਉਂਦਾ ਹੈ। ਜਦੋਂ ਕਿ ਸਟੈਮ ਖੇਤਰਾਂ ਵਿੱਚ ਲਿੰਗ ਪਾੜਾ ਇੱਕ ਵਿਸ਼ਵਵਿਆਪੀ ਚੁਣੌਤੀ ਬਣਿਆ ਹੋਇਆ ਹੈ, ਭਾਰਤ ਤਰੱਕੀ ਕਰ ਰਿਹਾ ਹੈ। ਭਾਰਤ ਵਿੱਚ ਬਹੁਤ ਸਾਰੀਆਂ ਔਰਤਾਂ ਸਟੈਮ ਗ੍ਰੈਜੂਏਟ ਪੈਦਾ ਕਰਨ ਦੇ ਬਾਵਜੂਦ, ਔਰਤਾਂ ਸਟੈਮ ਖੇਤਰਾਂ ਵਿੱਚ ਖੋਜਕਰਤਾਵਾਂ ਵਿੱਚ 15% ਤੋਂ ਘੱਟ ਹਨ। ਹਾਲਾਂਕਿ, ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸੰਯੁਕਤ ਰਾਜ ਵਿੱਚ ਸਟੈਮ ਦੀ ਪੜ੍ਹਾਈ ਕਰ ਰਹੀਆਂ ਭਾਰਤੀ ਔਰਤਾਂ ਦੀ ਵਧਦੀ ਗਿਣਤੀ, ਖਾਸ ਤੌਰ 'ਤੇ ਮਾਸਟਰ ਪੱਧਰ 'ਤੇ। ਸਟੈਮ ਵਿੱਚ ਔਰਤਾਂ ਲਈ ਭਾਰਤ-ਯੂਐਸ ਫੈਲੋਸ਼ਿਪ ਵਰਗੀਆਂ ਪਹਿਲਕਦਮੀਆਂ ਵੀ ਇਸ ਲਿੰਗ ਪਾੜੇ ਨੂੰ ਬੰਦ ਕਰਨ ਲਈ ਕੰਮ ਕਰ ਰਹੀਆਂ ਹਨ। ਪਰਿਵਰਤਨ ਦੀਆਂ ਹਵਾਵਾਂ ਵਗ ਰਹੀਆਂ ਹਨ, ਜੋ ਔਰਤਾਂ ਨੂੰ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਅਤੇ ਉੱਚ ਪੱਧਰੀ ਸੰਸਥਾਵਾਂ ਵਿੱਚ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਦੇ ਯੋਗ ਬਣਾਉਂਦੀਆਂ ਹਨ। ਆਰਥਿਕ ਵਿਕਾਸ ਅਤੇ ਸਮਾਜਿਕ-ਸੱਭਿਆਚਾਰਕ ਰੁਕਾਵਟਾਂ ਦੇ ਟੁੱਟਣ ਦੇ ਨਾਲ-ਨਾਲ, ਸਰਕਾਰਾਂ, ਬਹੁ-ਪੱਖੀ ਸੰਸਥਾਵਾਂ, ਅਤੇ ਦੁਆਰਾ ਫੰਡ ਕੀਤੇ ਗਏ ਟੀਚੇ ਵਾਲੇ ਸਕਾਲਰਸ਼ਿਪ ਅਤੇ ਫੈਲੋਸ਼ਿਪਸਪ੍ਰਾਈਵੇਟ ਸੰਸਥਾਵਾਂ ਉੱਚ ਸਿੱਖਿਆ ਵਿੱਚ ਔਰਤਾਂ ਲਈ ਰਾਹ ਪੱਧਰਾ ਕਰ ਰਹੀਆਂ ਹਨ। ਫਿਰ ਵੀ, ਅੰਤਰਰਾਸ਼ਟਰੀ ਗਤੀਸ਼ੀਲਤਾ ਅਤੇ ਸਟੈਮ ਅਧਿਐਨਾਂ ਵਿੱਚ ਲਿੰਗ ਪਾੜੇ ਨੂੰ ਸੰਬੋਧਿਤ ਕਰਨ ਲਈ ਵਿਅਕਤੀਆਂ, ਸਮਾਜ ਅਤੇ ਸਰਕਾਰਾਂ ਦੇ ਸਮੂਹਿਕ ਯਤਨਾਂ ਦੀ ਲੋੜ ਹੈ। ਕੇਵਲ ਨਿਰੰਤਰ ਵਚਨਬੱਧਤਾ ਅਤੇ ਸਹਿਯੋਗ ਦੁਆਰਾ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਵਿਸ਼ਵ ਭਰ ਦੀਆਂ ਔਰਤਾਂ ਨੂੰ ਉੱਚ ਸਿੱਖਿਆ ਅਤੇ ਇਸ ਤੋਂ ਬਾਹਰ ਦੇ ਖੇਤਰਾਂ ਵਿੱਚ ਉੱਤਮਤਾ ਦੇ ਬਰਾਬਰ ਮੌਕੇ ਮਿਲੇ।

# ਸੁਲਤਾਨ ਬਾਹੂ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿਚ ਸੂਫੀਆਂ ਦੀ ਆਮਦ ਭਾਰਤ ਵਿਚ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਾਂਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉਠੀ। ਇਸ ਲਹਿਰ ਦਾ ਆਰੰਭ ਮੱਧ ਕਾਲੀਨ ਸੱਤਵੀਂ ਸਦੀ ਵਿਚ ਦੱਖਣ ਭਾਰਤ ਵਿਚ ਹੋਇਆ। ਅੱਗੇ ਉਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚੱਲਿਤ ਝੂਠੇ ਕਰਮਕਾਂਡਾਂ ਵਹਿਮਾਂ-ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿਚ ਖੜ੍ਹੀ ਹੋਈ। ਭਗਤਾਂ, ਨਾਥਾਂ, ਜੋਗੀਆਂ ਅਤੇ ਸੂਫੀਆਂ ਦੀ ਤਰਜ਼ 'ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ, ਸੰਤ ਭਾਸ਼ਾ ਰਾਹੀਂ ਰਾਗਾਂ ਵਿਚ ਗਾ ਕੇ ਪ੍ਰਚਾਰ ਕੀਤਾ। ਦੂਰ-ਦੂਰ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਰਕਾਂ ਦੀ ਹਰਮਨ ਪਿਆਰਤਾ ਵਧਦੀ ਗਈ। ਸੂਫੀ ਘੱਟ ਗਿਣਤੀ ਵਿਚ ਸਨ ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ਵਿਚ ਨਹੀਂ ਬੱਝੇ ਸਨ। ਉਹਨਾਂ ਨੇ ਮਨੁੱਖਤਾ ਵਿਚ ਪਿਆਰ ਦੀ ਗੱਲ ਤੋਰੀ। ਸਾਂਝੇ ਸਭਿਆਚਾਰ ਨੂੰ ਅਪਣਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਉਹਨਾਂ ਦੀ ਜਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਹਨਾਂ ਦੀਆਂ ਖਾਨਗਾਹਾਂ ਵੱਲ ਖਿੱਚੇ ਗਏ। ਹੇਠਲੇ ਵਰਗਾਂ ਨਾਲ ਨੇੜਤਾ ਵਧਣ ਲੱਗੀ।

ਬਾਬਾ ਫਰੀਦ ਜੀ ਪਹਿਲੇ ਪੜ੍ਹਾਅ ਦੇ ਸੂਫੀ ਕਵੀ ਸਨ। ਬਾਹੂ ਗੁਰੂ ਨਾਨਕ ਕਾਲ ਦਾ ਸੂਫੀ ਕਵੀ ਮੰਨਿਆ ਜਾਂਦਾ ਹੈ। ਬਾਹੂ ਸਰਵਰੀ ਕਾਦਰੀ ਸੂਫੀ ਸੰਪਰਦਾ ਦਾ ਮੋਢੀ ਮੁਸਲਮਾਨ ਸੂਫੀ ਸੰਤ ਸੀ। ਪੰਜਾਬੀ ਸਾਹਿਤ ਵਿਚ ਕਾਦਰੀ ਸੰਪਰਦਾ ਦੇ ਸੂਫੀ ਕਵੀ ਸ਼ਾਹ ਹੁਸੈਨ ਤੋਂ ਬਾਅਦ ਦੂਸਰਾ ਮਹਾਨ ਕਵੀ ਹੈ। ਉਹ ਸਰਵਉਚ ਸੂਫੀਆਂ ਵਿਚ ਦਰਵੇਸ਼ ਗਿਣਿਆ ਜਾਂਦਾ ਹੈ। ਸੂਫੀ ਕਾਵਿ-ਧਾਰਾ ਅਧਿਆਤਮਕ ਸਾਹਿਤ ਦੀ ਮਹੱਤਵਪੂਰਨ ਧਾਰਾ ਹੈ। ਜਿਸ ਵਿਚ ਬਾਹੂ ਦਾ ਵੱਡਾ ਨਾਂ ਹੈ।

ਬਾਹੂ ਦਾ ਜਨਮ ਪਿੰਡ ਅਵਾਣ ਝੰਗ ਵਿਚ ਪਿਤਾ ਜ਼ਿਮੀਦਾਰ ਬਾਜ਼ੀਦ ਮੁਹੰਮਦ ਅਤੇ ਮਾਤਾ ਬੀਬੀ ਰਾਸਤੀ ਕਦਮ-ਸਰਾ ਦੇ ਘਰ 1628 ਵਿਚ ਹੋਇਆ। ਉਹਨਾਂ ਦੇ ਵਡੇਰੇ ਕਰਬਲਾਂ ਦੀ ਜੰਗ ਤੋਂ ਬਾਅਦ ਪਹਿਲਾਂ ਜੇਹਲਮ ਦਰਿਆ ਦੇ ਕੰਢੇ ਪਿੰਡ ਦਾਦਨਖਾ ਵਿਚ ਆਬਾਦ ਹੋਏ। ਉਸਦੇ ਪਿਤਾ ਨੂੰ ਮੁਗਲ ਸਮਰਾਟ ਸ਼ਾਹਜਹਾਂ ਵੱਲੋਂ ਝਨਾਂ ਦੇ ਕੰਢੇ ਕਹਰਗਾਨ ਵਿਚ ਜਾਗੀਰ ਮਿਲੀ ਸੀ। ਬਾਹੂ ਬਚਪਨ ਵਿਚ ਹੀ ਰੱਬੀ ਨੂਰ ਸੀ। ਮੁਢਲੀ ਸਿੱਖਿਆ ਉਸਨੇ ਆਪਣੀ ਅਧਿਆਤਮਕ ਮਾਤਾ ਕੋਲੋਂ ਪ੍ਰਾਪਤ ਕੀਤੀ।

ਉਚ ਸਿੱਖਿਆ ਲਈ ਜਦੋਂ ਉਹ ਨਿਕਲਿਆ ਤਾਂ ਮੁਲਤਾਨ ਜਾ ਕੇ ਹਜਰਤ ਬਹਾਊ ਅਲ ਹਕ ਮੁਲਤਾਨੀ ਦੇ ਮਜ਼ਾਰ ਤੇ ਚਿਲਿਆ ਕਮਾਇਆ। ਫਿਰ ਹਬੀਬ-ਉਲ-ਕਾਦਰੀ ਨੂੰ ਆਣਾ ਪੀਰ ਧਾਰਿਆ। ਆਖਿਰ ਉਹ ਦਿੱਲੀ ਜਾ ਕੇ ਸਯਦ ਅਬਦੁਲ ਰਹਿਮਾਨ ਦਾ ਮੁਰੀਦ ਬਣ ਗਿਆ ਅਤੇ ਉਚ ਕੋਟੀ ਦੀ ਅਧਿਆਤਮਕ ਵਿੱਦਿਆ ਪ੍ਰਾਪਤ ਕੀਤੀ। ਉਸਦੀਆਂ ਅਰਬੀ ਤੇ ਫਾਰਸੀ ਵਿਚ 140 ਰਚਨਾਵਾਂ ਹਨ ਜੋ ਸੂਫੀ ਸਿਧਾਂਤ 'ਤੇ ਹਨ। ਉਸਦੀਆਂ ਫਾਰਸੀ ਵਿਚ 50 ਗਜ਼ਲਾਂ 'ਦੀਵਾਨੇ ਬਾਹੂ' ਦਾ ਪੰਜਾਬੀ ਅਨੁਵਾਦ ਮੌਲਵੀ ਮੁਹੰਮਦ ਅਲਾਦੀਨ ਕਾਦਰੀ ਸਰਵਰ ਨੇ ਕੀਤਾ। ਪੰਜਾਬੀ ਵਿਚ ਉਸਦੀਆਂ ਕਾਫੀਆਂ ਤੇ ਸੀਹਰਫੀਆਂ ਬਹੁਤ ਪ੍ਰਸਿੱਧ ਹਨ। ਸੀਹਰਫੀ ਫਾਰਸੀ ਦਾ ਸ਼ਬਦ ਭਾਵ 'ਤੀਹ ਅੱਖਰੀ' ਬਾਹੂ ਸੀਹਰਫੀ ਕਾਵਿ ਦਾ ਮੋਢੀ ਸੂਫੀ ਕਵੀ ਹੈ। ਬਾਹੂ ਦੀ ਰਚਨਾ ਦੀ ਤੁਕ ਤੋਂ ਬਾਅਦ 'ਹੂ' ਸੰਗੀਤਕ ਲੈਅ ਭਰਦਾ ਹੈ ਅਤੇ ਉਸਨੂੰ ਬਾਕੀ ਕਵੀਆਂ ਤੋਂ ਵੱਖਰਾ ਕਰਦਾ ਹੈ।

ਬਾਹੂ ਦੀ ਕਾਵਿ ਰਚਨਾ ਦੀ ਸਾਦੀ ਭਾਸ਼ਾ ਵਿਚ ਸਾਦਗੀ ਅਤੇ ਮਿਠਾਸ ਦੇ ਵਿਚਾਰਾਂ ਦਾ ਸੁਮੇਲ ਹੈ। ਉਪਰੰਤ ਬੌਧਿਕ ਅੰਸ਼ ਹੈ। ਆਤਮ ਸ਼ੁੱਧੀ ਅਤੇ ਸ਼ੁਭ ਅਮਲਾਂ ਦੀ ਪ੍ਰੇਰਨਾ ਹੈ। ਉਸਦੇ ਕਲਾਮ ਨੂੰ ਕਵਾਲਾਂ ਨੇ ਗਾਇਆ ਵੀ ਹੈ। ਉਸਦੀ ਕਵਿਤਾ ਨੇ ਅਨੂਠੀ ਛਾਪ ਛੱਡੀ ਹੈ। ਆਪਣੀ ਰਚਨਾ ਵਿਚ ਇਸ਼ਕ ਹਕੀਕੀ ਪ੍ਰਭੂ ਪ੍ਰਾਪਤੀ ਲਈ ਉਹ ਵਿਖਾਵੇ ਅਤੇ ਕਰਮਕਾਂਡਾਂ ਦੀ ਵਿਅੰਗਮਈ ਨਿਖੇਧੀ ਕਰਦਾ ਹੈ। ਆਪਾ ਵਾਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਉਹ ਸਭ ਬੰਧਨਾਂ ਤੋਂ ਉਪਰ ਉਠ ਕੇ ਰੱਬ ਦੀ ਰਜ਼ਾ ਦਾ ਇੱਛੁਕ ਹੈ। ਉਸਦੀ ਰਚਨਾ ਵਿਚ ਰੱਬ ਬਾਰੇ ਜਾਨਣਾ ਅਤੇ ਮੁਹੱਬਤ ਰਾਹੀਂ ਉਸਦੀ ਪ੍ਰਾਪਤੀ ਕਰਨਾ ਹੈ।

'ਕਾਫ ਕਰ ਮੁਹਬਤ ਕੁਝ ਹਾਸਲ ਹੋਵੇ, ਉਮਰ ਏ ਚਾਰ ਦਿਹਾੜੇ ਹੂ'

ਰੱਬ ਦੀ ਪ੍ਰਾਪਤੀ ਦਾ ਢੰਗ ਦੱਸਦਾ ਹੈ-

ਯੇ ਯਾਰ ਯਗਾਨਾ ਮਿਲਸੀ, ਤੈਂ ਜੋ ਸਿਰ ਦੀ ਬਾਜੀ ਲਾਈ ਹੂ।
ਇਸ਼ਕ ਅਲਾ ਦੇ ਵਿਚ ਹੋ ਮਸਤਾਨਾ ਹੂ ਹੂ ਸਦਾ ਅਲਾਏ ਹੂ।
ਨਾਲ ਤਸਵਰ ਇਲਮ ਅਲਾ ਦੇ ਦਮ ਨੂੰ ਕੈਦ ਲਗਾਏਂ ਹੂ।
ਜਾਤੀ ਨਾਲ ਜੇ ਜਾਤੀ ਰਲਿਆ ਤਦ ਬਾਹੂ ਨਾਮ ਸਦਾਏਂ ਹੂ।

ਇਬਾਬਤ ਵਿਚ ਜੋ ਕਲਮਾ ਪੜ੍ਹਿਆ ਜਾਂਦਾ ਹੈ। ਕਲਮਾ ਇਸਲਾਮ ਦਾ ਮੂਲ ਮੰਤਰ ਹੈ। ਉਸ ਵਿਚ ਬਾਹੂ ਦਾ ਵਿਸ਼ਵਾਸ ਹੈ ਕਿ ਕਲਮਾ ਮਨੁੱਖ ਨੂੰ ਪਾਕਿ-ਪਵਿੱਤਰ ਕਰਨ ਵਾਲਾ ਹੈ ਅਤੇ ਅੰਤ ਬਹਿਸ਼ਤ ਪਹੁੰਚਾਉਣ ਵਾਲਾ ਹੈ ਤੇ ਰੱਬ ਨਾਲ ਮਿਲਾਪ ਕਰਾਣ ਵਾਲਾ ਹੈ।

ਕਾਫ ਕਲਮੇ ਨਾਲ ਮੈਂ ਨਾਤੀ ਧੋਤੀ ਕਲਮੇ ਨਾਲ ਵਿਆਹੀ ਹੂ।
ਕਲਮੇ ਮੇਰਾ ਪੜ੍ਹਿਆ ਜਨਾਜ਼ਾ ਕਲਮੇ ਗੌਰ ਸੋਹਾਈ ਹੂ।
ਕਲਮੇ ਨਾਲ ਬਹਿਸ਼ਤੀ ਜਾਣਾ ਕਲਮਾ ਕਰਿ ਸਫਾਈ ਹੂ।
ਮੁੜਨ ਮੁਹਾਲ ਤਿਨਾ ਨੂੰ ਬਾਹੂ ਜਿਨਾ ਸਾਹਿਬ ਆਪ ਬੁਲਾਈ ਹੂ।

ਅੱਲਾ ਦੇ ਮਿਲਾਪ ਲਈ ਜ਼ਰੂਰੀ ਹੈ ਕਿ ਮਨੁੱਖ ਅੰਦਰ ਚਾਨਣ ਹੋਵੇ। ਅਗਿਆਨਤਾ ਦਾ ਅੰਧੇਰਾ ਦੂਰ ਹੋਵੇ।

ਜਿਥੇ ਹੂ ਕਰੇ ਰੋਸ਼ਨਾਈ ਉਥੋਂ ਤੋੜ ਅਨੇਰਾ ਵੈਂਦਾ ਹੂ

ਗਿਆਨ ਮਨੁੱਖ ਦੇ ਅੰਦਰ ਹੀ ਹੈ।

ਅਲਫ ਅੰਦਰ ਹੂ ਤੇ ਬਾਹਰ ਹੂ ਵਤ ਬਾਹਰ ਕਿੱਥੋਂ ਲੱਭਦਾ ਹੂ।

ਜਿਵੇਂ ਅੱਲਾ ਦੇ ਪਿਆਰ ਦਾ ਬੂਟਾ ਵਧਦਾ ਹੈ, ਤਿਵੇਂ ਆਤਮਕ ਅਵਸਥਾ ਬਦਲਦੀ ਹੈ। ਅੰਦਰ ਭਿੰਨੀ ਭਿੰਨੀ ਖੁਸ਼ਬੂ ਦੇ ਸੰਚਾਰ ਨਾਲ ਮਹਿਕਦਾ ਅੰਬਰ ਬਣ ਜਾਂਦਾ ਹੈ ਕਿ

ਅੰਦਰ ਬੂਟੀ ਮੁਸ਼ਕ ਮਚਾਇਆ ਜਾ ਫੁਲਣ ਪਰ ਆਈ ਹੂ

ਜਿਸਦੇ ਅੰਦਰ ਇਲਾਹੀ ਮੁਹੱਬਤ ਜਾਗ ਪੈਂਦੀ ਹੈ, ਉਸਦੇ ਅੰਦਰ ਬਿਰਹਾ ਦਾ ਭਾਂਬੜ ਮਚਦਾ ਹੈ। ਰਾਤ ਦਿਨ ਨੀਂਦ ਨਹੀਂ ਆਉਂਦੀ। ਆਸ਼ਕ ਨਿਮਾਣਾ ਨਿਤਾਣਾ ਬਣ ਜਾਂਦਾ ਹੈ। ਅੱਲਾ ਨੂੰ ਮਿਲਣ ਦਾ ਚਾਉ ਹਮੇਸ਼ਾ ਮਘਦਾ ਹੈ।

ਐਨ ਇਸ਼ਕ ਮਾਹੀ ਦੇ ਲਾਈਆਂ ਅੱਗੀ, ਉਨ੍ਹਾਂ ਲੱਗੀਆਂ ਕੌਣ ਬੁਝਾਵੇ ਹੂ।
ਮੈਂ ਕੀ ਜਾਣਾ ਜਾਤ ਇਸ਼ਕ ਦੀ ਕੇਹੀ, ਜੇੜਾਂ ਦਰ ਦਰ ਜਾ ਝੁਕਾਵੇ ਹੂ।
ਨ ਖੁਦ ਸੋਵੇਂ ਨਾ ਸੋਵਣ ਦੇਵੇ, ਹੱਥੋਂ ਸੁਤਿਆ ਆਪ ਜਗਾਵੇ ਹੂ।
ਮੈਂ ਕੁਰਬਾਨ ਤਿਨਾਂ ਦੇ ਬਾਹੂ ਜਿਹੜਾ ਵਿਛੜੇ ਯਾਰ ਮਿਲਾਵੇ ਹੂ।

ਸੂਫੀ ਮਾਰਗ ਤੇ ਚਲਦਿਆਂ ਮਾਰਗ ਬੜਾ ਬਿਖੜਾ ਹੈ।

ਰਾਹ ਫਕਰ ਦਾ ਮੁਸ਼ਕਲ ਬਾਹੂ
ਮਾਂ ਨਾ ਸੀਰਾ ਰਿੱਧਾ ਹੂ

ਸੂਫੀ ਰਾਹ ਤੇ ਚੱਲਣ ਲਈ ਪਹਿਲਾਂ ਮੌਤ ਕਬੂਲ ਕਰਨੀ ਪੈਂਦੀ ਹੈ।

ਨਾਮ ਫਕੀਰ ਤਿਨਾ ਦਾ ਬਾਹੂ,
ਕਬਰ ਜਿਨਾਂ ਦੀ ਜੀਵੇ ਹੂ

ਮੁਰਸ਼ਦ ਮੁਰੀਦ ਨੂੰ ਅਲ੍ਹਾ ਦੇ ਭੇਤ ਤੋਂ ਜਾਣੂ ਕਰਵਾ ਦਿੰਦਾ ਹੈ।

ਮੈਂ ਕੁਰਬਾਨ ਮੁਰਸ਼ਦ ਤੋਂ ਬਾਹੂ
ਜਿਸ ਦਸਿਆ ਭੇਤ ਇਲਾਹੀ ਹੂ

ਸੂਫੀ ਲਈ ਸਿਦਕ ਜ਼ਰੂਰੀ ਹੈ ਕਿ ਸਿਦਕ ਦ੍ਰਿੜ੍ਹਤਾ ਸਵੈ-ਵਿਸ਼ਵਾਸ ਅਤੇ ਭਰੋਸੇ ਨਾਲ ਅੱਗੇ ਵਧਣ ਦੇ ਗੁਣ ਪੈਦਾ ਕਰਦਾ ਹੈ।

ਸੇ ਸਾਬਤ ਸਿਦਕ ਤੇ ਕਦਮ ਅਗਾਹਾਂ ਤਾਂ ਹੀ ਰੱਬ ਲਭਿਓ ਏ ਹੂ
ਲੂੰ ਲੂੰ ਦੇ ਵਿਚ ਜਿਕਰ ਅਲਾ ਦਾ ਹਰਦਮ ਪੜਿਉ ਏ ਹੂ

ਇਨਸਾਨ ਨੂੰ ਨਰਮ ਦਿਲ ਹੋ ਕੇ ਲੋਕਾਂ ਦਾ ਦੁੱਖ ਸਮਝਣਾ ਚਾਹੀਦਾ ਹੈ। ਪੱਥਰ ਦਿਲ ਨਹੀਂ ਹੋਣਾ ਚਾਹੀਦਾ।

ਪੱਥਰ ਚਿਤ ਜਿਨ੍ਹਾਂ ਦਾ ਬਾਹੂ ਉਤੇ ਜਾਇਆ ਵਸਦਾ ਮੀਂਹ ਹੂ

ਜੇ ਪਰਾਈ ਨਿੰਦਾ ਦਾ ਔਗੁਣ ਨੀਂ ਛੱਡਿਆ ਤਾਂ

ਰਾਤੀ ਜਾਗੇ ਤੇ ਕਰੇ ਇਬਾਦਤ ਦੇਹ ਨਿੰਦਿਆ ਕਰ ਪਰਾਈ ਹੂ।

ਇਨਸਾਨ ਨੂੰ ਅੰਦਰੋਂ ਪਾਕਿ ਪਵਿੱਤਰ ਹੋਣਾ ਚਾਹੀਦਾ ਹੈ। ਆਪਣੀ ਮੈਂ ਮਾਰਨੀ ਚਾਹੀਦੀ ਹੈ। ਬੰਦਾ ਕੋਝਾ ਹੋਵੇ, ਉਹ ਬੁਰਾ ਨਹੀਂ, ਪਰ ਜੇ ਅੰਦਰੋਂ ਦਿਲ ਕਾਲਾ ਹੋਵੇ ਤੇ ਮੂੰਹ ਰੌਸ਼ਨ ਹੋਵੇ ਇਹ ਚੰਗਿਆਈ ਨਹੀਂ।

ਦਿਲ ਕਾਲੇ ਕੰਨੋ ਮੂੰਹ ਕਾਲਾ ਚੰਗਾ ਜੇ ਕੋ ਇਸਨੂੰ ਜਾਣੇ ਹੂ
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ

ਕਰਮਾਂ ਅਨੁਸਾਰ ਦਰਗਾਹ ਵਿਚ ਨਿਬੇੜਾ ਹੁੰਦਾ ਹੈ। ਜੈਸਾ ਅਮਲ ਵੈਸਾ ਫਲ ਪ੍ਰਾਪਤ ਹੋਵੇਗਾ।

ਵਿਚ ਦਰਗਾਹ ਦੇ ਅਮਲਾਂ ਬਾਝੋਂ ਬਾਹੂ ਹੋਗ ਨਾ ਕੁਝ ਨਿਬੇੜਾ ਹੂ

ਜੋ ਅੱਲ੍ਹਾ ਦੀ ਮੁਹੱਬਤ ਮਨ ਵਿਚ ਵਸਾਉਂਦੇ ਹਨ, ਜਦੋਂ ਅਨੁਭਵ ਕਰਦੇ ਹਨ। ਅੱਲਾ ਦਾ ਨਾਮ ਅੰਦਰ ਆ ਕੇ ਨਹੀਂ ਵੱਸਦਾ। ਜਦ ਅੰਦਰ ਝਾਤੀ ਪਾਉਂਦੇ ਹਨ ਅੱਲ੍ਹਾ ਦਿਨ ਵਿਖਾਈ ਦਿੰਦਾ ਹੈ।

ਐਨ ਇਸ਼ਕ ਅਸਾਂ ਨੂੰ ਲਿਸਿਆਂ ਜਾਤਾ ਬੈਠਾ ਮਾਰ ਪੱਥਲਾ ਹੂ।
ਵਿਚ ਜਿਗਰ ਦੇ ਸਨ ਚਲਾ-ਯਸ ਕੀਤੋਸ ਕੰਮ ਅਵੱਲਾ ਹੂ
ਜਾ ਅੰਦਰ ਵੜਕੇ ਝਾਤੀ ਪਾਈ ਡਿੱਠਾ ਯਾਰ ਇਕੱਲਾ ਹੂ

ਜਦ ਕਿਸੇ ਨੂੰ ਇਸ਼ਕ ਹਕੀਕੀ ਹਾਸਲ ਕਰ ਲਿਆ। ਉਹ ਇਸਨੂੰ ਨਸ਼ਰ ਨਹੀਂ ਕਰਦੇ ਸਗੋਂ ਸੀਨੇ ਅੰਦਰ ਛੁਪਾ ਕੇ ਰੱਖਦੇ ਹਨ।

ਇਸ਼ਕ ਹਕੀਕੀ ਜਿਨ੍ਹਾਂ ਪਾਇਆ ਮੂੰਹੋਂ ਨਾ ਕੁਝ ਅਲਾਵਣ ਹੂ

ਜਿਨ੍ਹਾਂ ਦੇ ਦਿਲ ਅੱਲਾ ਦੀ ਮੁਹੱਬਤ ਤੋਂ ਖਾਲੀ ਹਨ, ਉਹਨਾਂ ਦਾ ਜੀਵਨ ਨਿਸਫਲ ਜਾਂਦਾ ਹੈ।

ਜੋ ਦਿਲ ਇਸ਼ਕ ਨਾ ਹੋਵੇ ਬਾਹੂ ਗਏ ਜਹਾਨੋਂ ਖਾਲੀ ਹੂ।

ਸੂਫੀ ਰੱਬੀ ਮਿਹਰ ਦੇ ਮੀਂਹ ਲਈ ਸਦਾ ਤੜਪਦਾ ਹੈ।

ਸੀਨ-ਸੋਜ਼ ਕਨੋ ਤਨ ਸੜਿਆ ਯਾਰ ਦੁੱਖ ਡੇਰੇ ਪਾਏ ਹੂ।
ਕੋਇਲ ਵਾਗ ਕੂਕੇਂਦੀ ਵਡਾ ਮੋਲਾ ਮੀਂਹ ਵਸਾਏ ਹੂ

ਹੰਕਾਰੀ ਰਹਿਬਰ ਨਾਲੋਂ ਹਲੀਮੀ ਨਾਲ ਰੱਬ ਦੇ ਰਾਹ ਤੇ ਚੱਲਣ ਵਾਲਾ ਸੂਫੀ ਚੰਗਾ ਹੈ।

ਪੜ੍ਹ ਪੜ੍ਹ ਇਲਮ ਮਸਾਇਖ ਸਦਾਵਣ ਕਰਨ ਇਬਾਦਤ ਦੂਣੀ ਹੂ।
ਅੰਦਰ ਝੁਗੀ ਪਈ ਲੁਟੀਵੇ ਤਨ ਮਨ ਖਬਰ ਨਾ ਹੋਣੀ ਹੂ।
ਮੌਲਾ ਵਾਲੇ ਸਦਾ ਸੁਖਾਲੇ ਦਿਲ ਨੂੰ ਲਾ ਨਗੂਣੀ ਹੂ।
ਰੱਬ ਤਿਨਾਂ ਨੂੰ ਹਾਸਲ ਬਾਹੂ ਜਿਨ੍ਹਾਂ ਚੱਕ ਨਾ ਕੀਤੀ ਚੂਨੀ ਹੂ।

ਔਰੰਗਜੇਬ ਸੁਲਤਾਨ ਬਾਹੂ ਦਾ ਬੜਾ ਸਤਿਕਾਰ ਕਰਦਾ ਸੀ। ਪਰ ਬਾਹੂ ਨੇ ਕਦੇ ਉਸਦੀ ਪਰਵਾਹ ਨਾ ਕੀਤੀ। ਬਾਹੂ ਆਪਣੇ ਸੂਫੀ ਰੰਗ ਵਿਚ ਰੰਗਿਆ ਵਿਚਰਦਾ ਰਿਹਾ। ਉਸ ਦੀ ਮੌਤ 1691 ਈ: ਵਿਚ 63 ਸਾਲ ਦੀ ਉਮਰ ਵਿਚ ਹੋਈ। ਉਸਨੂੰ ਪਿੰਡ ਕਹਿਰਗਾਨ ਦੇ ਕਿਲੇ ਵਿਚ ਦਫਨਾਇਆ ਗਿਆ। ਸੰਨ 1775 ਵਿਚ ਝਨਾਂ ਨੇ ਬਹੁਤ ਸਾਰੀਆਂ ਕਬਰਾਂ ਰੋੜ੍ਹ ਦਿੱਤੀਆਂ। ਬਾਹੂ ਦਾ ਮਜਾਰ ਵੀ ਰੁੜ ਗਿਆ। ਪਰ ਉਸਦੇ ਸੰਦੂਕ ਨੂੰ ਬਚਾਅ ਕੇ ਇਕ ਵੱਡੇ ਦਰੱਖਤ ਥੱਲੇ ਦਬਾਅ ਕੇ ਵੱਡਾ ਥੜਾ ਬਣਾ ਕੇ ਉਸਦੀ ਯਾਦਗਾਰ ਬਣਾਈ। ਲੋਕ ਉਸਦੀ ਮਜਾਰ 'ਤੇ ਸੁੱਖਣਾ ਸੁੱਖਦੇ ਹਨ।

## ਖ਼ਾਸ ਗੱਲਾਂ

ਕੁਝ ਗੱਲਾਂ ਤਾਂ ਖਾਸ ਹੁੰਦੀਆਂ ਨੇ,
ਜੋ ਦਿਲ ਦੇ ਆਸ ਪਾਸ ਹੁੰਦੀਆਂ ਨੇ ।

ਕਦ ਇਹ ਧਰਤੀ ਕਦ ਇਹ ਅੰਬਰ,
ਇਹ ਨਾ ਕਦੇ ਕਿਆਸ ਹੁੰਦੀਆਂ ਨੇ।

ਪੈ ਜਾਂਦੇ ਜਦ ਘੇਰ ਚੁਫੇਰਿਓ ,
ਫਿਰ ਇਹ ਬਹੁਤ ਉਦਾਸ ਹੁੰਦੀਆਂ ਨੇ ।

ਗਰਮੀ ਸਰਦੀ ਲਹਿੰਦੀਆਂ ਚੜ੍ਹਦੀਆਂ ,
ਰਿਸ਼ਤਾ ਉਝ ਨੌਂਹ ਮਾਸ ਹੁੰਦੀਆਂ ਨੇ ।

ਆਪਣੀ ਬੁਣਤੀ ਬੁਣਦੀਆਂ ਜਾਵਣ ,
ਕਦੇ ਫੇਲ੍ਹ ਕਦੇ ਪਾਸ ਹੁੰਦੀਆਂ ਨੇ ।

ਹਰ ਰੰਗ ਵਿੱਚ ਇਹ ਖੇਡ ਲੈਂਦੀਆਂ ,
ਇਹਨਾਂ ਕਦੇ ਨਿਰਾਸ ਹੁੰਦੀਆਂ ਨੇ ।

ਜੋ ਦਿਲ ਨੂੰ ਕਰ ਹੌਲਾ ਰੱਖਣ,
ਓਹ ਗੱਲਾਂ ਨਾ ਨਾਸ ਹੁੰਦੀਆਂ ਨੇ ।

ਜੋ ਅੱਖਰ ਬਣ ਮੜ੍ਹ ਜਾਣ ਦਿਲ ਤੇ ,
ਉਹ ਗੱਲਾਂ ਇਤਿਹਾਸ ਹੁੰਦੀਆਂ ਨੇ ।

'ਚੁੰਬਰਾ' ਰੂਹ ਨੂੰ ਦੇਣ ਸਕੂਨ ਜੋ ,
ਓਹੀਓ ਜਿੰਦ ਨੂੰ ਰਾਸ ਹੁੰਦੀਆਂ ਨੇ ।

- ਕੁਲਦੀਪ ਚੁੰਬਰ ਕਨੇਡਾ
604-902-3237



## ਭੇਡਾਂ ਦੀ ਉਨ ਲਾਹੁਣ ਵਾਲ਼ੇ ਅਯਾਲੀ ਦੀ ਕਵਿਤਾ!

**ਅਯਾਲੀ**

**ਲਾਲਾ ਧਨੀਂ ਰਾਮ ਚਾਤ੍ਰਿਕ ਜੀ**

'ਅਸ਼ਕੇ ਤਿਰੇ ਅਯਾਲੀ ਬਾਬਾ !
ਧੰਨ ਤੂੰ ਧੰਨ ਤੇਰਾ ਦਾਬਾ ।
ਭੇਡਾਂ ਤੇਰੀਆਂ ਚਰਨ ਹਜ਼ਾਰਾਂ,
ਬੁਢੀਆਂ, ਨਢੀਆਂ ਤੇ ਮੁਟਿਆਰਾਂ ।
ਕੋਈ ਚਿੱਟੀ ਤੇ ਕੋਈ ਕਾਲੀ,
ਕੋਈ ਘੋਨੀ ਕੋਈ ਵਾਲਾਂ ਵਾਲੀ ।
ਤਾੜ ਤੇਰੀ ਹੈ ਸਭ ਦੇ ਉੱਤੇ,
ਘੇਰੀ ਰਖਦੇ ਤੇਰੇ ਕੁੱਤੇ ।
ਆ ਗਈ ਕਿਧਰੋਂ ਰੱਬ ਸਬੱਬੀ,
ਕਾਬੂ ਤੇਰੇ ਰੰਗ ਦੀ ਡੱਬੀ ।
ਸਭ ਨੂੰ ਠੱਪੇ ਲਾਈ ਜਾਵੇਂ
ਅਪਣਾ ਰੰਗ ਚੜ੍ਹਾਈ ਜਾਵੇਂ ।
ਲਗ ਗਈ ਤੇਰੀ ਜਿਹਨੂੰ ਨਿਸ਼ਾਨੀ,
ਹੋ ਨਹੀਂ ਸਕਦੀ ਫੇਰ ਬਿਗਾਨੀ ।
ਇਧਰ ਉਧਰ ਜੇ ਹੋ ਭੀ ਜਾਵੇ,
ਬਿੱਲਾ ਤੇਰਾ ਤੁਰਤ ਫੜਾਵੇ ।
ਜਾਦੂ ਤੇਰੀ ਲੰਮੀ ਛੜ ਦਾ,
ਦੂਰੋਂ ਪਿਆ ਸੰਭਾਲਾਂ ਕਰਦਾ ।
ਸੁਣਨ ਜਦੋਂ ਸ਼ਿਸ਼ਕਾਰ ਤੇਰਾ,
ਜੋੜ ਜੋੜ ਸਿਰ ਘੱਤਣ ਘੇਰਾ ।
ਨਾ ਕੋਈ ਹਿੱਲੇ, ਨਾ ਕੋਈ ਬੋਲੇ,
ਨਾ ਕੋਈ ਨੱਸਣ ਦਾ ਰਾਹ ਟੋਲੇ ।
ਜੋ ਕੁਝ ਕਹੇਂ, ਕਮਾਈ ਜਾਵਣ,
ਜੋ ਕੁਝ ਦੇਵੇਂ, ਖਾਈ ਜਾਵਣ,
ਵਧਦਾ ਜਾਏ ਇੱਜੜ ਤੇਰਾ,
ਵਾੜਾ ਹੁੰਦਾ ਜਾਏ ਚੁੜੇਰਾ ।
ਸਮਾਂ ਵੇਖ ਤੂੰ ਕੈਂਚੀ ਵਾਹੇਂ,
ਫੜ ਫੜ ਉੱਨ ਸਭਸ ਦੀ ਲਾਹੇਂ ।
ਪਈਆਂ ਪਾਉਣ ਚੀਕ ਚਿਹਾੜਾ,
ਤੂੰ ਝਾੜੀ ਜਾ ਅਪਣਾ ਝਾੜਾ ।
ਏਹੋ ਹੀ ਰੁਜ਼ਗਾਰ ਹੈ ਤੇਰਾ,
ਉੱਨ ਦੀ ਖ਼ਾਤਰ ਪਿਆਰ ਹੈ ਤੇਰਾ !'

**ਪੇਸ਼ਕਸ਼-**
**ਤਰਲੋਚਨ ਸਿੰਘ ਦੁਪਾਲ ਪੁਰ**
001-408-915-1268



## ਮਿੰਨੀ ਕਹਾਣੀ- ਇੱਕ ਸਵਾਲ

ਸੱਥ ਵਿੱਚ ਬੈਠਾ ਮਲਕੀਤ ਸਿੰਘ ਮੋਬਾਈਲ ਤੇ ਫੇਸਬੁੱਕ ਵੇਖ ਰਿਹਾ ਸੀ ਤਾਂ ਕੋਲ ਬੈਠੇ ਸਾਥੀ ਬਲਜੀਤ ਸਿੰਘ ਨੂੰ ਉਸ ਨੇ ਸਵਾਲ ਕੀਤਾ...।

'ਬਲਜੀਤ ਸਿਆਂ, ਆਹ ਫੇਸਬੁੱਕ 'ਤੇ ਵਿਰੋਧੀ ਪਾਰਟੀਆਂ ਵਾਲੇ 'ਨਵੀਂ ਪਾਰਟੀ'ਦੇ ਵੋਟਰਾਂ ਨੂੰ ਭੇਡਾਂ ਦੱਸ ਰਹੇ ਨੇ, ਜਦੋਂ ਕਿ ਇਹੀ ਵੋਟਰ ਪਹਿਲਾਂ ਪੁਰਾਣੀਆਂ ਪਾਰਟੀਆਂ ਨੂੰ ਵੋਟਾਂ ਪਾਉਂਦੇ ਰਹੇ ਨੇ ਅਤੇ ਸਰਕਾਰਾਂ ਵੀ ਬਣਾਉਂਦੇ ਰਹੇ ਨੇ। ਉਨਾਂ ਪੁਰਾਣੀਆਂ ਪਾਰਟੀਆਂ ਦੇ ਲੀਡਰਾਂ ਨੇ ਖੁਸ਼ਹਾਲ ਪੰਜਾਬ ਨੂੰ ਲੁੱਟ ਲੁੱਟ ਕੇ ਕੰਗਾਲੀ ਦੇ ਕੰਢੇ ਤੇ ਲਿਆ ਕੇ ਖੜਾ ਕਰ ਦਿੱਤਾ। ਜੇ ਹੁਣ ਉਨਾਂ ਹੀ ਵੋਟਰਾਂ ਨੇ ਨਵੀਂ ਪਾਰਟੀ ਨੂੰ ਪਰਖਣ ਲਈ ਇੱਕ ਵਾਰ ਵੋਟਾਂ ਪਾ ਦਿੱਤੀਆਂ ਤਾਂ ਉਹੀ ਵੋਟਰ ਭੇਡਾਂ ਬਣ ਗਏ। ਜਦੋਂ ਉਹੀ ਵੋਟਰ ਪੁਰਾਣੀਆਂ ਪਾਰਟੀਆਂ ਨੂੰ ਵੋਟਾਂ ਪਾ ਕੇ ਵਾਰ ਵਾਰ ਜਿਤਾਉਂਦੇ ਸਨ, ਕੀ ਓਦੋਂ ਇਨਸਾਨ ਸਨ ?'

'ਤੇਰੇ ਇਸ ਸਵਾਲ ਦਾ ਜਵਾਬ ਤਾਂ ਭੇਡਾਂ ਕਹਿਣ ਵਾਲੇ ਹੀ ਦੇ ਸਕਦੇ ਹਨ ਮਲਕੀਤ ਸਿਆਂ।' ਬਲਜੀਤ ਸਿੰਘ ਨੇ ਹੁੰਗਾਰਾ ਭਰਿਆ।

**ਜਸਵੀਰ ਸਿੰਘ ਭਲੂਰੀਆ**
**ਸਰੀ (ਬੀ. ਸੀ.) ਕੈਨੇਡਾ**
+1-236-888-5456

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਖੇਡ ਦੁਨੀਆਂ

## ਮੁੰਡਿਆ 'ਚ ਜਰਖੜ ਹਾਕੀ ਅਕੈਡਮੀ ਅਤੇ ਕੁੜੀਆਂ 'ਚ ਡੀ ਏ ਵੀ ਸਕੂਲ ਲੁਧਿਆਣਾ ਨੇ ਪ੍ਰਾਇਮਰੀ ਸਕੂਲ ਖੇਡਾਂ ਦੀ ਹਾਕੀ ਵਿੱਚ ਜਿਲਾ ਚੈਂਪੀਅਨਸ਼ਿਪ ਜਿੱਤੀ




ਲੁਧਿਆਣਾ- ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਪਿੰਡ ਜਰਖੜ ਲੁਧਿਆਣਾ ਵਿਖੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈ ਗਈ ਲੁਧਿਆਣਾ ਦੀ ਜਿਲ੍ਹਾ ਪੱਧਰੀ ਹਾਕੀ ਚੈਂਪੀਅਨਸ਼ਿਪ ਜਿਸ ਵਿਚ ਜਿਲੇ ਭਰ ਵਿੱਚੋ ਮੁੰਡੇ ਅਤੇ ਕੁੜੀਆਂ ਦੀਆਂ 21 ਟੀਮਾਂ ਨੇ ਹਿੱਸਾ ਲਿਆ। ਇਹ ਟੂਰਨਾਮੈਂਟ ਲਈ ਲੀਗ ਕਮ ਨਾਕ ਆਉਟ ਦੇ ਆਧਾਰ ਤੇ ਖੇਡਿਆ ਗਿਆ ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜਰਖੜ ਖੇਡ ਸਟੇਡੀਅਮ ਵਿਖੇ ਮਿੰਨੀ ਐਸਟਰੋਟਰਫ ਖੇਡ ਮੈਦਾਨ ਤੇ ਹੋਏ 7 ਏ ਸਾਈਡ ਬੱਚਿਆਂ ਦੇ ਅੰਡਰ 11 ਸਾਲ ਹਾਕੀ ਮੈਚਾਂ ਵਿੱਚ ਇੱਕ ਹਾਕੀ ਹੁਨਰ ਦੀ ਸਰਚ ਵਜੋਂ ਕਰਵਾਏ ਗਏ ਟੂਰਨਾਮੈਂਟ ਵਿੱਚ ਨਿੱਕੇ ਨਿੱਕੇ ਬੱਚਿਆਂ ਦਾ ਹਾਕੀ ਹੁਨਰ ਪੂਰੀ ਤਰਾ ਚਮਕਿਆ। ਅੱਜ ਖੇਡੇ ਗਏ ਫਾਈਨਲ ਮੈਚਾਂ ਵਿੱਚ ਮੁੰਡਿਆਂ ਦੇ ਵਰਗ ਵਿੱਚ ਪ੍ਰਾਇਮਰੀ ਸਕੂਲ ਜਰਖੜ ਬਨਾਮ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਬਹੁਤ ਹੀ ਆਹਲਾ ਦਰਜੇ ਦੀ ਹਾਕੀ ਦਾ ਪ੍ਰਦਰਸ਼ਨ ਕਰਦਿਆਂ ਸਾਰੇ ਮੈਚਾਂ ਵਿੱਚ ਵੱਖ ਵੱਖ ਟੀਮਾਂ ਤੋਂ ਇੱਕ ਤਰਫਾ ਜਿੱਤਾ ਹਾਸਿਲ ਕੀਤੀਆਂ । ਫਾਈਨਲ ਮੁਕਾਬਲੇ ਵਿੱਚ ਜਰਖੜ ਅਕੈਡਮੀ ਨੇ ਕਿਲਾ ਰਾਏਪੁਰ ਸਕੂਲ ਨੂੰ 7-1 ਗੋਲਾਂ ਨਾਲ ਕਰਾਰੀ ਮਾਤ ਦਿੱਤੀ ।ਅਕੈਡਮੀ ਦਾ ਅੰਕੁਸ਼ ਕੁਮਾਰ ਧਿਆਨ ਚੰਦ ਵਾਂਗ ਪ੍ਰਾਇਮਰੀ ਸਕੂਲਾਂ ਦੀ ਹਾਕੀ ਦਾ ਜਾਦੂਗਰ ਬਣਿਆ। ਜਿਸ ਨੇ ਟੀਮ ਵੱਲੋਂ ਕੁੱਲ ਕੀਤੇ 30 ਗੋਲਾਂ ਵਿੱਚੋਂ ਇਕੱਲੇ ਨੇ 28 ਗੋਲ ਕੀਤੇ ਹਨ । ਫਾਈਨਲ ਮੁਕਾਬਲੇ ਵਿੱਚ ਅੰਕੁਸ਼ ਕੁਮਾਰ ਨੇ 6 ਗੋਲ ਕੀਤੇ। ਉਸ ਨੂੰ ਮੈਨ ਆਫ ਦਾ ਟੂਰਨਾਮੈਂਟ ਦੇ ਖਿਤਾਬ ਵਜੋਂ ਨਵਾਜਿਆ ਗਿਆ। ਇਸ ਤੋਂ ਪਹਿਲਾਂ ਕਾਨਵੈਂਟ ਸਕੂਲ ਸਾਹਨੇਵਾਲ ਨੇ ਨਨਕਾਣਾ ਸਾਹਿਬ ਪਬਲਿਕ ਸਕੂਲ ਨੂੰ 2-1 ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ। ਜਦਕਿ ਕੁੜੀਆਂ ਦੇ ਵਰਗ ਵਿੱਚ ਡੀਏਵੀ ਸਕੂਲ ਪੱਖਵਾਲ ਰੋਡ ਲੁਧਿਆਣਾ ਨੇ ਜਲਾਲਦੀਵਾਲ ਸਕੂਲ ਨੂੰ 4-1 ਨਾਲ ਹਰਾ ਕੇ ਜੇਤੂ ਟਰਾਫੀ ਜਿੱਤੀ । ਮੁੰਡੀਆਂ ਕਲਾਂ ਸਕੂਲ ਨੇ ਕੁੜੀਆਂ ਦੇ ਵਰਗ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਰਿਟਾਇਰਡ ਏਆਈਜੀ ਪੰਜਾਬ ਪੁਲਿਸ, ਪ੍ਰਾਈਮਰੀ ਸਕੂਲਾਂ ਦੇ ਜਿਲਾ ਸਿੱਖਿਆ ਅਫਸਰ ਬਲਦੇਵ ਸਿੰਘ ਅਤੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਕੀਤੀ। ਇਸ ਮੌਕੇ ਜਿਲਾ ਸਿੱਖਿਆ ਅਫਸਰ ਬਲਦੇਵ ਸਿੰਘ ਨੇ ਆਈਆਂ ਟੀਮਾਂ ਅਤੇ ਸਕੂਲਾਂ ਦੇ ਪ੍ਰਬੰਧਕਾਂ ਅਤੇ ਜਰਖੜ ਹਾਕੀ ਅਕੈਡਮੀ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕਰਦਿਆ ਆਖਿਆ ਕਿ ਰਾਜ ਪਧਰੀ ਪ੍ਰਾਇਮਰੀ ਸਕੂਲ ਖੇਡਾਂ ਵੀ 5, 6 ਅਤੇ 7 ਦਸੰਬਰ ਨੂੰ ਜਰਖੜ ਖੇਡ ਸਟੇਡੀਅਮ ਵਿਖੇ ਹੋਣਗੀਆ । ਜਿਸ ਵਿਚ ਪੰਜਾਬ ਭਰ ਵਿੱਚੋਂ ਮੁੰਡੇ ਅਤੇ ਕੁੜੀਆਂ ਦੀਆਂ 46 ਟੀਮਾਂ ਹਿੱਸਾ ਲੈਣਗੀਆਂ ਜਿਨਾਂ ਵਿੱਚ ਹਜ਼ਾਰ ਦੇ ਕਰੀਬ ਖਿਡਾਰੀ ਅਤੇ ਸਕੂਲਾਂ ਦੇ ਪ੍ਰਬੰਧਕ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਪ ਜਿਲਾ ਸਿੱਖਿਆ ਅਫਸਰ

ਸ਼੍ਰੀ ਮਨੋਜ ਕੁਮਾਰ,
ਬਲਾਕ ਸਿਖਿਆ ਅਫਸਰ ਡੇਹਲੋਂ 1
ਸ. ਗੁਰਪ੍ਰੀਤ ਸਿੰਘ ਸੰਧੂ,
ਸ. ਜਗਜੀਤ ਸਿੰਘ ਝਾਂਡੇ,
ਸੁਰਿੰਦਰ ਕੌਰ (ਹੈਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ ਜਰਖੜ ,
ਸ. ਧਰਮਿੰਦਰ ਸਿੰਘ ਜਰਖੜ ,
ਸ. ਅਕਾਸ਼ਦੀਪ ਸਿੰਘ ਜਰਖੜ ,
ਮੈਡਮ ਮਨਦੀਪ ਕੌਰ ਜਰਖੜ ,
ਸ. ਬਚਿੱਤਰ ਸਿੰਘ ਸਰੀਂਹ ,
ਸ. ਬਰਜਿੰਦਰ ਸਿੰਘ ਕੈਂਡ,
ਸ. ਦਲਵਿੰਦਰ ਸਿੰਘ (ਡੀ। ਪੀ) ਉਮੈਦਪੁਰ
ਸ. ਰਮਨਦੀਪ ਸਿੰਘ ਸ਼ੰਕਰ ,
ਸ. ਪੁਸ਼ਪਿੰਦਰ ਸਿੰਘ ਕਟਾਹਰੀ
ਹਿਮਾਂਸ਼ੂ ਗਿਆਸਪੁਰਾ

ਸ।ਮਨਪ੍ਰੀਤ ਸਿੰਘ ਗਰੇਵਾਲ ਕਿਲਾ ਰਾਏਪੁਰ, ਸ. ਰਵਿੰਦਰ ਸਿੰਘ (ਮੈਂਬਰ ਜਿਲਾ ਖੇਡ ਕਮੇਟੀ) , ਮਾਤਾ ਸਾਹਿਬ ਕੌਰ ਸਪੋਰਟਸ ਜਰਖੜ ਦੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰ ,ਪਹਿਲਵਾਨ ਹਰਮੇਲ ਸਿੰਘ ਕਾਲਾ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਕੋਚ ਗੁਰ ਸਤਿੰਦਰ ਸਿੰਘ ਪ੍ਰਗਟ, ਸ਼ਿੰਗਾਰਾ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## 36ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ 19 ,20 ਅਤੇ 21 ਜਨਵਰੀ 2024 ਨੂੰ ਹੋਣਗੀਆਂ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੀ ਜਰੂਰੀ ਮੀਟਿੰਗ ਅੱਜ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਜਰਖੜ ਖੇਡ ਸਟੇਡੀਅਮ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਗੱਲਬਾਤ ਕਰਦਿਆਂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ 36ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਇਸ ਵਾਰ 19 ,20 ਅਤੇ 21 ਜਨਵਰੀ 2024 ਨੂੰ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਹੋਣਗੀਆਂ ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਰਖੜ ਖੇਡਾਂ ਵਿੱਚ ਪ੍ਰਮੁੱਖ ਖੇਡਾਂ ਹਾਕੀ ਮੁੰਡੇ ਅਤੇ ਕੁੜੀਆਂ, ਹਾਕੀ ਸਬ ਜੂਨੀਅਰ, ਕਬੱਡੀ, ਕੁਸ਼ਤੀਆਂ, ਵਾਲੀਬਾਲ ਸ਼ੂਟਿੰਗ ਤੋਂ ਇਲਾਵਾ ਸਕੂਲੀ ਬੱਚਿਆਂ ਦੀਆਂ ਖੇਡਾਂ ਰੱਸਾਕਸੀ, ਅਥਲੈਟਿਕਸ, ਵਾਲੀਵਾਲ, ਵੇਟਲਿਫਟਿੰਗ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਵੱਖ ਵੱਖ ਖੇਡਾਂ ਕਰਵਾਉਣ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਤਾਂ ਜੋ ਵੱਖ ਵੱਖ ਸਕੂਲਾਂ ਨਾਲ ਸੰਪਰਕ ਕਰਨਗੀਆਂ ਤਾਂ ਜੋਂ ਸਕੂਲੀ ਬੱਚਿਆਂ ਦੀ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸੇਦਾਰੀ ਪਾਈ ਜਾਵੇ। ਇਸ ਤੋਂ ਇਲਾਵਾ ਖੇਡਾਂ ਦੇ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਤੇ ਹੋਣ ਵਾਲੇ ਸੱਭਿਆਚਾਰ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਫਾਈਨਲ ਸਮਾਰੋਹ ਤੇ ਕਿਸੇ ਨਾਮੀ ਗਾਇਕ ਦਾ ਅਖਾੜਾ ਲਗਾਇਆ ਜਾਵੇਗਾ।

ਇਸ ਤੋਂ ਇਲਾਵਾ ਖੇਡਾਂ ਦੀ ਸਪੌਂਸਰਸ਼ਿਪ ਬਾਰੇ ਕਾਰਪੋਰੇਟ ਹਾਊਸ ਕੋਕਾ ਕੋਲਾ, ਏਵਨ ਸਾਈਕਲ, ਓ ਐਨ ਜੀ ਸੀ ਗੈਸ ਕੰਪਨੀ ਆਦਿ ਹੋਰ ਵੱਡੀਆਂ ਕੰਪਨੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਟਰੱਸਟ ਦੇ ਪ੍ਰਮੁੱਖ ਅਹੁਦੇਦਾਰਾਂ ਇੰਸਪੈਕਟਰ ਬਲਵੀਰ ਸਿੰਘ ਹੀਰ, ਪ੍ਰੋਫੈਸਰ ਰਜਿੰਦਰ ਸਿੰਘ ਖ਼ਾਲਸਾ ਕਾਲਜ,ਸਾਬਕਾ ਸਰਪੰਚ ਦਪਿੰਦਰ ਸਿੰਘ ਡਿੰਪੀ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪਹਿਲਵਾਨ ਹਰਮੇਲ ਸਿੰਘ ਕਾਲਾ, ਸ਼ਿੰਗਾਰਾ ਸਿੰਘ ਜਰਖੜ,ਗਾਇਕ ਸੁਮਿਤ ਸਿੰਘ ਐਡਵੋਕਟ, ਦਲਵਿੰਦਰ ਸਿੰਘ, ਕੋਚ ਮਨਪ੍ਰੀਤ ਸਿੰਘ, ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਮੁੱਕੇਬਾਜ ਕੋਚ, ਸਾਹਿਬਜੀਤ ਸਿੰਘ ਜਰਖੜ, ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### 'ਪੰਮਾ ਮੱਲ੍ਹੀ ਦੇ ਨਵੇਂ ਗਾਣੇ'

ਸੁਰੀਲੇ ਕਲਾਕਾਰ ਪੰਮਾ ਮੱਲ੍ਹੀ ਨੇ 'ਮੌਰਨੀ' ਗਾਣੇ ਤੋਂ ਜਿਹੜਾ ਸਫ਼ਰ ਸ਼ੁਰੂ ਕੀਤਾ ਸੀ ਉਹ ਤੇਜੀ ਨਾਲ ਜਾਰੀ ਹੈ। ਉਸ ਦੀ ਆਵਾਜ਼ 'ਚ ਆਏ ਨਵੇਂ ਦੋਗਾਣੇ 'ਸਾਰਾ ਪਿੰਡ' ਨੂੰ ਤਾਬੜਤੋੜ ਸਫ਼ਲਤਾ ਮਿਲੀ ਹੈ ਤੇ 'ਸਲੂਟ' ਦੋਗਾਣੇ ਨੂੰ ਵੀ ਬੇਸ਼ੁਮਾਰ ਕਾਮਯਾਬੀ ਮਿਲੀ ਹੈ। ਹੁਣ ਪੰਮਾ ਮੱਲ੍ਹੀ ਦੋਗਾਣਾ 'ਬਲੱਡ ਪ੍ਰੈਸ਼ਰ' ਲੈ ਕੇ ਆ ਰਿਹਾ ਹੈ। ਖਾਸ ਗੱਲ ਇਹ ਹੈ ਕਿ ਉਸ ਦੀ ਗਾਇਕੀ ਤੋਂ ਪ੍ਰਭਾਵਿਤ 'ਕੈਪਟਨ ਸਰਕਾਰ' ਹੋਈ ਸੀ ਤੇ 'ਆਰ.ਜੇ.ਬੀਟਸ' ਹੀ ਉਸ ਦੇ ਨਵੇਂ ਦੋਗਾਣੇ ਪੇਸ਼ ਕਰਨ 'ਚ ਰੁਚੀ ਦਿਖਾ ਰਹੀ ਹੈ।



### ਰਿਕਾਰਡ ਬੋਲਦੇ – ਪਲਵਿੰਦਰ ਧਾਮੀ

ਹੀਰਾ ਗਰੁੱਪ ਹੋਏ ਜਾਂ ਅਲਾਪ ਗਰੁੱਪ ਯੂ. ਕੇ. ਸਟੇਜ ਦੀ ਅਦਾਇਗੀ ਤੇ ਗਾਇਕੀ 'ਚ ਪਲਵਿੰਦਰ ਧਾਮੀ ਦਾ ਸਾਰੇ ਲੋਹਾ ਮੰਨਦੇ ਹਨ।

ਪਲਵਿੰਦਰ ਧਾਮੀ ਜਿਸਨੇ 'ਅਣਖ ਜੱਟਾਂ ਦੀ','ਜੋਰਾ ਜੱਟ' ਤੇ ਹੁਣ 'ਹਵੇਲੀ' ਫ਼ਿਲਮ ਕੀਤੇ ਦੀ ਕਾਮਯਾਬੀ ਦਾ ਆਲਮ ਹੈ ਕਿ ਜੀ.ਟੀ.ਵੀ.ਯੂ.ਕੇ. ਦੇ ਖਾਸ ਈਵੈਂਟ 'ਚ ਧਾਮੀ ਨੂੰ ਲਿਆ ਗਿਆ। ਧਾਮੀ ਹੁਣ ਪੰਜਾਬ ਨਵੇਂ ਸਾਲ ਆ ਕਿ ਆਪਣੀ ਕਲਾਕਾਰੀ ਦਾ ਨਵਾਂ ਸਫ਼ਰ ਸ਼ੁਰੂ ਕਰਨ ਜਾ ਰਹੇ ਹਨ। ਪੁੱਤਰ. ਐਚ. ਧਾਮੀ ਵੀ ਗਾ ਰਿਹਾ ਹੈ।



### ਬਿਆਸ ਤੋਂ ਹਾਲੀਵੁੱਡ- ਇੰਦਰਜੀਤ ਕੁਮਾਰ

ਕਸਬਾ ਬਿਆਸ ਤੇ ਐਮ.ਐੱਲ.ਏ. ਪਵਨ ਭਾਰਦਵਾਜ ਦਾ ਬੇਟਾ ਵਿਧਾਇਕ- ਮੰਤਰੀ ਬਣਿਆ ਹੋਏਗਾ। ਜੀ ਨਹੀਂ ਸ਼ੌਂਕ, ਸ਼ੌਂਕ ਹਨ ਤੇ ਉਹਨਾਂ ਦਾ ਬੇਟਾ ਇੰਦਰਜੀਤ ਕੁਮਾਰ ਬਣਿਆ ਏ ਹਾਲੀਵੁਡ ਸਟਾਰ। 100 ਤੋਂ ਜਿਆਦਾ ਹਾਲੀਵੱਡ ਫ਼ਿਲਮਾਂ ਕਰ ਚੁੱਕੇ ਇੰਦਰਜੀਤ ਦੇ ਸਟੇਟ ਵੀ ਜਿਕਰਯੋਗ ਹਨ।







ਇੰਦਰਜੀਤ ਦੀ ਤਮੰਨਾ ਹੁਣ ਪੰਜਾਬੀ ਫ਼ਿਲਮ ਕਰਨ ਦੀ ਹੈ ਤੇ ਇੱਕ ਹਿੰਦੀ ਫ਼ਿਲਮ ਉਹ ਬਾਲੀਵੁੱਡ ਤੇ ਹਾਲੀਵੁੱਡ ਦੇ ਸਹਿਯੋਗ ਨਾਲ ਕਰਨਾ ਚਾਹੁੰਦਾ ਹੈ।

### ਆਰ.ਜੇ.ਬੀਟਸ ਤੇ ਰਜਾ ਹੀਰ

ਗਾਇਕੀ ਦੀ ਹੀਰ ਬਣ ਚੁੱਕੀ ਰਜਾ ਹੀਰ ਪੰਜਾਬੀ ਫ਼ਿਲਮਾਂ ਲਈ ਆਵਾਜ ਦੇ ਰਹੀ ਹੈ। 'ਬੱਲੇ ਓਏ ਚਲਾਕ ਸੱਜਣਾ', 'ਸੱਸ ਕੁੱਟਣੀ' ਲਈ ਰਜਾ ਨੇ ਗਾਇਆ ਹੈ ਤੇ ਹੁਣ ਤੇਜੀ ਨਾਲ ਸੰਗੀਤ ਖੇਤਰ 'ਚ ਸਥਾਪਿਤ ਹੋ ਰਹੀ ਆਰ.ਜੇ.ਬੀਟਸ ਨੇ ਰਜਾ ਹੀਰ ਦੀ ਆਵਾਜ 'ਚ 'ਜਾਪ' ਰਿਲੀਜ ਕੀਤਾ ਹੈ। ਰਾਮ ਭੋਗਪੁਰੀਆ ਕਹਿ ਰਹੇ ਹਨ ਕਿ ਰਜਾ ਹੀਰ ਉਹਨਾਂ ਲਈ ਹੋਰ ਗੀਤ ਵੀ ਗਾਏਗੀ।

### ਸਟਾਰ ਬਣ ਗਿਆ – ਅਸ਼ੋਕ ਪੁਰੀ

ਹਰਭਜਨ ਮਾਨ ਨਾਲ 'ਹੀਰ ਰਾਂਝਾ' ਪਾਕਿਸਤਾਨੀ ਹੀਰੋਇਨ ਸਨਾ ਨਾਲ ਵੀ 'ਦਿਲਪ੍ਰਦੇਸੀ ਹੋ ਗਿਆ' ਤੇ ਅਰਜਨ ਕਪੂਰ, ਅਕੇਸ਼ ਕੁਮਾਰ ਨਾਲ ਫ਼ਿਲਮਾਂ 'ਚ ਵੱਖ-ਵੱਖ ਕਿਰਦਾਰ ਨਿਭਾ ਚੁੱਕੇ ਅਸ਼ੋਕਪੁਰੀ ਦੀ ਲੋਕਪ੍ਰਿਅਤਾ ਦਾ ਇਹ ਸਬੂਤ ਹੈ ਕਿ ਸਟਾਰ ਗਾਇਕਾ ਤੇ ਨਾਇਕਾ ਸਤਵਿੰਦਰ ਬਿੱਟੀ ਨੇ 'ਨਾਨਕ' ਗੀਤ 'ਚ ਅਸ਼ੋਕ ਪੁਰੀ ਨੂੰ ਲਿਆ ਤੇ ਖਾਸ ਗੱਲ ਕਿ ਬਿੱਟੀ ਦੇ ਇਸ ਗੀਤ ਦੇ ਪ੍ਰਚਾਰ ਤੇ ਅਸ਼ੋਕ ਪੁਰੀ ਦਾ ਨਾਂਅ ਪ੍ਰਮੁੱਖ ਹੈ। ਇਸ ਦਾ ਸਿੱਧਾ ਅਰਥ ਇਹ ਕਿ ਇਸ ਸਮੇਂ ਉਹ ਪਾਲੀਵੁੱਡ ਸਟਾਰ ਹੈ।



### ਨਹੀਂ ਰਹੇ ਰੰਗੀਲਾ ਸਾਬ

'ਗੁੱਡੋ'', 'ਅਮਰੀਕਾ'ਫ਼ਿਲਮਾਂ ਦੇ ਨਿਰਮਾਤਾ ਰਾਜਵੰਤ ਸਿੰਘ ਰੰਗੀਲਾ ਸਵਰਗਵਾਸ ਹੋ ਗਏ ਹਨ। ਉਹਨਾਂ ਦੇ ਬੇਟੇ ਜਸਪ੍ਰੀਤ ਅਨੁਸਾਰ ਨਵੀਂ ਫ਼ਿਲਮ 'ਵੰਸ਼' ਦੀ ਤਿਆਰੀ ਲਈ ਰੰਗੀਲਾ ਪੰਜਾਬ ਬਣੇ ਸਨ ਪਰ ਅਚਾਨਕ ਬਿਮਾਰ ਹੋਣ ਕਾਰਣ ਦੁਨੀਆਂ ਤੋਂ ਵਿਦਾ ਲਈ। ਰੰਗੀਲਾ ਨੇ ਦੀਪਿਕਾ ਸਿੰਘ ਤੇ ਰਵਿੰਦਰ ਸਿੰਘ ਮਾਨ ਨੂੰ ਗਾਇਕਾ ਬਣਾਇਆ। ਜਲਦੀ ਪੰਜਾਬ 'ਚ ਰੰਗੀਲਾ ਸ਼ੋਅ ਗੋਏਗਾ।